@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿੱਲੀ, हिमाचल, हरियाणा, पंजाब, उत्तर प्रदेश, उत्तराखण्ड से प्रसारित।
Friday, 17 October 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ੁੱਕਰਵਾਰ 17 ਅਕਤੂਬਰ 2025, 3 ਕੱਤਕ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 338, qpatrika@gmail.com ਫੋਨ : 9971359517 www.qaumipatrika.org




# ਦਿੱਲੀ ਹੁਣ ਭਾਰਤ ਦੀ 'ਰਚਨਾਤਮਕ ਰਾਜਧਾਨੀ' ਬਣਨ ਦੇ ਰਾਹ 'ਤੇ ਹੈ: ਮੁੱਖ ਮੰਤਰੀ ਰੇਖਾ ਗੁਪਤਾ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 16 ਅਕਤੂਬਰ । ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਨੇ ਕਿਹਾ ਕਿ ਦਿੱਲੀ ਹੁਣ ਨਾ ਸਿਰਫ਼ ਦੇਸ਼ ਦੀ ਰਾਜਧਾਨੀ, ਸਗੋਂ ਭਾਰਤ ਦੀ ਸਿਰਜਣਾਤਮਕ ਰਾਜਧਾਨੀ ਬਣਨ ਵੱਲ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਅਗਲੇ 80 ਦਿਨਾਂ ਵਿੱਚ ਰਾਜਧਾਨੀ ਵਿੱਚ 30 ਤੋਂ ਵੱਧ ਵੱਡੇ ਅਤੇ ਯਾਦਗਾਰੀ ਭਾਰਤੀ ਅਤੇ ਅੰਤਰਰਾਸ਼ਟਰੀ ਸੱਭਿਆਚਾਰਕ ਸਮਾਗਮ ਆਯੋਜਿਤ ਕੀਤੇ ਜਾਣਗੇ, ਜੋ ਪਹਿਲਾਂ ਕਦੇ ਨਹੀਂ ਹੋਏ ਸਨ। ਉਨ੍ਹਾਂ ਕਿਹਾ ਕਿ ਦਿੱਲੀ ਨੂੰ ਈਵੈਂਟ-ਅਨੁਕੂਲ ਸ਼ਹਿਰ ਬਣਾਉਣ ਲਈ, ਪ੍ਰਮੁੱਖ ਸਟੇਡੀਅਮਾਂ ਅਤੇ ਆਡੀਟੋਰੀਅਮਾਂ ਦੇ ਕਿਰਾਏ ਵਿੱਚ ਕਾਫ਼ੀ ਕਮੀ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਅੰਤਰਰਾਸ਼ਟਰੀ ਮਾਪਦੰਡਾਂ 'ਤੇ ਅਪਗ੍ਰੇਡ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਅਜਿਹੇ ਸਮਾਗਮਾਂ ਦੀ ਸਹੂਲਤ ਲਈ, ਸਮਾਗਮ ਦੀ ਇਜਾਜ਼ਤ, ਲੌਜਿਸਟਿਕਸ ਅਤੇ ਸੁਰੱਖਿਆ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਇੱਕ ਸਿੰਗਲ-ਵਿੰਡੋ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ, ਜਿਸ ਨਾਲ ਦਿੱਲੀ ਦੇ ਲਾਈਵ ਮਨੋਰੰਜਨ ਉਦਯੋਗ ਨੂੰ ਮਹੱਤਵਪੂਰਨ ਹੁਲਾਰਾ ਮਿਲੇਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਦਿੱਲੀ ਸਰਕਾਰ ਵਿਰਾਸਤ ਅਤੇ ਵਿਕਾਸ ਦੇ ਮੰਤਰ ਨਾਲ ਸੱਭਿਆਚਾਰਕ ਵਿਭਿੰਨਤਾ ਅਤੇ ਰਾਸ਼ਟਰੀ ਏਕਤਾ ਨੂੰ ਉਤਸ਼ਾਹਿਤ ਕਰਨ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਇਹ ਐਲਾਨ ਦਿੱਲੀ ਸਕੱਤਰੇਤ ਵਿਖੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ ਕੀਤਾ। ਸੈਰ-ਸਪਾਟਾ, ਕਲਾ ਅਤੇ ਸੱਭਿਆਚਾਰ ਮੰਤਰੀ ਕਪਿਲ ਮਿਸ਼ਰਾ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਮੁੱਖ ਮੰਤਰੀ ਨੇ ਕਿਹਾ ਕਿ ਰਾਸ਼ਟਰੀ ਰਾਜਧਾਨੀ ਅਗਲੇ 80 ਦਿਨਾਂ ਵਿੱਚ ਇੱਕ ਸੱਭਿਆਚਾਰਕ ਅਤੇ ਸੰਗੀਤਕ ਲਹਿਰ ਦਾ ਅਨੁਭਵ ਕਰੇਗੀ, ਜਿਸ ਵਿੱਚ ਭਾਰਤ ਅਤੇ ਵਿਦੇਸ਼ਾਂ ਦੇ ਪ੍ਰਮੁੱਖ ਕਲਾਕਾਰ ਰਾਜਧਾਨੀ ਵਿੱਚ ਪ੍ਰਦਰਸ਼ਨ ਕਰਨਗੇ। ਇਨ੍ਹਾਂ ਵਿੱਚ ਟ?ਰੈਵਿਸ ਸਕਾਟ, ਕ੍ਰਿਸ਼ਨਾ ਦਾਸ, ਜ਼ਾਕਿਰ ਖਾਨ, ਪਾਪੋਨ, ਏਪੀ ਢਿੱਲੋਂ, ਅਰਮਾਨ ਮਲਿਕ, ਜੋਨੀਤਾ ਗਾਂਧੀ ਅਤੇ ਰਾਧਿਕਾ ਦਾਸ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਇਹ ਪਹਿਲ ਦਿੱਲੀ ਸਰਕਾਰ, ਈਵੈਂਟ ਐਂਡ ਐਂਟਰਟੇਨਮੈਂਟ ਮੈਨੇਜਮੈਂਟ ਐਸੋਸੀਏਸ਼ਨ (ਫੇਮਾ), ਅਤੇ ਪੀਐਚਡੀ ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ (ਪੀਐਚਡੀਸੀਸੀਆਈ) ਦੇ ਸਹਿਯੋਗ ਨਾਲ ਕੀਤੀ ਜਾ ਰਹੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਨ੍ਹਾਂ ਸਮਾਗਮਾਂ ਦੀ ਗੁਣਵੱਤਾ ਬਣਾਈ ਰੱਖੀ ਜਾਵੇ, ਕੋਈ ਪ੍ਰਸ਼ਾਸਕੀ ਜਾਂ ਹੋਰ ਮੁਸ਼ਕਲਾਂ ਨਾ ਹੋਣ, ਅਤੇ ਦਰਸ਼ਕ ਆਪਣਾ ਪੂਰਾ ਆਨੰਦ ਲੈ ਸਕਣ।



ਮੁੱਖ ਮੰਤਰੀ ਨੇ ਜ਼ੋਰ ਦੇ ਕੇ ਕਿਹਾ ਕਿ ਕੰਸਰਟ ਅਰਥਵਿਵਸਥਾ ਰਾਜ ਲਈ ਇੱਕ ਮਹੱਤਵਪੂਰਨ ਆਰਥਿਕ ਖੇਤਰ ਹੈ, ਜਿਸ 'ਤੇ ਗੰਭੀਰ ਧਿਆਨ ਦੇਣ ਦੀ ਲੋੜ ਹੈ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਮਨਸੁਖ ਮਾਂਡਵੀਆ ਦਾ ਧੰਨਵਾਦ ਕੀਤਾ, ਜਿਨ੍ਹਾਂ ਦੇ ਨਿਰੰਤਰ ਸਮਰਥਨ ਨੇ ਦਿੱਲੀ ਸਰਕਾਰ ਨੂੰ ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਣ ਦੇ ਯੋਗ ਬਣਾਇਆ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਇੱਕ ਸਮਾਂ ਸੀ ਜਦੋਂ ਆਯੋਜਕ ਲੋੜੀਂਦੀਆਂ ਸਹੂਲਤਾਂ ਅਤੇ ਸੰਸਥਾਗਤ ਸਹਾਇਤਾ ਦੀ ਘਾਟ ਕਾਰਨ ਦਿੱਲੀ ਵਿੱਚ ਵੱਡੇ ਸੰਗੀਤ ਸਮਾਰੋਹ ਅਤੇ ਸਮਾਗਮਾਂ ਦੀ ਮੇਜ਼ਬਾਨੀ ਕਰਨ ਤੋਂ ਝਿਜਕਦੇ ਸਨ। ਇਸ ਚੁਣੌਤੀ ਨੂੰ ਪਛਾਣਦੇ ਹੋਏ, ਸਰਕਾਰ ਨੇ ਕੇਂਦਰ ਅਤੇ ਦਿੱਲੀ ਸਰਕਾਰਾਂ ਦੇ ਅਧੀਨ ਸਾਰੇ ਪ੍ਰਮੁੱਖ ਸਟੇਡੀਅਮਾਂ, ਜਿਵੇਂ ਕਿ ਜਵਾਹਰ ਲਾਲ ਨਹਿਰੂ ਸਟੇਡੀਅਮ, ਇੰਦਰਾ ਗਾਂਧੀ ਸਟੇਡੀਅਮ, ਨੈਸ਼ਨਲ ਸਟੇਡੀਅਮ, ਤਿਆਗਰਾਜ ਸਟੇਡੀਅਮ ਅਤੇ ਛਤਰਸਾਲ ਸਟੇਡੀਅਮ, ਦੀਆਂ ਟੈਰਿਫ ਦਰਾਂ ਨੂੰ ਘਟਾਉਣ ਅਤੇ ਉਨ੍ਹਾਂ ਦੀਆਂ ਸਹੂਲਤਾਂ ਨੂੰ ਅੰਤਰਰਾਸ਼ਟਰੀ ਮਿਆਰਾਂ ਅਨੁਸਾਰ ਅਪਗ੍ਰੇਡ ਕਰਨ ਦਾ ਮਹੱਤਵਪੂਰਨ ਫੈਸਲਾ ਲਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਬੰਧਕਾਂ ਨੂੰ ਵਧੇਰੇ ਸਹੂਲਤ ਪ੍ਰਦਾਨ ਕਰਨ ਲਈ ਸਮਾਗਮਾਂ ਦੀ ਇਜਾਜ਼ਤ, ਸੁਰੱਖਿਆ ਅਤੇ ਲੌਜਿਸਟਿਕਸ ਦੀ ਪ੍ਰਕਿਰਿਆ ਨੂੰ ਸਰਲ ਬਣਾਉਣ ਲਈ ਇੱਕ ਸਿੰਗਲ ਵਿੰਡੋ ਸਿਸਟਮ ਲਾਗੂ ਕੀਤਾ ਜਾ ਰਿਹਾ ਹੈ। ਇਸ ਪ੍ਰਣਾਲੀ ਨੂੰ ਪਹਿਲਾਂ ਕਾਂਵੜ ਯਾਤਰਾ, ਰਾਮਲੀਲਾ ਕਮੇਟੀਆਂ, ਦੁਰਗਾ ਪੂਜਾ ਅਤੇ ਛੱਠ ਵਰਗੇ ਸਮਾਗਮਾਂ ਲਈ ਸਫਲਤਾਪੂਰਵਕ ਵਰਤਿਆ ਗਿਆ ਹੈ। ਇਸ ਮਾਡਲ ਨੂੰ ਹੁਣ ਦਿੱਲੀ ਦੇ ਕਾਰੋਬਾਰ ਕਰਨ ਵਿੱਚ ਆਸਾਨੀ ਨੂੰ ਅੱਗੇ ਵਧਾਉਣ ਲਈ ਸਮਾਗਮ ਪ੍ਰਬੰਧਨ ਖੇਤਰ ਵਿੱਚ ਲਾਗੂ ਕੀਤਾ ਜਾ ਰਿਹਾ ਹੈ। Contd.................page-3

## ਸੂਬੇ ਦੇ ਸਾਰੇ ਮੰਤਰੀਆਂ ਨੇ ਦਿੱਤਾ ਅਸਤੀਫਾ

ਨੈਸ਼ਨਲ ਡੈਸਕ 16 ਅਕਤੂਬਰ। ਗੁਜਰਾਤ ਦੀ ਰਾਜਨੀਤੀ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਗੁਜਰਾਤ 'ਚ ਅਚਾਨਕ ਇੱਕ ਵੱਡਾ ਸਿਆਸੀ ਘਟਨਾਕ੍ਰਮ ਵਾਪਰਿਆ ਹੈ। ਮੁੱਖ ਮੰਤਰੀ ਭੂਪੇਂਦਰ ਪਟੇਲ ਨੂੰ ਛੱਡ ਕੇ ਸੂਬਾ ਸਰਕਾਰ ਦੇ ਸਾਰੇ ਮੰਤਰੀਆਂ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਹੈ। ਮੁੱਖ ਮੰਤਰੀ ਭੂਪੇਂਦਰ ਪਟੇਲ ਦੀ ਅਗਵਾਈ 'ਚ ਹੋਈ ਮੀਟਿੰਗ 'ਚ ਰਾਜ ਮੰਤਰੀ ਮੰਡਲ ਦੇ ਸਾਰੇ ਮੈਂਬਰਾਂ ਦੇ ਅਸਤੀਫ਼ੇ ਲਏ ਗਏ ਹਨ। ਸੂਤਰਾਂ ਅਨੁਸਾਰ ਇਹ ਵੱਡਾ ਫੈਸਲਾ ਕੇਂਦਰੀ ਲੀਡਰਸ਼ਿਪ ਦੇ ਨਿਰਦੇਸ਼ਾਂ 'ਤੇ ਲਿਆ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਮੁੱਖ ਮੰਤਰੀ ਨਿਵਾਸ 'ਤੇ ਹੋਈ ਬੈਠਕ ਦੌਰਾਨ ਇਹ ਫੈਸਲਾ ਮੰਤਰੀਆਂ ਨੂੰ ਦੱਸਿਆ, ਜਿਸ ਤੋਂ ਬਾਅਦ ਸਾਰੇ ਮੰਤਰੀਆਂ ਨੇ ਆਪਣੇ ਅਸਤੀਫ਼ੇ ਮੁੱਖ ਮੰਤਰੀ ਨੂੰ ਸੌਂਪ ਦਿੱਤੇ। ਸੂਤਰਾਂ ਮੁਤਾਬਕ ਭਾਜਪਾ ਪ੍ਰਦੇਸ਼ ਪ੍ਰਧਾਨ ਜਗਦੀਸ਼ ਵਿਸ਼ਵਕਰਮਾ ਨੇ ਮੁੱਖ ਮੰਤਰੀ ਭੂਪੇਂਦਰ ਪਟੇਲ ਨੂੰ ਛੱਡ ਕੇ ਸੂਬਾ ਸਰਕਾਰ ਦੇ ਸਾਰੇ 16 ਮੰਤਰੀਆਂ ਨੂੰ ਅਸਤੀਫ਼ਾ ਦੇਣ ਲਈ ਕਿਹਾ ਹੈ। ਮੁੱਖ ਮੰਤਰੀ ਭੂਪੇਂਦਰ ਪਟੇਲ ਅੱਜ ਰਾਤ ਰਾਜਪਾਲ ਨਾਲ ਮੁਲਾਕਾਤ ਕਰ ਕੇ ਮੰਤਰੀ ਮੰਡਲ ਦੇ ਅਸਤੀਫ਼ੇ ਸੌਂਪਣਗੇ। ਜਾਣਕਾਰੀ ਮੁਤਾਬਕ ਨਵੇਂ ਮੰਤਰੀ ਮੰਡਲ ਦਾ ਵਿਸਥਾਰ ਸ਼ੁੱਕਰਵਾਰ ਸਵੇਰੇ 11:30 ਵਜੇ ਹੋਵੇਗਾ। ਨਵੀਂ ਮੰਤਰੀ ਮੰਡਲ ਗਾਂਧੀਨਗਰ ਸਥਿਤ ਮਹਾਤਮਾ ਮੰਦਰ ਵਿਖੇ ਸਹੁੰ ਚੁੱਕੇਗੀ। ਇਸ ਸਮਾਗਮ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਭਾਜਪਾ ਦੇ ਰਾਸ਼ਟਰੀ ਪ੍ਰਧਾਨ ਜੇ.ਪੀ. ਨੱਡਾ ਵੀ ਮੌਜੂਦ ਰਹਿਣਗੇ। ਭਾਜਪਾ ਸੂਤਰਾਂ ਅਨੁਸਾਰ, ਇਹ ਬਦਲਾਅ ਸੰਗਠਨ ਅਤੇ ਸਰਕਾਰ ਵਿੱਚ ਨਵੀਂ ਊਰਜਾ ਲਿਆਉਣ ਦੇ ਉਦੇਸ਼ ਨਾਲ ਕੀਤਾ ਜਾ ਰਿਹਾ ਹੈ। ਪਾਰਟੀ ਲੀਡਰਸ਼ਿਪ ਰਾਜ ਵਿੱਚ ਨੌਜਵਾਨ ਅਤੇ ਨਵੇਂ ਚਿਹਰਿਆਂ ਨੂੰ ਸ਼ਾਮਲ ਕਰ ਕੇ ਭਵਿੱਖ ਦੀ ਸਿਆਸੀ ਰਣਨੀਤੀ ਨੂੰ ਮਜ਼ਬੂਤ ??ਕਰਨਾ ਚਾਹੁੰਦੀ ਹੈ। ਜ਼ਿਕਰਯੋਗ ਹੈ ਕਿ ਗੁਜਰਾਤ ਵਿੱਚ 2027 ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਅਤੇ ਪਾਰਟੀ ਇਸ ਤੋਂ ਪਹਿਲਾਂ ਪ੍ਰਸ਼ਾਸਨਿਕ ਅਤੇ ਸਿਆਸੀ ਦੋਵਾਂ ਪੱਧਰਾਂ 'ਤੇ ਇੱਕ ਨਵੀਂ ਟੀਮ ਤਿਆਰ ਕਰਨਾ ਚਾਹੁੰਦੀ ਹੈ। ਹਾਲਾਂਕਿ, ਇਸ ਘਟਨਾਕ੍ਰਮ 'ਤੇ ਭਾਜਪਾ ਜਾਂ ਮੁੱਖ ਮੰਤਰੀ ਦਫ਼ਤਰ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਗਿਆ ਹੈ।

# ਪ੍ਰਧਾਨ ਮੰਤਰੀ ਮੋਦੀ ਨੇ ਆਂਧਰਾ ਪ੍ਰਦੇਸ਼ ਨੂੰ ਦਿੱਤੀ ਵੱਡੀ ਸੌਗਾਤ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 16 ਅਕਤੂਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਂਧਰਾ ਪ੍ਰਦੇਸ਼ ਦੇ ਕੁਰਨੂਲ ਵਿੱਚ ਰਾਜ ਦੇ ਵੱਖ-ਵੱਖ ਹਿੱਸਿਆਂ ਲਈ 13,430 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ। ਇਹ ਪ੍ਰੋਜੈਕਟ ਉਦਯੋਗ, ਬਿਜਲੀ, ਸੜਕਾਂ, ਰੇਲਵੇ, ਰੱਖਿਆ ਨਿਰਮਾਣ, ਅਤੇ ਪੈਟਰੋਲੀਅਮ ਅਤੇ ਕੁਦਰਤੀ ਗੈਸ ਵਰਗੇ ਮੁੱਖ



ਖੇਤਰਾਂ ਵਿੱਚ ਫੈਲੇ ਹੋਏ ਹਨ। ਪ੍ਰਧਾਨ ਮੰਤਰੀ ਨੇ ਕੁਰਨੂਲ-3 ਪੂਲਿੰਗ ਸਟੇਸ਼ਨ 'ਤੇ ਟ?ਰਾਂਸਮਿਸ਼ਨ ਸਿਸਟਮ ਮਜ਼ਬੂਤੀ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ, ਜਿਸਦੀ ਲਾਗਤ ਲਗਭਗ 2,880 ਕਰੋੜ ਹੈ। ਇਸ ਪ੍ਰੋਜੈਕਟ ਵਿੱਚ 765 ਕੇਵੀ ਡੁਅਲ-ਸਰਕਟ ਕੁਰਨੂਲ-3 ਪੂਲਿੰਗ ਸਟੇਸ਼ਨ-ਚਿਲਕਾਲੂਰੀਪੇਟਾ ਟਰਾਂਸਮਿਸ਼ਨ ਲਾਈਨ ਦਾ ਨਿਰਮਾਣ ਸ਼ਾਮਲ ਹੈ, ਜੋ ਬਿਜਲੀ ਸਪਲਾਈ ਸਮਰੱਥਾ ਨੂੰ 6,000 ਐਮਵੀਏ ਤੱਕ ਵਧਾਏਗਾ ਅਤੇ ਵੱਡੇ ਪੱਧਰ 'ਤੇ ਨਵਿਆਉਣਯੋਗ ਊਰਜਾ ਸਪਲਾਈ ਨੂੰ ਯਕੀਨੀ ਬਣਾਏਗਾ। ਮੋਦੀ ਨੇ ਕੁਰਨੂਲ ਵਿੱਚ ਓਰਵਾਕਲ ਉਦਯੋਗਿਕ ਖੇਤਰ ਅਤੇ ਕੜੱਪਾ ਵਿੱਚ ਕੋਪਾਰਥੀ ਉਦਯੋਗਿਕ ਖੇਤਰ ਦਾ ਨੀਂਹ ਪੱਥਰ ਵੀ ਰੱਖਿਆ, ਜਿਸ ਵਿੱਚ ਕੁੱਲ 4,920 ਕਰੋੜ ਤੋਂ ਵੱਧ ਦਾ ਨਿਵੇਸ਼ ਹੋਵੇਗਾ। ਨੈਸ਼ਨਲ ਇੰਡਸਟਰੀਅਲ ਕੋਰੀਡੋਰ ਡਿਵੈਲਪਮੈਂਟ ਐਂਡ ਇੰਪਲੀਮੈਂਟੇਸ਼ਨ ਟਰੱਸਟ ਅਤੇ ਆਂਧਰਾ ਪ੍ਰਦੇਸ਼ ਇੰਡਸਟਰੀਅਲ ਇਨਫਰਾਸਟ?ਰਕਚਰ ਕਾਰਪੋਰੇਸ਼ਨ ਲਿਮਟਿਡ ਦੁਆਰਾ ਸਾਂਝੇ ਤੌਰ 'ਤੇ ਵਿਕਸਤ ਕੀਤੇ ਗਏ, ਇਹ ਆਧੁਨਿਕ ਮਲਟੀ-ਸੈਕਟਰਲ ਇੰਡਸਟਰੀਅਲ ਹੱਬ ਪਲੱਗ-ਐਂਡ-ਪਲੇ ਬੁਨਿਆਦੀ ਢਾਂਚਾ ਅਤੇ ਵਾਕ-ਟੂ-ਵਰਕ ਸੰਕਲਪ ਦੀ ਵਿਸ਼ੇਸ਼ਤਾ ਕਰਨਗੇ। ਇਹਨਾਂ ਉਦਯੋਗਿਕ ਹੱਬਾਂ ਤੋਂ 21,000 ਕਰੋੜ ਦੇ ਨਿਵੇਸ਼ ਨੂੰ ਆਕਰਸ਼ਿਤ ਕਰਨ ਅਤੇ ਲਗਭਗ 100,000 ਨੌਕਰੀਆਂ ਪੈਦਾ ਕਰਨ ਦੀ ਉਮੀਦ ਹੈ, ਜਿਸ ਨਾਲ ਆਂਧਰਾ ਪ੍ਰਦੇਸ਼ ਦੇ ਰਾਇਲਸੀਮਾ ਖੇਤਰ ਵਿੱਚ ਉਦਯੋਗਿਕ ਵਿਕਾਸ ਅਤੇ ਵਿਸ਼ਵਵਿਆਪੀ ਮੁਕਾਬਲੇਬਾਜ਼ੀ ਨੂੰ ਹੁਲਾਰਾ ਮਿਲੇਗਾ। ਪ੍ਰਧਾਨ ਮੰਤਰੀ ਨੇ ਸਬਾਵਰਮ ਤੋਂ ਸ਼ੀਲਾਨਗਰ ਤੱਕ ਛੇ-ਲੇਨ ਵਾਲੇ ਗ੍ਰੀਨਫੀਲਡ ਹਾਈਵੇਅ ਦਾ ਨੀਂਹ ਪੱਥਰ ਵੀ ਰੱਖਿਆ, ਜਿਸਦੀ ਲਾਗਤ 960 ਕਰੋੜ ਤੋਂ ਵੱਧ ਹੈ। ਇਸ ਪ੍ਰੋਜੈਕਟ ਦਾ ਉਦੇਸ਼ ਵਿਸ਼ਾਖਾਪਟਨਮ ਦੇ ਬੰਦਰਗਾਹ ਸ਼ਹਿਰ ਨੂੰ ਭੀੜ-ਭੜੱਕੇ ਤੋਂ ਮੁਕਤ ਕਰਨਾ ਅਤੇ ਵਪਾਰ ਅਤੇ ਰੁਜ਼ਗਾਰ ਦੀ ਸਹੂਲਤ ਦੇਣਾ ਹੈ। ਮੋਦੀ ਨੇ ਪਿਲੇਰੂ-ਕਲੂਰ ਸੈਕਸ਼ਨ ਲਈ ਚਾਰ-ਲੇਨ ਸੜਕ ਅਪਗ੍ਰੇਡ ਪ੍ਰੋਜੈਕਟ, ਕੜੱਪਾ-ਨੇਲੋਰ ਸਰਹੱਦ ਤੋਂ ਮੁੱਖ ਮੰਤਰੀ ਪੁਰਮ ਤੱਕ ਸੜਕ ਨੂੰ ਚੌੜਾ ਕਰਨਾ, ਅਤੇ NH-165 'ਤੇ ਗੁਡੀਵਾੜਾ ਅਤੇ ਨੁਜ਼ੇਲਾ ਰੇਲਵੇ ਸਟੇਸ਼ਨਾਂ ਵਿਚਕਾਰ ਚਾਰ-ਲੇਨ ਰੇਲ ਓਵਰਬ੍ਰਿਜ ਦਾ ਉਦਘਾਟਨ ਕੀਤਾ। ਉਨ੍ਹਾਂ ਨੇ NH-565 'ਤੇ ਕਾਣੀਗਿਰੀ ਬਾਈਪਾਸ ਅਤੇ NH-54444 'ਤੇ ਗੁੰਡਲਾਪੱਲੀ ਟਾਊਨ ਵਿਖੇ ਬਾਈਪਾਸ ਸੈਕਸ਼ਨ ਸੁਧਾਰ ਪ੍ਰੋਜੈਕਟ ਦਾ ਵੀ ਉਦਘਾਟਨ ਕੀਤਾ।

# ਆਪ੍ਰੇਸ਼ਨ ਬਲੂ ਸਟਾਰ ਮੁੱਦਾ ਮੁੜ ਭਖਿਆ: ਪੀ. ਚਿਦਾਂਬਰਮ ਦੇ ਬਿਆਨ ਨਾਲ ਪੰਜਾਬ 'ਚ ਪਾਰਟੀ ਬੈਕਫੁੱਟ 'ਤੇ !

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਪਠਾਨਕੋਟ 16 ਅਕਤੂਬਰ। ਤਰਨਤਾਰਨ ਉਪ ਚੋਣ ਦੀ ਨੋਟੀਫਿਕੇਸ਼ਨ ਸੋਮਵਾਰ ਨੂੰ ਹੋ ਗਈ ਅਤੇ ਨਾਮਜ਼ਦਗੀ ਦੀ ਕਾਰਵਾਈ ਸ਼ੁਰੂ ਹੋ ਗਈ ਹੈ। ਸਾਰੀਆਂ ਸਿਆਸੀ ਧਿਰਾਂ ਨੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਕੇ ਚੋਣੀ ਖੇਡ ਦੇ ਪੱਤੇ ਪਹਿਲਾਂ ਹੀ ਖੋਲ੍ਹ ਦਿੱਤੇ ਹਨ। ਸਰਕਾਰ ਪਾਸੋਂ ਪੂਰੀ ਗੰਭੀਰਤਾ ਨਾਲ ਹਮੇਸ਼ਾ ਵਾਂਗ ਇਸ ਵਾਰ ਵੀ ਚੋਣ ਲੜੀ ਜਾ ਰਹੀ ਹੈ। ਅਕਾਲੀ ਦਲ ਅਤੇ ਭਾਜਪਾ ਆਪਣੇ ਵਜੂਦ ਦੀ ਲੜਾਈ ਲੜ ਰਹੇ ਹਨ, ਜਦੋਂ ਕਿ ਗਰਮ ਦਲੀਏ ਇਕ ਵਾਰੀ ਫਿਰ 2024 ਦੀਆਂ ਲੋਕ ਸਭਾ ਚੋਣਾਂ ਦੀ ਕਾਰਗੁਜ਼ਾਰੀ ਨੂੰ ਦੁਹਰਾਉਣ ਲਈ ਪੂਰੀ ਤਾਕਤ ਲਾ ਰਹੇ ਹਨ। ਅਜਿਹੇ ਹਾਲਾਤ 'ਚ 2027 ਨੂੰ ਲੈ ਕੇ ਕਾਂਗਰਸ ਦੀ ਕਾਰਗੁਜ਼ਾਰੀ ਉੱਤੇ ਸਭ ਦੀਆਂ ਨਿਗਾਹਾਂ ਹਨ ਪਰ ਕਾਂਗਰਸ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਦੁਸ਼ਮਣ ਉਨ੍ਹਾਂ ਨੂੰ ਐਨਾ ਨੁਕਸਾਨ ਨਹੀਂ ਪਹੁੰਚਾਉਂਦੇ ਜਿੰਨਾ ਉਹ ਆਪਣੇ ਆਪ ਕਰ ਲੈਂਦੇ ਹਨ। ਤਰਨਤਾਰਨ ਚੋਣਾਂ 'ਚ ਵੀ ਅਜਿਹੀ ਹੀ ਸਥਿਤੀ ਬਣ ਰਹੀ ਹੈ। ਪਾਰਟੀ ਨੇ ਜਿਸ ਸਥਾਨਕ ਉਮੀਦਵਾਰ ਨੂੰ ਟਿਕਟ ਦਿੱਤੀ, ਅਚਾਨਕ ਟਿਕਟ ਬਦਲਣ ਦੀ ਚਰਚਾ ਨੂੰ ਹੋਕ ਮਿਲੀ, ਜਿਸ ਨਾਲ ਹਾਲਾਤ ਗੰਭੀਰ ਹੋ ਗਏ ਅਤੇ ਸਥਾਨਕ ਆਗੂ ਵੀ ਚਿੰਤਤ ਦਿੱਸਣ ਲੱਗੇ। ਹੁਣ ਕਾਂਗਰਸ ਦੇ ਸੀਨੀਅਰ ਆਗੂ ਪੀ. ਚਿਦਾਂਬਰਮ ਨੇ ਕਸੌਲੀ ਵਿਚ ਇਕ ਇੰਟਰਵਿਊ ਦੌਰਾਨ ਆਪ੍ਰੇਸ਼ਨ ਬਲੂ ਸਟਾਰ ਨੂੰ ਲੈ ਕੇ ਅਜਿਹਾ ਬਿਆਨ ਦੇ ਦਿੱਤਾ ਹੈ ਕਿ ਸਾਰੇ ਪੰਜਾਬ 'ਚ ਕਾਂਗਰਸ ਇਲਜ਼ਾਮਾਂ ਦੇ ਘੇਰੇ 'ਚ ਆ ਗਈ ਹੈ। ਵਿਰੋਧੀ ਧਿਰਾਂ ਦੇ ਹੱਥ ਇਕ



ਅਜਿਹਾ ਹਥਿਆਰ ਲੱਗ ਗਿਆ ਹੈ, ਜੋ ਉਹ ਅਗਲੇ ਇਕ ਮਹੀਨੇ ਤੱਕ ਨਹੀਂ ਛੱਡਣਗੇ, ਜਦੋਂ ਕਿ ਗਰਮਦਲੀਆਂ ਵਾਸਤੇ ਤਾਂ ਇਹ ਬਿਆਨ ਜਿਵੇਂ ਕਿਸੇ ਲਾਟਰੀ ਤੋਂ ਘੱਟ ਨਹੀਂ। ਕਿਹਾ ਜਾਂਦਾ ਹੈ ਕਿ ਕਾਂਗਰਸ 'ਚ ਆਗੂਆਂ ਨੂੰ ਬੋਲਣ ਦੀ ਪੂਰੀ ਆਜ਼ਾਦੀ ਹੈ ਪਰ ਆਪਣੀ ਹੀ ਪਾਰਟੀ ਦਾ ਨੁਕਸਾਨ ਕਰਨਾ ਕਿਹੜੀ ਅਕਲਮੰਦੀ ਹੈ? ਪੀ-ਚਿਦਾਂਬਰਮ ਨੇ ਕਿਹਾ ਕਿ 1984 'ਚ ਸ੍ਰੀ ਹਰਿਮੰਦਰ ਸਾਹਿਬ 'ਤੇ ਚਲਾਇਆ ਗਿਆ ਆਪ੍ਰੇਸ਼ਨ ਬਲੂ ਸਟਾਰ ਢੰਗ ਨਾਲ ਨਹੀਂ ਹੋਇਆ ਸੀ ਅਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਆਪਣੀ ਜਾਨ ਦੇ ਕੇ ਕੀਮਤ ਚੁਕਾਣੀ ਪਈ। ਜੇਕਰ ਚਿਦਾਂਬਰਮ ਇਸ ਟਿੱਪਣੀ ਤੋਂ ਬਚ ਜਾਂਦੇ ਤਾਂ ਕਾਂਗਰਸ ਵਾਸਤੇ ਚੰਗਾ ਰਹਿੰਦਾ। ਇਹ ਵੀ ਲੱਗਦਾ ਹੈ ਕਿ ਉਨ੍ਹਾਂ ਨੇ ਮੰਨੋ ਜਿਵੇਂ ਮੌਜੂਦਾ ਹਾਈਕਮਾਂਡ ਨੂੰ ਕੋਈ ਸੰਦੇਸ਼ ਭੇਜਿਆ ਹੈ ਕਿ ਜੇਕਰ ਪੁਰਾਣੇ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਤਾਂ ਮੌਜੂਦਾ ਲੀਡਰਸ਼ਿਪ ਨੂੰ ਮੁਸ਼ਕਲ ਆ ਸਕਦੀ ਹੈ। ਅਜਿਹੀ ਹੀ ਟਿੱਪਣੀ ਉਨ੍ਹਾਂ ਨੇ 26/11 ਦੇ ਅੱਤਵਾਦੀ ਹਮਲੇ ਮਗਰੋਂ ਵੀ ਦਿੱਤੀ ਸੀ, ਜਿਸ 'ਚ ਉਨ੍ਹਾਂ ਨੇ ਕਿਹਾ ਸੀ ਕਿ ਵਿਦੇਸ਼ੀ ਦਬਾਵਾਂ, ਖ਼ਾਸ ਕਰ ਕੇ ਅਮਰੀਕਾ ਦੇ ਕਾਰਨ, ਪਾਕਿਸਤਾਨ ਉੱਤੇ ਕਾਰਵਾਈ ਨਹੀਂ ਹੋਈ। ਇਸ ਕਾਰਨ ਵੀ ਕਾਂਗਰਸ ਦੀ ਕਾਫੀ ਨਿੰਦਾ ਹੋਈ ਸੀ। ਹੁਣ ਜਦੋਂ ਕਿ ਤਰਨਤਾਰਨ ਚੋਣਾਂ ਲਈ ਸਿਰਫ ਇਕ ਮਹੀਨਾ ਹੀ ਬਾਕੀ ਹੈ (ਵੋਟਿੰਗ 11 ਨਵੰਬਰ ਨੂੰ ਹੋਣੀ ਹੈ), ਤਾਂ ਇਹ ਬਲੂ ਸਟਾਰ ਵਾਲੀ ਟਿੱਪਣੀ ਕਾਂਗਰਸ ਲਈ ਗਲੇ ਦੀ ਫਾਂਸ ਬਣ ਸਕਦੀ ਹੈ। ਸਥਾਨਕ ਲੀਡਰਸ਼ਿਪ ਤਰਨਤਾਰਨ ਵਿਚ ਪੂਰੀ ਮਿਹਨਤ ਕਰ ਰਹੀ ਹੈ ਅਤੇ ਇਹ ਕੋਸ਼ਿਸ਼ ਹੈ ਕਿ ਪੰਜਾਬ ਵਿਚ ਲੋਕਾਂ ਦਾ ਰੁਝਾਨ ਕਾਂਗਰਸ ਵੱਲ ਬਣੇ, ਤਾਂ ਤਰਨਤਾਰਨ ਵਿਚ ਵੀ ਅਜਿਹੀ ਕਾਰਗੁਜ਼ਾਰੀ ਦਿੱਤੀ ਜਾਵੇ ਕਿ ਵਰਕਰਾਂ ਵਿਚ ਜੋਸ਼ ਆ ਜਾਵੇ ਪਰ ਅਜਿਹਾ ਲੱਗਦਾ ਹੈ ਕਿ ਕਾਂਗਰਸ ਦੇ ਹੀ ਉੱਚ ਪੱਧਰ ਦੇ ਆਗੂ ਪੰਜਾਬ ਵਿਚ ਕਾਂਗਰਸ ਦੀ ਸਥਿਤੀ ਨੂੰ ਗੰਭੀਰ ਬਣਾਉਣ 'ਚ ਕੋਈ ਕਸਰ ਨਹੀਂ ਛੱਡ ਰਹੇ। ਰੇਲਵੇ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਅੱਜ ਪ੍ਰਭਾਵਸ਼ਾਲੀ ਢੰਗ ਨਾਲ ਇਕ ਵਾਰੀ ਫਿਰ ਪਾਰਟੀ ਦੇ ਉਸ ਏਜੰਡੇ ਨੂੰ ਅੱਗੇ ਵਧਾਇਆ ਕਿ ਭਾਜਪਾ 117 ਸੀਟਾਂ 'ਤੇ ਖੁਦ ਹੀ ਚੋਣ ਲੜੇਗੀ ਅਤੇ ਅਕਾਲੀ ਦਲ ਨਾਲ ਗੱਠਜੋੜ ਦਾ ਕੋਈ ਤਕ ਨਹੀਂ ਬਣਦਾ ਕਿਉਂਕਿ ਅਕਾਲੀ ਦਲ ਬੇਅਦਬੀਆਂ ਕਾਰਨ ਸਿੱਖ ਜਗਤ 'ਚ ਆਪਣੀ ਇੱਜ਼ਤ ਗੁਆ ਚੁੱਕਾ ਹੈ।

## ਪ੍ਰਿਅੰਕ ਖੜਗੇ ਨੂੰ ਧਮਕੀ ਦੇਣ ਦਾ ਮੁਲਜ਼ਮ ਗ੍ਰਿਫਤਾਰ

ਬੈਂਗਲੁਰੂ 16 ਅਕਤੂਬਰ। ਬੈਂਗਲੁਰੂ ਪੁਲਸ ਨੇ ਮਹਾਰਾਸ਼ਟਰ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਕਥਿਤ ਤੌਰ 'ਤੇ ਕਰਨਾਟਕ ਦੇ ਮੰਤਰੀ ਪ੍ਰਿਅੰਕ ਖੜਗੇ ਨੂੰ ਫੋਨ ਕਰ ਕੇ ਧਮਕੀ ਦਿੱਤੀ ਸੀ ਅਤੇ ਜਨਤਕ ਥਾਵਾਂ 'ਤੇ ਆਰ. ਐੱਸ. ਐੱਸ. ਦੀਆਂ ਸਰਗਰਮੀਆਂ ਨੂੰ ਰੋਕਣ ਲਈ ਮੁੱਖ ਮੰਤਰੀ ਸਿੱਧਰਮਈਆ ਨੂੰ ਪੱਤਰ ਲਿਖਣ ਨੂੰ ਲੈ ਕੇ ਉਨ੍ਹਾਂ ਖਿਲਾਫ ਅਸ਼ੋਭਨੀਕ ਟਿੱਪਣੀਆਂ ਕੀਤੀਆਂ। ਮੁਲਜ਼ਮ ਨੇ ਜਦੋਂ ਖੜਗੇ ਨੂੰ ਫੋਨ ਕੀਤਾ ਸੀ ਤਾਂ ਮੰਤਰੀ ਨੇ ਇਸ ਗੱਲਬਾਤ ਨੂੰ ਰਿਕਾਰਡ ਕਰ ਲਿਆ ਸੀ। ਉਸ ਤੋਂ ਬਾਅਦ ਸਦਾਸ਼ਿਵਨਗਰ ਥਾਣੇ 'ਚ ਐੱਫ. ਆਈ. ਆਰ. ਦਰਜ ਕੀਤੀ ਗਈ। 'ਬੈਂਗਲੁਰੂ ਸੈਂਟਰਲ ਡਿਵੀਜ਼ਨ' ਅਤੇ ਕਲਬੁਰਗੀ ਪੁਲਸ ਦੇ ਸਾਂਝੇ ਆਪ੍ਰੇਸ਼ਨ 'ਚ ਮੁਲਜ਼ਮ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਸੂਤਰਾਂ ਨੇ ਦੱਸਿਆ ਕਿ ਮੁਲਜ਼ਮ ਦੀ ਪਛਾਣ ਧਨੇਸ਼ ਨਰੋਨੇ ਉਰਫ ਦਾਨੱਪਾ ਨਰੋਨੇ ਵਜੋਂ ਹੋਈ ਹੈ।

# ਦੀਵਾਲੀ ਤੋਂ ਪਹਿਲਾਂ ਪੰਜਾਬ ਸਰਕਾਰ ਨੇ ਇਕ ਹੋਰ ਵਾਅਦਾ ਕੀਤਾ ਪੂਰਾ

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਚੰਡੀਗੜ੍ਹ/ਜਲੰਧਰ 16 ਅਕਤੂਬਰ। ਪੰਜਾਬ ਸਰਕਾਰ ਨੇ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਲਈ ਰਾਹਤ ਦੇ ਤੌਰ 'ਤੇ 6.3 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡੀ ਹੈ। 12 ਕੈਬਨਿਟ ਮੰਤਰੀਆਂ ਵੱਲੋਂ ਮਿਸ਼ਨ ਪੁਨਰਵਾਸ ਤਹਿਤ ਸਰਕਾਰ ਦੇ ਵਾਅਦੇ ਨੂੰ ਪੂਰਾ ਕਰਦਿਆਂ ਸੂਬੇ ਭਰ ਦੇ ਪ੍ਰਭਾਵਿਤ ਪਰਿਵਾਰਾਂ ਨੂੰ ਹੜ੍ਹ ਰਾਹਤ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ ਗਏ। 13 ਅਕਤੂਬਰ ਨੂੰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਜਨਾਲਾ ਤੋਂ 631 ਪਰਿਵਾਰਾਂ ਨੂੰ 5.70 ਕਰੋੜ ਰੁਪਏ ਦੀ ਮੁਆਵਜ਼ਾ ਰਾਸ਼ੀ ਵੰਡ ਕੇ ਸੂਬਾ ਪੱਧਰੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਸੀ। ਸਰਕਾਰ ਨੇ 45 ਦਿਨਾਂ ਦੇ ਟੀਚੇ ਤੋਂ ਬਹੁਤ ਪਹਿਲਾਂ ਫ਼ਸਲਾਂ ਦੇ ਨੁਕਸਾਨ ਲਈ 20,000 ਰੁਪਏ ਪ੍ਰਤੀ ਏਕੜ, ਨੁਕਸਾਨੇ ਗਏ ਘਰਾਂ ਲਈ 1.20 ਲੱਖ ਰੁਪਏ ਤੱਕ ਦੀ ਰਾਸ਼ੀ ਅਤੇ ਪਸ਼ੂਆਂ ਲਈ ਢੁੱਕਵੀਂ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਹੈ। ਪਾਰਦਰਸ਼ਤਾ ਨੂੰ ਯਕੀਨੀ ਬਣਾਉਣ ਲਈ ਇਹ ਰਕਮ ਸਿੱਧੇ ਤੌਰ 'ਤੇ ਲਾਭਪਾਤਰੀਆਂ ਦੇ ਖਾਤਿਆਂ 'ਚ ਪਾਈ ਗਈ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਧੂਰੀ ਹਲਕੇ ਦੇ ਅੱਠ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਪ੍ਰਵਾਨਗੀ ਪੱਤਰ ਸੌਂਪ ਕੇ ਸੰਗਰੂਰ 'ਚ ਮੁਆਵਜ਼ਾ ਵੰਡ ਪ੍ਰਕਿਰਿਆ ਦੀ ਸ਼ੁਰੂਆਤ ਕੀਤੀ। ਸੰਗਰੂਰ ਜ਼ਿਲੇ ਦੇ ਹੜ੍ਹ ਪੀੜਤਾਂ ਨੂੰ 3.50 ਕਰੋੜ ਰੁਪਏ ਵੰਡੇ ਜਾਣਗੇ। ਕੈਬਨਿਟ ਮੰਤਰੀ ਅਤੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਮੋਹਾਲੀ ਜ਼ਿਲ੍ਹੇ ਦੀ ਬਨੂੜ ਸਬ-ਤਹਿਸੀਲ ਦੇ ਪਿੰਡ ਰਾਮਪੁਰ ਕਲਾਂ ਅਤੇ ਡੇਰਾਬਸੀ ਤਹਿਸੀਲ ਦੇ ਪਿੰਡ ਸਰਸੀਣੀ ਦੇ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਵੰਡਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ ਲਗਭਗ 80 ਪ੍ਰਭਾਵਿਤ ਪਰਿਵਾਰਾਂ ਨੂੰ 66 ਲੱਖ ਦੇ ਮੁਆਵਜ਼ਾ ਪ੍ਰਵਾਨਗੀ ਪੱਤਰ ਸੌਂਪੇ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਫ਼ਾਜ਼ਿਲਕਾ ਜ਼ਿਲ੍ਹੇ 'ਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਫ਼ਸਲਾਂ ਅਤੇ ਘਰਾਂ ਦੇ ਨੁਕਸਾਨ ਲਈ 1.05 ਕਰੋੜ ਰੁਪਏ ਦੀ ਰਾਹਤ ਰਾਸ਼ੀ ਵੰਡੀ। ਉਨ੍ਹਾਂ ਨੇ ਮਲੋਟ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਲੱਕੜਵਾਲਾ, ਥੇਹੜੀ ਅਤੇ ਸ਼ੇਰਗੜ੍ਹ ਦੇ ਵਸਨੀਕਾਂ ਨੂੰ 16.88 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ। ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਵਿਧਾਇਕ ਗੁਰਲਾਲ ਘਨੌਰ ਨਾਲ ਪਟਿਆਲਾ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਸੌਂਟਾ, ਸ਼ੇਖਪੁਰ, ਡਖੇਲੀ, ਲੋਹਸਿੰਬਲੀ ਅਤੇ ਸਮਸਪੁਰ ਦੇ 232 ਕਿਸਾਨਾਂ ਨੂੰ



ਮੁਆਵਜ਼ੇ ਵਜੋਂ 88 ਲੱਖ ਰੁਪਏ ਦੇ ਪ੍ਰਵਾਨਗੀ ਪੱਤਰ ਸੌਂਪੇ। ਭੋਆ ਹਲਕੇ 'ਚ ਖ਼ੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਲਾਲ ਚੰਦ ਕਟਾਰੂਚੱਕ ਨੇ 130 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ 31 ਲੱਖ ਰੁਪਏ ਦੇ ਰਾਹਤ ਚੈੱਕ ਵੰਡੇ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਕਪੂਰਥਲਾ ਜ਼ਿਲ੍ਹੇ ਦੇ ਪਿੰਡ ਕਿਸ਼ਨ ਸਿੰਘ ਵਾਲਾ ਤੋਂ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਮੁਆਵਜ਼ਾ ਵੰਡਣ ਦੀ ਰਸਮੀ ਸ਼ੁਰੂਆਤ ਕਰਦਿਆਂ ਸੁਲਤਾਨਪੁਰ ਲੋਧੀ ਸਬ-ਡਵੀਜ਼ਨ ਦੇ ਪਿੰਡਾਂ ਕਿਸ਼ਨ ਸਿੰਘ ਵਾਲਾ, ਚੱਕ ਪੱਤੀ ਬਾਲੂ ਬਹਾਦਰ ਅਤੇ ਹੁਸੈਨਪੁਰ ਬੂਲੇ ਦੇ ਲਗਭਗ 25 ਕਿਸਾਨਾਂ ਨੂੰ ਪ੍ਰਵਾਨਗੀ ਪੱਤਰ ਸੌਂਪੇ। ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ. ਟੀ. ਓ. ਨੇ ਗੁਰਦਾਸਪੁਰ ਜ਼ਿਲ੍ਹੇ ਦੇ 138 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ 59 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ। ਇਸ ਮੁਆਵਜ਼ਾ ਵੰਡ ਮੁਹਿੰਮ ਤਹਿਤ ਕਈ ਖੇਤਰਾਂ ਨੂੰ ਕਵਰ ਕੀਤਾ ਗਿਆ, ਜਿਸ 'ਚ ਡੇਰਾ ਬਾਬਾ ਨਾਨਕ ਦੇ ਪਿੰਡ ਖ਼ੁਸ਼ੀਪੁਰ ਦੇ 42 ਲਾਭਪਾਤਰੀਆਂ ਨੂੰ 23 ਲੱਖ ਰੁਪਏ ਦੇ ਚੈੱਕ ਵੰਡੇ ਗਏ, ਗੁਰਦਾਸਪੁਰ ਦੇ ਪਿੰਡ ਖੋਖਰ ਰਾਜਪੂਤਾਂ ਦੇ 50 ਲਾਭਪਾਤਰੀਆਂ ਨੂੰ 24 ਲੱਖ ਰੁਪਏ ਅਤੇ ਡੇਰਾ ਬਾਬਾ ਨਾਨਕ ਦੇ ਪਿੰਡ ਕੋਠੇ ਦੇ 46 ਪਰਿਵਾਰਾਂ ਨੂੰ ਲਗਭਗ 12 ਲੱਖ ਰੁਪਏ ਦੀ ਰਾਹਤ ਰਾਸ਼ੀ ਵੰਡੀ ਗਈ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਫ਼?ਰੋਜ਼ਪੁਰ ਜ਼ਿਲੇ ਦੇ ਜ਼ੀਰਾ ਸਬ-ਡਿਵੀਜ਼ਨ 'ਚ ਪਿੰਡ ਫੱਤੇਵਾਲਾ ਤੋਂ ਮੁਆਵਜ਼ੇ ਦੀ ਵੰਡ ਦੀ ਸ਼ੁਰੂਆਤ ਕੀਤੀ ਹੈ, ਜਿਸ 'ਚ 57 ਕਿਸਾਨਾਂ ਨੂੰ 16 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਦੇ ਪ੍ਰਵਾਨਗੀ ਪੱਤਰ ਸੌਂਪੇ ਗਏ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਹੁਸ਼ਿਆਰਪੁਰ ਜ਼ਿਲੇ 'ਚ ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਫੰਡ ਦੇਣ ਦੀ ਸ਼ੁਰੂਆਤ ਕੀਤੀ। ਉਨ੍ਹਾਂ ਨੇ 60 ਲਾਭਪਾਤਰੀਆਂ ਨੂੰ ਕੁੱਲ 24.27 ਲੱਖ ਰੁਪਏ ਦੇ ਪ੍ਰਵਾਨਗੀ ਪੱਤਰ ਸੌਂਪੇ। ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅਜਨਾਲਾ ਹਲਕੇ ਦੇ 28 ਪ੍ਰਭਾਵਿਤ ਪਰਿਵਾਰਾਂ ਨੂੰ 24 ਲੱਖ ਰੁਪਏ ਅਤੇ ਰਾਜਾਸਾਂਸੀ ਹਲਕੇ ਦੇ 23 ਪਰਿਵਾਰਾਂ ਨੂੰ 18.41 ਲੱਖ ਰੁਪਏ ਵੰਡੇ। ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਸਮਰਾਲਾ ਸਬ-ਡਵੀਜ਼ਨ ਅਧੀਨ ਆਉਂਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੇ 84 ਕਿਸਾਨਾਂ ਨੂੰ ਹੜ੍ਹ ਰਾਹਤ ਵਜੋਂ 25.05 ਲੱਖ ਰੁਪਏ ਵੰਡੇ। ਬਾਗ਼ਬਾਨੀ, ਆਜ਼ਾਦੀ ਘੁਲਾਟੀਏ ਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਮਿਸ਼ਨ ਮੁੜ ਵਸੇਬਾ ਤਹਿਤ ਸ਼ਾਹਕੋਟ ਦੇ ਪਿੰਡ ਮੂਲੇਵਾਲ ਅਰਾਈਆਂ, ਸੀਚੇਵਾਲ, ਨਾਰੰਗਪੁਰ, ਸੋਹਲ ਖ਼ਾਲਸਾ ਅਤੇ ਬਿੱਲੀ ਵੜੈਚ ਦੇ 47 ਕਿਸਾਨਾਂ ਨੂੰ 10 ਲੱਖ ਰੁਪਏ ਦਾ ਮੁਆਵਜ਼ਾ ਵੰਡਿਆ।

# ਸੋਸ਼ਲ ਮੀਡੀਆ ’ਤੇ ਨ.ਫਰਤ ਫੈਲਾਉਣ ਦੇ ਦੋਸ਼ ’ਚ ਨੌਜਵਾਨ ਗ੍ਰਿ.ਫਤਾਰ

**ਕੌਮੀ ਪਤ੍ਰਿਕਾ**

ਭੁਵਨੇਸ਼ਵਰ 16 ਅਕਤੂਬਰ। ਭੁਵਨੇਸ਼ਵਰ ਪੁਲਸ ਨੇ ਸੋਸ਼ਲ ਮੀਡੀਆ ਰਾਹੀਂ ਫਿਰਕੂ ਨਫ਼ਰਤ ਫੈਲਾਉਣ ਦੇ ਦੋਸ਼ ਵਿੱਚ ਇੱਕ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਸੋਮਵਾਰ ਨੂੰ ਇਹ ਐਲਾਨ ਕੀਤਾ। ਪੁਲਸ ਨੇ ਕਿਹਾ ਕਿ ਸਾਈਬਰ ਕ੍ਰਾਈਮ ਪੁਲਸ ਨੇ ਇਸ ਸਾਲ 9 ਅਕਤੂਬਰ ਨੂੰ ਇੱਕ ਵਿਅਕਤੀ ਦੀ ਸ਼ਿਕਾਇਤ ਦੇ ਆਧਾਰ ’ਤੇ ਦਰਜ ਕੀਤੇ ਗਏ ਇੱਕ ਮਾਮਲੇ ਦੇ ਸਬੰਧ ਵਿੱਚ ਐਤਵਾਰ ਰਾਤ ਨੂੰ ਦੋਸ਼ੀ ਅਰਸ਼ਦ ਅਲੀ (19) ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ, ਸ਼ਿਕਾਇਤਕਰਤਾ ਨੇ ਦੋਸ਼ ਲਗਾਇਆ ਕਿ ਸੋਸ਼ਲ ਮੀਡੀਆ ’ਤੇ ਇੱਕ ਵੀਡੀਓ ਅਪਲੋਡ ਅਤੇ ਪ੍ਰਸਾਰਿਤ ਕੀਤਾ ਗਿਆ ਸੀ ਜਿਸ ਵਿੱਚ ਝੂਠੀ, ਬੇਬੁਨਿਆਦ, ਭੜਕਾਊ ਅਤੇ ਨਫ਼ਰਤ ਭਰੀ ਸਮੱਗਰੀ ਸੀ ਜੋ ਹਿੰਸਾ ਨੂੰ ਭੜਕਾ ਸਕਦੀ ਸੀ ਅਤੇ ਇਹ ਹਿੰਦੂ ਭਾਵਨਾਵਾਂ ਦਾ ਅਪਮਾਨ ਕਰਨ ਵਾਲੀ, ਫਿਰਕੂ ਨਫ਼ਰਤ ਨੂੰ ਉਤਸ਼ਾਹਿਤ ਕਰਨ ਵਾਲੀ ਅਤੇ ਹਿੰਸਕ ਧਮਕੀਆਂ ਦੇਣ ਵਾਲੀ ਸੀ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਗਿਆ ਸੀ ਕਿ ਵੀਡੀਓ ਵਿੱਚ ਦੇਖੇ ਗਏ ਵਿਅਕਤੀਆਂ ਦੇ ਗੈਰ-ਕਾਨੂੰਨੀ ਕੰਮਾਂ ਦਾ ਸੋਸ਼ਲ ਮੀਡੀਆ ’ਤੇ ਸਿੱਧਾ ਪ੍ਰਸਾਰਣ ਕੀਤਾ ਗਿਆ ਸੀ, ਜਿੱਥੇ ਚਾਰ ਵਿਅਕਤੀ ਇੱਕ ਦੂਜੇ ਨਾਲ ਵੀਡੀਓ ਚੈਟ ਕਰ ਰਹੇ ਸਨ। ਪੁਲਸ ਨੇ ਕਿਹਾ ਕਿ ਉਨ੍ਹਾਂ ਦੀ ਵੀਡੀਓ ਚੈਟ ਧਰਮ ਦੇ ਆਧਾਰ ’ਤੇ ਨਫ਼ਰਤ ਨੂੰ ਉਤਸ਼ਾਹਿਤ ਕਰਦੀ ਸੀ ਅਤੇ ਧਰਮ ਜਾਂ ਧਾਰਮਿਕ ਵਿਸ਼ਵਾਸਾਂ ਦਾ ਵੀ ਅਪਮਾਨ ਕੀਤਾ ਗਿਆ। ਪੁਲਸ ਨੇ ਕਿਹਾ ਕਿ ਇਹ ਆਦਮੀ ਫਿਰਕੂ ਹਿੰਸਾ ਨੂੰ ਵੀ ਭੜਕਾਉਂਦੇ ਸਨ ਅਤੇ ਕਟਕ



ਸ਼ਹਿਰ ਵਿੱਚ ਹਾਲ ਹੀ ਵਿੱਚ ਹੋਈ ਹਿੰਸਾ ਬਾਰੇ ਚਰਚਾ ਕਰ ਰਹੇ ਸਨ। ਭੁਵਨੇਸ਼ਵਰ-ਕਟਕ ਪੁਲਸ ਕਮਿਸ਼ਨਰ ਐਸ ਦੇਵ ਦੱਤਾ ਸਿੰਘ ਨੇ ਕਿਹਾ ਕਿ ਅਲੀ ਨੂੰ 12 ਅਕਤੂਬਰ ਦੀ ਰਾਤ ਨੂੰ ਜਗਤਸਿੰਘਪੁਰ ਜ਼ਿਲ੍ਹੇ ਦੇ ਬਿਰਧੀ ਪੁਲਸ ਸਟੇਸ਼ਨ ਖੇਤਰ ਤੋਂ ਇੱਕ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫ਼ਤਾਰ ਕੀਤਾ ਗਿਆ ਸੀ। ਸਿੰਘ ਨੇ ਕਿਹਾ, ਜੋ ਲੋਕ ਅਜਿਹੇ ਸੁਨੇਹੇ ਭੇਜ ਰਹੇ ਹਨ, ਉਹ ਓਨੇ ਹੀ ਜ਼ਿੰਮੇਵਾਰ ਹਨ ਜਿੰਨੇ ਅਜਿਹੇ ਨਫ਼ਰਤ ਭਰੇ ਭਾਸ਼ਣ ਦੇਣ ਵਾਲੇ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਅਜਿਹੇ ਸੁਨੇਹੇ ਭੇਜਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਦੀ ਚੇਤਾਵਨੀ ਦਿੱਤੀ। ਪੁਲਸ ਕਮਿਸ਼ਨਰ ਨੇ ਕਿਹਾ, ਮੈਨੂੰ ਉਮੀਦ ਹੈ ਕਿ ਲੋਕ ਸੋਸ਼ਲ ਮੀਡੀਆ ’ਤੇ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ ਨੂੰ ਅੱਗੇ ਭੇਜਣ ਤੋਂ ਗੁਰੇਜ਼ ਕਰਨਗੇ।

## ਤਰਨਤਾਰਨ ਪੁਲਸ ਨੂੰ ਮਿਲੀ ਵੱਡੀ ਸਫਲਤਾ, ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਬਰਾਮਦ

ਤਰਨਤਾਰਨ 16 ਅਕਤੂਬਰ। ਸ਼ਰਾਬ ਦਾ ਕਾਰੋਬਾਰ ਕਰਨ ਵਾਲਿਆਂ ਖ਼ਿਲਾਫ਼ ਸ਼ੁਰੂ ਕੀਤੀ ਹੋਈ ਮੁਹਿੰਮ ਦੇ ਚੱਲਦਿਆਂ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਭਾਰੀ ਮਾਤਰਾ ’ਚ ਅੰਗਰੇਜ਼ੀ ਸ਼ਰਾਬ ਦੀਆਂ ਬੋਤਲਾਂ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਵੱਲੋਂ ਮੁਲਜ਼ਮ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਸਿਟੀ ਦੇ ਮੁਖੀ ਨੇ ਦੱਸਿਆ ਕਿ ਏ.ਐੱਸ.ਆਈ. ਜਸਪਾਲ ਸਿੰਘ ’ਤੇ ਅਧਾਰਿਤ ਪੁਲਸ ਪਾਰਟੀ ਨੇ ਨਾਕਾਬੰਦੀ ਦੌਰਾਨ ਇਕ ਲਾਲ ਰੰਗ ਦੀ ਹਾਂਡਾ ਸਿਟੀ ਕਾਰ ਨੰਬਰ ਪੀ.ਬੀ.02.ਏ.ਕੇ.4545 ਸਵਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ, ਜਿਸ ’ਤੇ ਕਾਰ ਚਾਲਕ ਪੁਲਸ ਪਾਰਟੀ ਨੂੰ ਵੇਖ ਕੇ ਘਬਰਾ ਗਿਆ ਅਤੇ ਗੱਡੀ ਰੋਕ ਕੇ ਮੌਕੇ ਤੋਂ ਭੱਜ ਗਿਆ। ਜਦ ਪੁਲਸ ਪਾਰਟੀ ਨੇ ਗੱਡੀ ਦੀ ਤਲਾਸ਼ੀ ਲਈ ਤਾਂ 108 ਬੋਤਲਾਂ ਰੋਇਲ ਸਟੈਗ, 24 ਬੋਤਲਾਂ ਮੈਕਡਾਵਲ, 24 ਬੋਤਲਾਂ ਆਫਿਸਰ ਚੋਇਸ, 24 ਬੋਤਲਾਂ ਰੋਇਲ ਚੈਲੇਂਜ ਕੁੱਲ 180 ਬੋਤਲਾਂ (135 ਲੀਟਰ) ਸ਼ਰਾਬ ਬਰਾਮਦ ਹੋਈ ਹੈ। ਫਰਾਰ ਹੋਏ ਮੁਲਜ਼ਮ ਦੀ ਪਛਾਣ ਸਿਮਰਜੋਤ ਸਿੰਘ ਉਰਫ਼ ਸੰਨੀ ਪੁੱਤਰ ਅਵਤਾਰ ਸਿੰਘ ਵਾਸੀ ਜੋਧਪੁਰ ਵਜੋਂ ਹੋਈ ਹੈ। ਜਿਸ ਦੇ ਖ਼ਿਲਾ.ਫ਼ ਮੁਕੱਦਮਾ ਨੰਬਰ 232 ਆਬਕਾਰੀ ਐਕਟ ਅਧੀਨ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਮੈਡਲ ਜੇਤੂ ਖਿਡਾਰੀਆਂ ਦਾ ਹੋਇਆ ਭਰਵਾਂ ਸਵਾਗਤ ।ਸਬ ਜੂਨੀਅਰ ਨੈਸ਼ਨਲ ਜੂਡੋ ਚੈਂਪੀਅਨਸ਼ਿਪ ਹੈਦਰਾਬਾਦ ਲਈ ਚੁਣੇ ਗਏ ਪੰਜ ਖਿਡਾਰੀ

**ਕੌਮੀ ਪਤ੍ਰਿਕਾ**

ਮਲਾਗਰ ਖਮਾਣੋ ਫਤਿਹਗੜ ਸਾਹਿਬ, 16 ਅਕਤੂਬਰ: 46 ਵੀ ਪੰਜਾਬ ਰਾਜ ਸਬ ਜੂਨੀਅਰ ਜੂਡੋ ਚੈਂਪੀਅਨਸ਼ਿਪ ਜਲੰਧਰ ਵਿਖੇ ਸ਼ਹੀਦ ਭਗਤ ਸਿੰਘ ਜੂਡੋ ਟ?ਰੇਨਿੰਗ ਸੈਂਟਰ ਗੁਰਦਾਸਪੁਰ ਦੇ ਖਿਡਾਰੀਆਂ ਨੇ ਬਾਹਰਵੀਂ ਵਾਰ ਪੰਜਾਬ ਜੂਡੋ ਚੈਂਪੀਅਨਸ਼ਿਪ ਜਿੱਤ ਕੇ ਇਤਿਹਾਸ ਸਿਰਜਿਆ ਹੈ। ਇਸ ਚੈਂਪੀਅਨਸ਼ਿਪ ਵਿੱਚ ਖਿਡਾਰੀਆਂ ਨੇ 7 ਗੋਲਡ ਮੈਡਲ 2 ਸਿਲਵਰ ਮੈਡਲ ਅਤੇ 4 ਬਰਾਉਨਜ ਮੈਡਲ ਜਿੱਤ ਕੇ ਗੁਰਦਾਸਪੁਰ ਜ਼ਿਲ੍ਹੇ ਦਾ ਨਾਮ ਰੋਸ਼ਨ ਕੀਤਾ ਹੈ। ਸ਼ਹੀਦ ਭਗਤ ਸਿੰਘ ਜੂਡੋ ਟ?ਰੇਨਿੰਗ ਸੈਂਟਰ ਗੁਰਦਾਸਪੁਰ ਵਿਖੇ ਚੈਂਪੀਅਨਸ਼ਿਪ ਜਿੱਤ ਕੇ ਪਰਤੇ ਖਿਡਾਰੀਆਂ ਦਾ ਜ਼ਿਲ੍ਹਾ ਜੂਡੋ ਐਸੋਸੀਏਸ਼ਨ , ਖੇਡ ਵਿਭਾਗ ਪੰਜਾਬ , ਅਤੇ ਜੂਡੋ ਖੇਡ ਪ੍ਰੇਮੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਸੈਂਟਰ ਦੇ ਸੰਚਾਲਕ ਅਮਰਜੀਤ ਸ਼ਾਸਤਰੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਦਾਸਪੁਰ ਦੇ ਖਿਡਾਰੀਆਂ ਨੇ ਆਪਣੀ ਸਖ਼ਤ ਮਿਹਨਤ ਸਦਕਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਇਸ ਚੈਂਪੀਅਨਸ਼ਿਪ ਵਿੱਚ ਜਿੱਥੇ ਨਵੇਂ ਖਿਡਾਰੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਉਥੇ ਪੁਰਾਣੇ ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ ਦੇ ਅਨੁਭਵ ਦਾ ਪ੍ਰਗਟਾਵਾ ਕੀਤਾ ਹੈ। ਪਿਛਲੇ ਸਾਲ ਦੇ ਗੋਲਡ ਮੈਡਲ ਵਿਜੇਤਾ ਸ਼ੁਭਮ ਸ਼ਰਮਾ, ਪਿਊਸ਼ ਦੁਬਾਰਾ ਨੈਸ਼ਨਲ ਪੱਧਰ ਦੇ ਮੁਕਾਬਲਿਆਂ ਲਈ ਚੁਣੇ ਗਏ ਹਨ। ਇਸੇ ਤਰ੍ਹਾਂ ਕਵਿਸ ਮਹਾਜਨ, ਹਰਬੀਰ ਸਿੰਘ, ਹਰਨੂਰ ਸਿੰਘ ਮੋਖਾ ਪਹਿਲੀ ਵਾਰ ਸਬ ਜੂਨੀਅਰ ਨੈਸ਼ਨਲ ਜੂਡੋ ਚੈਂਪੀਅਨਸ਼ਿਪ ਹੈਦਰਾਬਾਦ ਲਈ ਚੁਣੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹਨਾਂ ਪ੍ਰਾਪਤੀਆਂ ਦੇ ਪਿੱਛੇ ਇਕ ਵਧੀਆ ਟੀਮ ਹੈ। ਜਿਸ ਵਿਚ ਖੇਡ ਵਿਭਾਗ ਪੰਜਾਬ, ਸਿਖਿਆ ਵਿਭਾਗ ਪੰਜਾਬ, ਸਕੂਲ ਅਧਿਆਪਕ ਮਾਪੇ ਅਤੇ ਜੂਡੋ ਖੇਡ ਪ੍ਰੇਮੀ ਹਨ। ਇਹਨਾਂ ਖਿਡਾਰੀਆਂ ਦੀ ਪੁਸ਼ਤਪਨਾਹੀ ਕਰਨ ਲਈ ਸਾਬਕਾ ਜੂਡੋ ਖਿਡਾਰੀਆਂ ਨੇ ਆਰਥਿਕ ਸਹਾਇਤਾ ਦੇਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ। 45 ਡਿਗਰੀ ਗਰਮੀ ਵਿੱਚ ਖੂਨ ਪਸੀਨਾ ਵਹਾ ਕੇ ਮੈਡਲ ਜਿੱਤਣ ਦੀ ਉਮੰਗ ਰੱਖਣ ਵਾਲੇ ਖਿਡਾਰੀਆਂ ਲਈ ਦੁੱਧ ਸੋਢਾ ਨਿੰਬੂ ਪਾਣੀ ਦਾ ਪ੍ਰਬੰਧ ਗਰਮੀਆਂ ਦੀਆਂ ਛੁੱਟੀਆਂ ਵਿਚ ਕੀਤਾ ਗਿਆ। ਮਿਹਨਤੀ ਕੋਚ ਰਵੀ ਕੁਮਾਰ ਗੁਰਦਾਸਪੁਰ ਅਤੁਲ ਕੁਮਾਰ ਲਕਸ਼ੇ ਅਤੇ ਦਿਨੇਸ਼ ਕੁਮਾਰ ਬਟਾਲਾ ਵਲੋਂ ਇਹਨਾਂ ਖਿਡਾਰੀਆਂ ਨੂੰ ਸਖ਼ਤ ਮਿਹਨਤ ਕਰਵਾਈ ਗਈ ਹੈ ਜਿਸ ਕਰਕੇ ਇਹਨਾਂ ਨੇ ਕਾਮਯਾਬੀ ਹਾਸਲ ਕੀਤੀ ਹੈ। ਅੱਜ ਖੇਡ ਵਿਭਾਗ ਪੰਜਾਬ ਦੇ ਜ਼ਿਲ੍ਹਾ ਖੇਡ ਅਫ਼ਸਰ ਸਿਮਰਨਜੀਤ ਸਿੰਘ ਰੰਧਾਵਾ, ਸਤੀਸ਼ ਕੁਮਾਰ ਮੈਡਮ ਬਲਵਿੰਦਰ ਕੌਰ ਰਾਵਲਪਿੰਡੀ, ਅਮਰ ਕ੍ਰਾਂਤੀ, ਡਾਕਟਰ ਰਵਿੰਦਰ ਸਿੰਘ , ਗਗਨਦੀਪ ਸ਼ਰਮਾ, ਪਰਮਕੁਲਜੀਤ ਸਿੰਘ, ਰਵਿੰਦਰ ਪਠਾਣੀਆਂ, ਰਜੇਸ਼ ਕੁਮਾਰ ਬੈਡਮਿੰਟਨ ਕੋਚ, ਰਵਿੰਦਰ ਖੰਨਾ ਅਤੇ ਖਿਡਾਰੀਆਂ ਦੇ ਮਾਪੇ ਹਾਜ਼ਰ ਸਨ।

## ਕਿਸਾਨਾਂ ਦੀਆਂ 10 ਬਿਜਲੀ ਤੇ ਸੋਲਰ ਮੋਟਰਾਂ ਦੀਆਂ ਤਾਰਾਂ ਚੋਰੀ

ਗੁਰਦਾਸਪੁਰ 16 ਅਕਤੂਬਰ। ਪੁਲਸ ਚੌਕੀ ਬਰਿਆਰ ਤੋਂ ਸਿਰਫ਼ ਅੱਧਾ ਕਿਲੋਮੀਟਰ ਦੀ ਦੂਰੀ ’ਤੇ ਪੈਂਦੇ ਪਿੰਡ ਘੁੱਲੇ ਵਿਖੇ ਕਿਸਾਨਾਂ ਦੀ ਜ਼ਮੀਨ ਵਿੱਚੋਂ ਦਸ ਬਿਜਲੀ ਦੀਆਂ ਮੋਟਰਾਂ ਅਤੇ ਸੋਲਰ ਮੋਟਰਾਂ ਦੀਆਂ ਤਾਰਾਂ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਬਾਬਾ ਸੁੱਖਾ ਸਿੰਘ, ਸੁਖਵਿੰਦਰ ਸਿੰਘ, ਪਲਵਿੰਦਰ ਸਿੰਘ, ਸੁੱਚਾ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਪਿੰਡ ਘੁੱਲੇ ਵਿਖੇ ਉਨ੍ਹਾਂ ਦੀ ਜ਼ਮੀਨ ਹੈ ਜਿੱਥੇ ਚੋਰਾਂ ਵੱਲੋਂ ਮੋਟਰਾਂ ਦੀਆਂ ਅਤੇ ਸੋਲਰ ਮੋਟਰਾਂ ਦੀਆਂ ਤਾਰਾਂ ਚੋਰੀ ਕੀਤੀਆਂ ਗਈਆਂ ਹਨ। ਇਸ ਦੇ ਨਾਲ ਹੀ ਚੋਰਾਂ ਵੱਲੋਂ ਮੋਟਰਾਂ ਦੇ ਕਮਰਿਆਂ ਦੇ ਤਾਲੇ ਤੋੜ ਕੇ ਉੱਥੋਂ ਦਾ ਸਮਾਨ ਵੀ ਚੋਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਬਾਰੇ ਉਨ੍ਹਾਂ ਨੇ ਪੁਲਿਸ ਚੌਂਕੀ ਬਰਿਆਰ ਵਿਖੇ ਰਿਪੋਰਟ ਦਰਜ ਕਰਵਾ ਦਿੱਤੀ ਹੈ। ਕਿਸਾਨਾਂ ਨੇ ਪੁਲਸ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਕਿ ਚੋਰਾਂ ਨੂੰ ਜਲਦ ਤੋਂ ਜਲਦ ਕਾਬੂ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ, ਤਾਂ ਜੋ ਕਿਸਾਨਾਂ ਦੇ ਹੋਏ ਵੱਡੇ ਨੁਕਸਾਨ ਦੀ ਪੂਰਤੀ ਹੋ ਸਕੇ ਅਤੇ ਅੱਗੇ ਤੋਂ ਅਜਿਹੀਆਂ ਵਾਰਦਾਤਾਂ ਨੂੰ ਰੋਕਿਆ ਜਾ ਸਕੇ।

## ਅਣਪਛਾਤਿਆਂ ਨੇ ਅੱਧੀ ਰਾਤ ਘਰ ਦੇ ਗੇਟ ’ਤੇ ਚਲਾਈਆਂ ਗੋਲੀਆਂ

ਤਰਨਤਾਰਨ 16 ਅਕਤੂਬਰ। ਜ਼ਿਲਾ ਤਰਨਤਾਰਨ ਦੇ ਪਿੰਡ ਕਲਸੀਆਂ ਕਲਾਂ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਅੱਧੀ ਰਾਤ ਇਕ ਘਰ ’ਤੇ ਗੋਲੀਆਂ ਚਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਸਬੰਧੀ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਸ ਨੂੰ ਦਰਜ ਕਰਵਾਏ ਬਿਆਨ ’ਚ ਪਰਗਟ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਕਲਸੀਆਂ ਕਲਾਂ ਨੇ ਦੱਸਿਆ ਕਿ ਬੀਤੀ ਰਾਤ ਉਹ ਸਾਰਾ ਪਰਿਵਾਰ ਰੋਟੀ ਪਾਣੀ ਖਾ ਕੇ ਸੌਂ ਗਿਆ। ਰਾਤ 1 ਵਜੇ ਉਸ ਨੂੰ ਖੜਾਕ ਦੀ ਆਵਾਜ਼ ਸੁਣਾਈ ਦਿੱਤੀ ਤਾਂ ਪਤਾ ਲੱਗਾ ਕਿ ਅਣਪਛਾਤੇ ਵਿਅਕਤੀਆਂ ਨੇ ਫਾਇਰ ਕੀਤੇ ਹਨ ਜੋ ਉਨ੍ਹਾਂ ਦੇ ਲੋਹੇ ਦੇ ਗੇਟ ਉੱਤੇ ਲੱਗੇ। ਘਟਨਾ ਸਬੰਧੀ ਉਨ੍ਹਾਂ ਨੇ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਇਸ ਸਬੰਧੀ ਪੁਲਸ ਵੱਲੋਂ ਅਣਪਛਾਤੇ ਮੁਲਜ਼ਮਾਂ ਦੇ ਖ਼ਿਲਾਫ਼ ਕੇਸ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਤਿਉਹਾਰਾਂ ਦੀਆਂ ਖ਼ੁਸ਼ੀਆਂ ਵਿਚਾਲੇ ਪਏ ਵੈਣ, 2 ਵਿਦਿਆਰਥੀਆਂ ਦੀ ਰੂਹ ਕੰਬਾਊ ਹਾਦਸੇ ਦੌਰਾਨ ਮੌਤ

ਅਬੋਹਰ 16 ਅਕਤੂਬਰ। ਅਬੋਹਰ ਵਿਖੇ ਬੱਲੂਆਣਾ ਨੇੜੇ ਵਾਪਰੇ ਦਰਦਨਾਕ ਹਾਦਸੇ ਦੌਰਾਨ 2 ਵਿਦਿਆਰਥੀਆਂ ਦੀ ਮੌਤ ਹੋ ਗਈ, ਜਦੋਂ ਕਿ ਇਕ ਵਿਦਿਆਰਥੀ ਬੁਰੀ ਤਰ੍ਹਾਂ ਜ਼ਖਮੀ ਹੋ ਗਿਆ, ਜਿਸ ਦਾ ਇਲਾਜ ਚੱਲ ਰਿਹਾ ਹੈ। ਜਾਣਕਾਰੀ ਮੁਤਾਬਕ ਉਕਤ ਤਿੰਨੇ ਵਿਦਿਆਰਥੀ ਦੋਸਤ ਸਨ ਅਤੇ ਬੱਲੂਆਣਾ ਦੇ ਸਰਕਾਰੀ ਸਕੂਲ ’ਚ ਗਿਆਰਵੀਂ ਜਮਾਤ ’ਚ ਪੜ੍ਹਦੇ ਸਨ। ਤਿੰਨੇ ਦੋਸਤ ਬਾਈਕ ’ਤੇ ਸਵਾਰ ਹੋ ਕੇ ਜਾ ਰਹੇ ਸਨ ਕਿ ਅਚਾਨਕ ਇਕ ਕਾਰ ਅਬੋਹਰ ਤੋਂ ਮਲੋਟ ਜਾ ਰਹੀ ਸੀ, ਜਿਸ ਨੇ ਵਿਦਿਆਰਥੀਆਂ ਦੀ ਬਾਈਕ ਨੂੰ ਟੱਕਰ ਮਾਰ ਦਿੱਤੀ। ਇਹ ਹਾਦਸਾ ਇੰਨਾ ਭਿਆਨਕ ਸੀ ਕਿ ਮੌਕੇ ’ਤੇ ਹੀ 2 ਵਿਦਿਆਰਥੀਆਂ ਦੀ ਮੌਤ ਹੋ ਗਈ, ਜਦੋਂ ਕਿ ਇਕ ਵਿਦਿਆਰਥੀ ਗੰਭੀਰ ਰੂਪ ’ਚ ਜ਼ਖਮੀ ਹੋ ਗਿਆ। ਮੌਕੇ ’ਤੇ ਲੰਘ ਰਹੇ ਰਾਹਗੀਰਾਂ ਨੇ ਤਿੰਨਾਂ ਵਿਦਿਆਰਥੀਆਂ ਨੂੰ ਹਸਪਤਾਲ ਪਹੁੰਚਾਇਆ। ਡਾਕਟਰਾਂ ਨੇ 2 ਵਿਦਿਆਰਥੀਆਂ ਨੂੰ ਮ੍ਰਿਤਕ ਕਰਾਰ ਦਿੱਤਾ, ਜਦੋਂ ਕਿ ਤੀਜੇ ਗੰਭੀਰ ਜ਼ਖਮੀ ਹੋਏ ਵਿਦਿਆਰਥੀ ਨੂੰ ਰੈਫ਼ਰ ਕਰ ਦਿੱਤਾ ਗਿਆ ਹੈ, ਜਿਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਉਸ ਨੂੰ ਇਲਾਜ ਲਈ ਅਬੋਹਰ ਦੇ ਸਰਕਾਰੀ ਹਸਪਤਾਲ ’ਚ ਦਾਖ਼ਲ ਕਰਾਇਆ ਗਿਆ ਹੈ।

## ਚੈੱਕ ਬਾਊਂਸ ਮਾਮਲੇ ’ਚ ਸਜ਼ਾ ਅਤੇ ਹਰਜਾਨਾ

ਅਬੋਹਰ 16 ਅਕਤੂਬਰ। ਜੁਡੀਸ਼ੀਅਲ ਮੈਜਿਸਟ?ਰੇਟ ਸੁਖਮਨਦੀਪ ਸਿੰਘ ਦੀ ਅਦਾਲਤ ਵਿੱਚ ਇੱਕ ਲੱਖ 56 ਹਜ਼ਾਰ ਚੈੱਕ ਬਾਊਂਸ ਦੇ ਮਾਮਲੇ ਵਿੱਚ ਰਾਮਸਵਰੂਪ ਪੁੱਤਰ ਦਯਾਰਾਮ ਨਿਵਾਸੀ ਬਜੀਤਪੁਰ ਕੱਟਿਆਂਵਾਲੀ ਦੇ ਵਕੀਲ ਨੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਦੂਜੇ ਪਾਸੇ ਵੈਭਵ ਚਰਾਇਆ ਪੁੱਤਰ ਰਮੇਸ਼ ਕੁਮਾਰ ਦੇ ਵਕੀਲ ਹਰਪ੍ਰੀਤ ਸਿੰਘ ਨੇ ਆਪਣੀਆਂ ਦਲੀਲਾਂ ਪੇਸ਼ ਕੀਤੀਆਂ। ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਜੁਡੀਸ਼ੀਅਲ ਮੈਜਿਸਟਰੇਟ ਸੁਖਮਨਦੀਪ ਸਿੰਘ ਨੇ ਰਾਮਸਵਰੂਪ ਨੂੰ ਦੋਸ਼ੀ ਠਹਿਰਾਇਆ ਅਤੇ ਉਸਨੂੰ ਇੱਕ ਸਾਲ ਦੀ ਕੈਦ ਅਤੇ ਹਰਜ਼ਾਨੇ ਦੀ ਸਜ਼ਾ ਸੁਣਾਈ। ਜ਼ਿਕਰਯੋਗ ਹੈ ਕਿ ਰਾਮਸਵਰੂਪ ਨੇ ਵੈਭਵ ਚਰਾਇਆ ਨੂੰ ਇੱਕ ਲੱਖ 56 ਹਜ਼ਾਰ ਰੁਪਏ ਦਾ ਚੈੱਕ ਦਿੱਤਾ ਸੀ। ਜਦੋਂ ਵੈਭਵ ਚਰਾਇਆ ਨੇ ਚੈੱਕ ਖਾਤੇ ਵਿੱਚ ਲਗਾਇਆ ਤਾਂ ਚੈੱਕ ਬਾਊਂਸ ਹੋ ਗਿਆ ਸੀ।

## ਨੇਪਾਲ ਦੀ ਜੇਲ੍ਹ ’ਚੋਂ ਫਰਾਰ ਹੋਈ ਪਾਕਿਸਤਾਨੀ ਔਰਤ

ਨੈਸ਼ਨਲ ਡੈਸਕ 16 ਅਕਤੂਬਰ। ਦੱਖਣੀ ਤ੍ਰਿਪੁਰਾ ਦੇ ਸਬਰੂਮ ਰੇਲਵੇ ਸਟੇਸ਼ਨ ’ਤੇ ਰੇਲਵੇ ਪੁਲਸ ਨੇ ਕਥਿਤ ਤੌਰ ’ਤੇ ਨੇਪਾਲ ਜੇਲ ’ਚੋਂ ਭੱਜੀ ਹੋਈ ਪਾਕਿਸਤਾਨੀ ਮੂਲ ਦੀ 50 ਸਾਲਾ ਔਰਤ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਨੇ ਕਿਹਾ ਕਿ ਇਹ ਔਰਤ ਨੇਪਾਲ ’ਚ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਦੀ ਸੀ। ਉਸ ਨੂੰ ਕੋਲਕਾਤਾ ਤੋਂ ਕੰਚਨਜੰਗਾ ਐਕਸਪ੍ਰੈੱਸ ਰਾਹੀਂ ਰੇਲਵੇ ਸਟੇਸ਼ਨ ਪਹੁੰਚਣ ’ਤੇ ਸ਼ੱਕੀ ਵਿਹਾਰ ਕਰਨ ਤੋਂ ਬਾਅਦ ਹਿਰਾਸਤ ’ਚ ਲਿਆ ਗਿਆ। ਸ਼ੁਰੂਆਤ ਵਿਚ ਉਸ ਨੇ ਆਪਣੀ ਪਛਾਣ ਦਿੱਲੀ ਦੀ ਪੁਰਾਣੀ ਬਸਤੀ ਦੀ ਸ਼ਾਹੀਨਾ ਪ੍ਰਵੀਨ ਦੱਸੀ ਪਰ ਕੋਈ ਜਾਇਜ਼ ਪਛਾਣ ਪੱਤਰ ਮੁਹੱਈਆ ਨਾ ਕਰਾ ਸਕੀ। ਬਾਅਦ ਵਿਚ ਪੁਲਸ ਨੇ ਉਸ ਦੇ ਕੋਲ ਮੌਜੂਦ ਸਾਮਾਨ ਦੀ ਤਲਾਸ਼ੀ ਲਈ ਤਾਂ ਉਨ੍ਹਾਂ ਨੂੰ ਪਾਕਿਸਤਾਨ ਦੇ ਕਈ ਨੰਬਰ ਮਿਲੇ। ਉਹ ਬੰਗਲਾਦੇਸ਼ ਹੁੰਦੇ ਹੋਏ ਪਾਕਿਸਤਾਨ ਜਾਣ ਦੀ ਕੋਸ਼ਿਸ਼ ਕਰ ਰਹੀ ਸੀ। ਉਸ ਨੇ ਆਪਣੀ ਅਸਲੀ ਪਛਾਣ ਲੂਈਸ ਨਿਗਹਤ ਅਖਤਰ ਬਾਨੋ ਦੱਸੀ।

## ਘਰਵਾਲੀ ਦੀਆਂ ਨਿੱਜੀ ਤਸਵੀਰ ਤੇ ਵੀਡੀਓ ਵਾਇਰਲ ਕਰਨ ਦੇ ਦੋਸ਼ ’ਚ ਘਰਵਾਲੇ ਗ੍ਰਿਫਤਾਰ

ਨੈਸ਼ਨਲ ਡੈਸਕ 16 ਅਕਤੂਬਰ। ਪੁਲਸ ਨੇ ਐਤਵਾਰ ਨੂੰ ਕਿਹਾ ਕਿ ਪੇਰੂੰਬਾਵੂਰ ਵਿੱਚ ਇੱਕ 28 ਸਾਲਾ ਵਿਅਕਤੀ ਨੂੰ ਆਪਣੀ ਪਤਨੀ ਦੀਆਂ ਅਸ਼ਲੀਲ ਤਸਵੀਰਾਂ ਅਤੇ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਸ ਨੇ ਕਿਹਾ ਕਿ ਦੋਸ਼ੀ, ਜਿਸਦੀ ਪਛਾਣ ਕਲਾਮਾਸਰੀ ਦਾ ਰਹਿਣ ਵਾਲਾ ਸ਼ਾਰੂਕ ਏ.ਬੀ. ਵਜੋਂ ਹੋਈ ਹੈ, ਵਿਆਹੁਤਾ ਝਗੜੇ ਕਾਰਨ ਆਪਣੀ ਪਤਨੀ ਤੋਂ ਵੱਖ ਰਹਿ ਰਿਹਾ ਸੀ। ਔਰਤ ਨੂੰ ਸੋਸ਼ਲ ਮੀਡੀਆ ਪਲੇਟਫਾਰਮਾਂ ’ਤੇ ਉਸਦੀਆਂ ਨਿੱਜੀ ਤਸਵੀਰਾਂ ਅਤੇ ਵੀਡੀਓ ਸਾਂਝੀਆਂ ਹੋਣ ਦਾ ਪਤਾ ਲੱਗਾ, ਅਤੇ ਇਸ ਸਾਲ ਫਰਵਰੀ ਵਿੱਚ ਉਸਦੀ ਸ਼ਿਕਾਇਤ ਦੇ ਆਧਾਰ ’ਤੇ ਮਾਮਲਾ ਦਰਜ ਕੀਤਾ ਗਿਆ। ਘਟਨਾ ਦੇ ਸਮੇਂ, ਔਰਤ ਪੇਰੂੰਬਾਵੂਰ ਵਿੱਚ ਕਿਰਾਏ ਦੇ ਕਮਰੇ ਵਿੱਚ ਰਹਿ ਰਹੀ ਸੀ।

## ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਜੀਐਸਟੀ ਕਮਿਸ਼ਨਰ ਨਾਲ ਕੀਤੀ ਮੁਲਾਕਾਤ

ਸੰਗਰੂਰ, 16 ਅਕਤੂਬਰ। ਕੈਮਿਸਟ ਐਸੋਸੀਏਸ਼ਨ ਦੇ ਨੁਮਾਇੰਦਿਆਂ ਨੇ ਜੀਐਸਟੀ ਨਾਲ ਸਬੰਧਤ ਵੱਖ-ਵੱਖ ਮੁੱਦਿਆਂ ’ਤੇ ਚਰਚਾ ਕਰਨ ਲਈ ਪੰਜਾਬ ਜੀਐਸਟੀ ਕਮਿਸ਼ਨਰ ਜਤਿੰਦਰ ਜੋਰਵਾਲ (ਆਈਏਐਸ) ਨਾਲ ਮੁਲਾਕਾਤ ਕੀਤੀ। ਇਸ ਮੀਟਿੰਗ ਦੀ ਅਗਵਾਈ ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਨੇ ਕੀਤੀ। ਮੀਟਿੰਗ ਦੌਰਾਨ, ਨਵੀਆਂ ਜੀਐਸਟੀ ਦਰਾਂ ਬਾਰੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ, ਅਤੇ ਕੈਮਿਸਟ ਭਾਈਚਾਰੇ ਦੀਆਂ ਕਈ ਗਲਤ ਧਾਰਨਾਵਾਂ ਦੂਰ ਕੀਤੀਆਂ ਗਈਆਂ। ਕਮਿਸ਼ਨਰ ਜੋਰਵਾਲ ਨੇ ਸਪੱਸ਼ਟ ਕੀਤਾ ਕਿ ਨਵੀਆਂ ਦਰਾਂ ਲਾਗੂ ਹੋਣ ਤੋਂ ਬਾਅਦ, ਦਵਾਈਆਂ ਸਮੇਤ ਬਹੁਤ ਸਾਰੀਆਂ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ ਘਟੀਆਂ ਹਨ, ਜਿਸਦਾ ਸਿੱਧਾ ਫਾਇਦਾ ਖਪਤਕਾਰਾਂ ਨੂੰ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਭਾਗ ਵਪਾਰੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਹਰ ਸ਼ਿਕਾਇਤ ਨੂੰ ਪਹਿਲ ਦੇ ਆਧਾਰ ’ਤੇ ਹੱਲ ਕੀਤਾ ਜਾਵੇਗਾ। ਜੋਰਵਾਲ ਨੇ ਕਿਹਾ, “ਸਾਡਾ ਉਦੇਸ਼ ਦੋਹਰਾ ਹੈ: ਖਪਤਕਾਰਾਂ ਨੂੰ ਰਾਹਤ ਪ੍ਰਦਾਨ ਕਰਨਾ ਅਤੇ ਕਾਰੋਬਾਰਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨਾ। ਵਿਭਾਗ ਨਿਰਪੱਖ ਅਤੇ ਪਾਰਦਰਸ਼ੀ ਢੰਗ ਨਾਲ ਕੰਮ ਕਰ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਨੇ ਕਿਹਾ ਕਿ ਕੈਮਿਸਟ ਐਸੋਸੀਏਸ਼ਨ ਸਰਕਾਰ ਅਤੇ ਵਿਭਾਗ ਵਿਚਕਾਰ ਇੱਕ ਪੁਲ ਵਜੋਂ ਕੰਮ ਕਰੇਗੀ ਤਾਂ ਜੋ ਰਾਹਤ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਇਆ ਜਾ ਸਕੇ। ਇਸ ਮੌਕੇ ਸੰਗਰੂਰ ਐਸੋਸੀਏਸ਼ਨ ਨੇ ਕਮਿਸ਼ਨਰ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਅਜਾਇਬ ਸਿੰਘ ਅਤੇ ਦੀਪਕ ਮਿੱਤਲ ਮੌਜੂਦ ਸਨ।

## ਦਾਦੇ ਲਈ ਖੇਤ ’ਚ ਪਾਣੀ ਲੈ ਕੇ ਜਾ ਰਹੀ ਸੀ ਕੁੜੀ, ਅਚਾਨਕ ਕਰ’ਤਾ Leopard ਨੇ ਹਮਲਾ ਤੇ ਫਿਰ...

**ਕੌਮੀ ਪਤ੍ਰਿਕਾ**

ਪੁਣੇ 16 ਅਕਤੂਬਰ। ਮਹਾਰਾਸ਼ਟਰ ਦੇ ਪੁਣੇ ਜ਼ਿਲ੍ਹੇ ’ਚ ਤੇਂਦੂਏ ਦੇ ਹਮਲੇ ’ਚ ਪੰਜ ਸਾਲਾ ਬੱਚੀ ਦੀ ਮੌਤ ਹੋ ਗਈ, ਜਿਸ ਕਾਰਨ ਸਥਾਨਕ ਲੋਕਾਂ ਨੇ ਹੋਰ ਜਾਨੀ ਨੁਕਸਾਨ ਨੂੰ ਰੋਕਣ ਲਈ ਸਖ਼ਤ ਉਪਾਅ ਕਰਨ ਦੀ ਮੰਗ ਕੀਤੀ। ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨੇ ਸੋਮਵਾਰ ਇਸ ਬਾਰੇ ਜਾਣਕਰੀ ਦਿੱਤੀ। ਇਹ ਘਟਨਾ ਐਤਵਾਰ ਨੂੰ ਵਾਪਰੀ ਜਦੋਂ ਸ਼ਿਵਾਨਿਆ ਸ਼ੈਲੇਸ਼ ਬੰਬੇ ਆਪਣੇ ਦਾਦਾ ਲਈ ਪਾਣੀ ਲੈ ਕੇ ਜਾ ਰਹੀ ਸੀ, ਜੋ ਸ਼ਿਰੂਰ ਤਹਿਸੀਲ ਅਧੀਨ ਪੈਂਦੇ ਪਿੰਡ ਪਿੰਪਰਖੇੜ ਵਿੱਚ ਆਪਣੇ ਘਰ ਦੇ ਨੇੜੇ ਇੱਕ ਖੇਤ ਵਿੱਚ ਕੰਮ ਕਰ ਰਹੇ ਸਨ। ਅਧਿਕਾਰੀਆਂ ਨੇ ਕਿਹਾ ਕਿ ਜੰਗਲਾਤ ਕਰਮਚਾਰੀਆਂ ਨੇ ਸੋਮਵਾਰ ਨੂੰ ਇਲਾਕੇ ਵਿੱਚੋਂ ਤੇਂਦੂਏ ਨੂੰ ਫੜ ਲਿਆ। ਜੁੰਨਾਰ ਜੰਗਲਾਤ ਵਿਭਾਗ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪੀੜਤ ਦੇ ਪਰਿਵਾਰ ਦਾ ਖੇਤ ਉਨ੍ਹਾਂ ਦੇ ਘਰ ਦੇ ਨੇੜੇ ਹੈ। ਸ਼ਿਵਾਨਿਆ ਦੇ ਦਾਦਾ ਜੀ ਨੇ ਉਸਨੂੰ ਪਾਣੀ ਲਿਆਉਣ ਲਈ ਕਿਹਾ ਸੀ। ਜਦੋਂ ਉਹ ਜਾ ਰਹੀ ਸੀ ਤਾਂ ਖੇਤਾਂ ਵਿੱਚ ਲੁਕੇ ਤੇਂਦੂਆ ਅਚਾਨਕ ਉਸ ’ਤੇ ਝਪਟ ਪਿਆ, ਉਸਦੀ



ਗਰਦਨ ਫੜ ਲਈ ਅਤੇ ਉਸਨੂੰ ਇੱਕ ਖੇਤ ਵਿੱਚ ਘਸੀਟ ਕੇ ਲੈ ਗਿਆ। ਉਸਨੇ ਕਿਹਾ ਕਿ ਨੇੜੇ ਕੰਮ ਕਰਨ ਵਾਲੇ ਲੋਕਾਂ ਨੇ ਤੁਰੰਤ ਤੇਂਦੂਏ ਦਾ ਪਿੱਛਾ ਕੀਤਾ। ਤੇਂਦੂਆ ਫਿਰ ਬੱਚੀ ਨੂੰ ਛੱਡ ਕੇ ਭੱਜ ਗਿਆ। ਸ਼ਿਵਾਨਿਆ ਨੂੰ ਗਰਦਨ ਵਿੱਚ ਗੰਭੀਰ ਸੱਟਾਂ ਲੱਗੀਆਂ ਅਤੇ ਉਸਨੂੰ ਹਸਪਤਾਲ ਲਿਜਾਇਆ ਗਿਆ ਪਰ ਉਸਦੀ ਮੌਤ ਹੋ ਗਈ। ਇਸ ਘਟਨਾ ਨਾਲ ਸਥਾਨਕ ਲੋਕਾਂ ਵਿੱਚ ਗੁੱਸਾ ਫੈਲ ਗਿਆ। ਲੋਕਾਂ ਨੇ ਇਲਾਕੇ ਵਿੱਚ ਤੇਂਦੂਏ ਦੇ ਹਮਲਿਆਂ ਦੀ ਵਧਦੀ ਗਿਣਤੀ ਦਾ ਹਵਾਲਾ ਦਿੱਤਾ ਅਤੇ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਉਪਾਵਾਂ ਦੀ ਮੰਗ ਕੀਤੀ। ਇਸ ਘਟਨਾ ਤੋਂ ਬਾਅਦ, ਜੰਗਲਾਤ ਵਿਭਾਗ ਨੇ ਇਲਾਕੇ ਵਿੱਚ 10 ਪਿੰਜਰੇ ਲਗਾਏ ਅਤੇ ਜਾਨਵਰ ਨੂੰ ਟਰੈਕ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਅਤੇ ਉਸਨੂੰ ਫੜਨ ਵਿੱਚ ਕਾਮਯਾਬ ਹੋ ਗਏ। ਅਧਿਕਾਰੀ ਨੇ ਕਿਹਾ, ਸਾਡੇ ਕਰਮਚਾਰੀਆਂ ਨੇ ਸੋਮਵਾਰ ਨੂੰ ਇੱਕ ਤੇਂਦੂਏ ਨੂੰ ਫੜ ਲਿਆ।

## ਦਰਦਨਾਕ ! ਭਰਾ ਅਤੇ ਭੈਣ ਪਾਣੀ ਨਾਲ ਭਰੇ ਝੋਨੇ ਦੇ ਖੇਤ ’ਚ ਡੁੱਬ, ਮੌਤ

ਨੈਸ਼ਨਲ ਡੈਸਕ 16 ਅਕਤੂਬਰ। ਚੰਦੌਲੀ ਜ਼ਿਲ੍ਹੇ ਦੇ ਅਲੀਨਗਰ ਖੇਤਰ ਵਿੱਚ ਮੰਗਲਵਾਰ ਦੁਪਹਿਰ ਨੂੰ ਇੱਕ ਭਰਾ ਅਤੇ ਭੈਣ ਪਾਣੀ ਨਾਲ ਭਰੇ ਝੋਨੇ ਦੇ ਖੇਤ ਵਿੱਚ ਡੁੱਬ ਗਏ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਅਲੀਨਗਰ ਥਾਣਾ ਖੇਤਰ ਦੇ ਅਧੀਨ ਆਉਂਦੇ ਰਾਮਪੁਰ ਸਰਨੇ ਪਿੰਡ ਵਿੱਚ ਖੁਸ਼ਬੂ (4) ਅਤੇ ਉਸਦਾ ਭਰਾ ਸ਼ਿਵਾਂਸ਼ੂ (2.5) ਮੰਗਲਵਾਰ ਦੁਪਹਿਰ ਨੂੰ ਪਾਣੀ ਨਾਲ ਭਰੇ ਝੋਨੇ ਦੇ ਖੇਤ ਵਿੱਚ ਡੁੱਬ ਗਏ। ਪੁਲਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਖੁਸ਼ਬੂ ਅਤੇ ਸ਼ਿਵਾਂਸ਼ੂ ਦੁਪਹਿਰ 12 ਵਜੇ ਦੇ ਕਰੀਬ ਪਿੰਡ ਦੇ ਆਂਗਣਵਾੜੀ ਕੇਂਦਰ ਤੋਂ ਆਪਣੀ ਪੜ੍ਹਾਈ ਤੋਂ ਘਰ ਵਾਪਸ ਆ ਰਹੇ ਸਨ। ਉਹ ਖੇਤ ਦੀ ਹੱਦ ਵਿੱਚੋਂ ਲੰਘ ਰਹੇ ਸਨ। ਉਨ੍ਹਾਂ ਦੇ ਅਨੁਸਾਰ ਉਨ੍ਹਾਂ ਦਾ ਪੈਰ ਫਿਸਲ ਗਿਆ ਅਤੇ ਉਹ ਪਾਣੀ ਨਾਲ ਭਰੇ ਝੋਨੇ ਦੇ ਖੇਤ ਵਿੱਚ ਡਿੱਗ ਗਏ ਅਤੇ ਦਲਦਲ ਵਿੱਚ ਫਸਣ ਨਾਲ ਉਨ੍ਹਾਂ ਦੀ ਮੌਤ ਹੋ ਗਈ। ਪੁਲਸ ਸਰਕਲ ਅਧਿਕਾਰੀ ਕ੍ਰਿਸ਼ਨਾ ਮੁਰਾਰੀ ਸ਼ਰਮਾ ਨੇ ਦੱਸਿਆ ਕਿ ਕੁਝ ਸਮੇਂ ਬਾਅਦ ਲੋਕਾਂ ਨੂੰ ਸਥਿਤੀ ਦਾ ਪਤਾ ਲੱਗਿਆ ਅਤੇ ਉਹ ਮੌਕੇ ’ਤੇ ਪਹੁੰਚੇ ਅਤੇ ਪੁਲਸ ਨੂੰ ਸੂਚਿਤ ਕੀਤਾ। ਸ਼ਰਮਾ ਦੇ ਅਨੁਸਾਰ ਪੁਲਸ ਨੇ ਦੋਵਾਂ ਦੀਆਂ ਲਾਸ਼ਾਂ ਨੂੰ ਕੱਢ ਕੇ ਪੋਸਟਮਾਰਟਮ ਲਈ ਭੇਜ ਦਿੱਤਾ। ਉਸਨੇ ਦੱਸਿਆ ਕਿ ਪਿੰਡ ਹਾਲ ਹੀ ਵਿੱਚ ਹੜ੍ਹਾਂ ਨਾਲ ਭਰ ਗਿਆ ਸੀ, ਅਤੇ ਕਿਉਂਕਿ ਰਾਮਪੁਰ ਸਰਨੇ ਪਿੰਡ ਇੱਕ ਨੀਵੇਂ ਖੇਤਰ ਵਿੱਚ ਸਥਿਤ ਹੈ, ਇਸ ਲਈ ਆਲੇ ਦੁਆਲੇ ਦੇ ਖੇਤ ਲਗਭਗ ਪੰਜ ਫੁੱਟ ਪਾਣੀ ਵਿੱਚ ਡੁੱਬ ਗਏ ਸਨ।

## ਪੰਜਾਬ ’ਚ ਬੇਖੌਫ਼ ਲੁਟੇਰੇ, ਦਿਨ ਦਿਹਾੜੇ ਰਾਹ ਜਾਂਦੀ ਔਰਤ ਨਾਲ ਕੀਤੀ ਵਾਰਦਾਤ

ਅਬੋਹਰ 16 ਅਕਤੂਬਰ। ਸਥਾਨਕ ਸੁੰਦਰ ਨਗਰੀ ਵਿਚ ਮੋਟਰਸਾਈਕਲ ’ਤੇ ਸਵਾਰ ਇਕ ਲੁਟੇਰੇ ਨੇ ਪੈਦਲ ਜਾ ਰਹੀ ਇਕ ਔਰਤ ਤੋਂ ਸੋਨੇ ਦੀ ਵਾਲੀ ਖੋਹ ਲਈ ਅਤੇ ਫਰਾਰ ਹੋ ਗਿਆ। ਇਸ ਘਟਨਾ ਦੀ ਵੀਡੀਓ ਅੱਜ ਵਾਇਰਲ ਹੋ ਗਈ ਅਤੇ ਪੂਰੀ ਘਟਨਾ ਸੀਸੀਟੀਵੀ ਵਿਚ ਕੈਦ ਹੋ ਗਈ। ਵੀਡੀਓ ਵਾਇਰਲ ਹੋਣ ’ਤੇ ਲੋਕਾਂ ਵਿਚ ਪੁਲਸ ਪ੍ਰਸ਼ਾਸਨ ਵਿਰੁੱਧ ਗੁੱਸਾ ਫੈਲ ਗਿਆ। ਇਸ ਘਟਨਾ ਵਿਚ ਔਰਤ ਦਾ ਕੰਨ ਕੱਟਿਆ ਗਿਆ। ਸੂਚਨਾ ਅਨੁਸਾਰ ਦੁਪਹਿਰ 1:35 ਵਜੇ ਸੁੰਦਰ ਨਗਰੀ ਗਲੀ ਨੰਬਰ 2 ਵਾਸੀ ਮਧੂ ਸ਼ਰਮਾ ਪਤਨੀ ਭਾਰਤ ਭੂਸ਼ਣ ਸ਼ਰਮਾ ਸੜਕ ’ਤੇ ਪੈਦਲ ਜਾ ਰਹੀ ਸੀ ਕਿ ਇਸੇ ਦੌਰਾਨ ਪਿੱਛੋਂ ਆਏ ਇਕ ਮੋਟਰਸਾਈਕਲ ਸਵਾਰ ਵਿਅਕਤੀ ਨੇ ਚੱਲਦੇ ਹੋਏ ਮੋਟਰਸਾਈਕਲ ਤੋਂ ਹੀ ਔਰਤ ਦੇ ਇਕ ਕੰਨ ਦੀ ਵਾਲੀ ਖੋਹ ਲਈ ਅਤੇ ਭੱਜ ਗਿਆ। ਉਸ ਵੱਲੋਂ ਰੌਲਾਨ ਪਾਉਣ ’ਤੇ ਜਦੋਂ ਤੱਕ ਲੋਕ ਘਰਾਂ ਤੋਂ ਬਾਹਰ ਆਏ ਉਦੋਂ ਤੱਕ ਉਕਤ ਵਿਅਕਤੀ ਉਥੋਂ ਗਾਇਬ ਹੋ ਗਿਆ। ਔਰਤ ਨੇ ਦੱਸਿਆ ਕਿ ਇਕ ਵਾਲੀ ਦੀ ਕੀਮਤ ਲਗਭਗ 50,000 ਰੁਪਏ ਸੀ। ਉਸਨੇ ਆਪਣੇ ਪਰਿਵਾਰ ਰਾਹੀਂ ਪੁਲਸ ਨੂੰ ਸੂਚਿਤ ਕੀਤਾ। ਪਰਿਵਾਰ ਨੇ ਦੱਸਿਆ ਕਿ ਸਾਰੀ ਘਟਨਾ ਗਲੀ ਵਿਚ ਇਕ ਘਰ ਦੇ ਬਾਹਰ ਕੈਮਰੇ ਵਿਚ ਕੈਦ ਹੋ ਗਈ ਸੀ, ਨਹੀਂ ਤਾਂ ਉਨ੍ਹਾਂ ਨੂੰ ਘਟਨਾ ਨੂੰ ਸਾਬਤ ਕਰਨ ਲਈ ਸਖ਼ਤ ਮਿਹਨਤ ਕਰਨੀ ਪੈਂਦੀ। ਉਨ੍ਹਾਂ ਨੇ ਅਜਿਹੇ ਲੁਟੇਰਿਆਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ।

## ਆਨਲਾਈਨ ਵਪਾਰ ਦੇ ਨਾਂ ’ਤੇ ਨੌਜਵਾਨ ਨਾਲ 1,60,000 ਰੁਪਏ ਦੀ ਠੱਗੀ

ਚੰਡੀਗੜ੍ਹ 16 ਅਕਤੂਬਰ। ਆਨਲਾਈਨ ਵਪਾਰ ਦੇ ਨਾਂ ’ਤੇ ਧਨਾਸ ਦੇ ਨੌਜਵਾਨ ਨਾਲ 1,60,000 ਰੁਪਏ ਦੀ ਠੱਗੀ ਹੋ ਗਈ। ਸ਼ਿਕਾਇਤ ਦੀ ਜਾਂਚ ਕਰਨ ਤੋਂ ਬਾਅਦ ਸਾਈਬਰ ਸੈੱਲ ਨੇ ਧੋਖਾਧੜੀ ਕਰਨ ਵਾਲਿਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਧਨਾਸ ਦੇ ਰਹਿਣ ਵਾਲੇ ਧੀਰਜ ਕੁਮਾਰ ਨੇ ਪੁਲਸ ਨੂੰ ਦਿੱਤੀ ਆਪਣੀ ਸ਼ਿਕਾਇਤ ਵਿਚ ਕਿਹਾ ਹੈ ਕਿ 5 ਦਸੰਬਰ 2024 ਨੂੰ ਆਨਲਾਈਨ ਵਪਾਰ ਬਾਰੇ ਇੱਕ ਵਟਸਐਪ ਸੁਨੇਹਾ ਮਿਲਿਆ। ਉਨ੍ਹਾਂ ਨੇ ਆਨਲਾਈਨ ਵਪਾਰ ਲਈ ਬੈਂਕ ਆਫ਼ ਮਹਾਰਾਸ਼ਟਰ ਵਿਚ 1360 ਜਮ?ਹਾਂ ਕਰਵਾ ਦਿੱਤੇ। ਧੋਖੇਬਾਜ਼ਾਂ ਨੇ ਮੁਨਾਫ਼ੇ ਦਾ ਵਾਅਦਾ ਕਰਕੇ 40,000 ਜਮ?ਹਾਂ ਕਰਵਾਉਣ ਲਈ ਕਿਹਾ, ਜੋ ਉਨ੍ਹਾਂ ਕਰਵਾ ਦਿੱਤੇ। 25 ਨਵੰਬਰ 2024 ਨੂੰ ਜਦੋਂ ਸ਼ਿਕਾਇਤਕਰਤਾ ਨੇ 58,000 ਰੁਪਏ ਕੱਢਵਾਉਣ ਦੀ ਕੋਸ਼ਿਸ਼ ਕੀਤੀ, ਤਾਂ ਠੱਗਾਂ ਨੇ ਕਿਹਾ ਕਿ ਪੈਸੇ 24 ਘੰਟਿਆਂ ਦੇ ਅੰਦਰ ਕੱਢਵਾ ਲਏ ਜਾਣਗੇ, ਪਰ ਅਜਿਹਾ ਨਹੀਂ ਹੋਇਆ। ਸ਼ਿਕਾਇਤਕਰਤਾ ਨੂੰ ਹੋਰ 20,000 ਰੁਪਏ ਜਮ?ਹਾਂ ਕਰਵਾਉਣ ਲਈ ਕਿਹਾ ਗਿਆ। 26 ਨਵੰਬਰ ਨੂੰ ਦੱਸੇ ਗਏ ਬੈਂਕ ਖਾਤੇ ਵਿਚ 20,000 ਰੁਪਏ ਜਮ?ਹਾਂ ਕਰਵਾਏ ਗਏ। 2 ਦਸੰਬਰ 2024 ਨੂੰ ਪੈਸੇ ਕੱਢਵਾਉਣ ਲਈ 90,000 ਰੁਪਏ ਜਮ?ਹਾਂ ਕਰਵਾਏ ਗਏ।

## ‘ਯੁੱਧ ਨਸ਼ਿਆਂ ਵਿਰੁੱਧ’ : 2.9 ਕਿੱਲੋ ਹੈਰੋਇਨ ਸਮੇਤ 79 ਨਸ਼ਾ ਤਸਕਰ ਕਾਬੂ

ਚੰਡੀਗੜ੍ਹ 16 ਅਕਤੂਬਰ। ‘ਯੁੱਧ ਨਸ਼ਿਆਂ ਵਿਰੁੱਧ’ ਦੇ 226ਵੇਂ ਦਿਨ ਪੰਜਾਬ ਪੁਲਸ ਨੇ 364 ਥਾਵਾਂ ’ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ’ਚ 63 ਐੱਫ.ਆਈ.ਆਰਜ਼ ਦਰਜ ਕਰ ਕੇ 79 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 226 ਦਿਨਾਂ ’ਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 32,867 ਹੋ ਗਈ ਹੈ। ਇਨ੍ਹਾਂ ਦੇ ਕਬਜ਼ੇ ’ਚੋਂ 2.9 ਕਿੱਲੋ ਹੈਰੋਇਨ, 2.6 ਕਿੱਲੋ ਅਫ਼ੀਮ, 674 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 7850 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਇਸ ਦੌਰਾਨ 66 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1000 ਤੋਂ ਵੱਧ ਪੁਲਸ ਮੁਲਾਜ਼ਮਾਂ ਵਾਲੀਆਂ 120 ਤੋਂ ਵੱਧ ਪੁਲਸ ਟੀਮਾਂ ਨੇ ਰਾਜ ਭਰ ’ਚ 364 ਥਾਵਾਂ ’ਤੇ ਛਾਪੇਮਾਰੀ ਕੀਤੀ ਹੈ। ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਸ ਟੀਮਾਂ ਨੇ 391 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ ਹੈ। ਨਾਲ ਹੀ 21 ਵਿਅਕਤੀਆਂ ਨੂੰ ਨਸ਼ਾ ਛੱਡਣ ਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

श्रद्धांजलि सभा

नैनं छिन्दन्ति शस्त्राणि नैन दहति पावकः ।
न चैनं क्लेदयन्त्यापो न शैषयति मारुतः ।।



अत्यन्त दुःख के साथ सूचित किया जाता है कि हमारे पूज्यनीय पिता जी

श्री कृष्ण लाल मल्होत्रा जी

का स्वर्गवास रविवार दिनांक 05 अक्टूबर 2025 को हो गया है

उनकी आत्मिक शांति हेतु प्रार्थना सभा

शुक्रवार दिनांक 17 अक्टूबर 2025 को होगी

भोजन लंगर ..............दोपहर 2.00 बजे सायं

प्रार्थना सभा..............दोपहर 3.00 से 5.00 बजे सायं

स्थान :- अजमल खान पार्क, लॉन नंबर 2, करोल बाग, दिल्ली- 110005

शोकाकुल

मल्होत्रा परिवार

आपकी प्रेरणा व आशीर्वाद से ये सेवा निरंतर चलती रहेगी

- निःशुल्क एम्बुलेंस सेवा
- निःशुल्क अस्थि विसर्जन सेवा
- निःशुल्क अंतिम संस्कार सेवा
- निःशुल्क वृद्ध आश्रम सेवा
- बीमार गायों की सेवा उपचार सेवा

पुत्र : चरणजीव मल्होत्रा
( कोरोना योद्धा, समाज सेवक )
Mob. : 9717263888



# ਖੱਡ 'ਚ ਡਿੱਗੀ ਬਰਾਤੀਆਂ ਨਾਲ ਭਰੀ ਬੱਸ ! ਪੈ ਗਿਆ ਚੀਕ-ਚਿਹਾੜਾ

**ਕੌਮੀ ਪੱਤ੍ਰਿਕਾ**

ਨੈਸ਼ਨਲ ਡੈਸਕ 16 ਅਕਤੂਬਰ। ਹਿਮਾਚਲ ਪ੍ਰਦੇਸ਼ ਦੇ ਸੋਲਨ ਜ਼ਿਲ੍ਹੇ ਦੇ ਲੁਹਾਰਘਾਟ ਖੇਤਰ 'ਚ ਇੱਕ ਨਿੱਜੀ ਬੱਸ ਖੱਡ 'ਚ ਡਿੱਗਣ ਨਾਲ ਇੱਕ ਵੱਡਾ ਹਾਦਸਾ ਵਾਪਰਿਆ। ਬੱਸ ਰਾਮਸ਼ਹਿਰ ਥਾਣਾ ਖੇਤਰ ਅਧੀਨ ਆਉਂਦੇ ਇੱਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਵਾਲੇ 42 ਰਿਸ਼ਤੇਦਾਰਾਂ ਨੂੰ ਲੈ ਕੇ ਜਾ ਰਹੀ ਸੀ, ਜਦੋਂ ਅਚਾਨਕ ਕੰਟਰੋਲ ਗੁਆ ਬੈਠੀ ਤੇ ਸੜਕ ਤੋਂ ਹੇਠਾਂ ਡਿੱਗ ਗਈ। ਹਾਦਸੇ 'ਚ ਲਗਭਗ 10 ਯਾਤਰੀਆਂ ਨੂੰ ਗੰਭੀਰ ਸੱਟਾਂ ਲੱਗੀਆਂ। ਸੱਟਾਂ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਹੋਰ ਇਲਾਜ ਲਈ ਤੁਰੰਤ ਬਿਲਾਸਪੁਰ ਏਮਜ਼ ਰੈਫਰ ਕਰ ਦਿੱਤਾ ਗਿਆ। ਉਨ੍ਹਾਂ ਨੂੰ ਹਸਪਤਾਲ ਲਿਜਾਣ ਲਈ ਇੱਕ ਹਰਾ ਕੋਰੀਡੋਰ ਸਥਾਪਤ ਕੀਤਾ ਗਿਆ। ਰਿਪੋਰਟਾਂ ਅਨੁਸਾਰ ਬੱਸ ਰਾਮਸ਼ਹਿਰ ਦੇ ਜੋਬੀ ਪਿੰਡ ਵਿੱਚ ਇੱਕ ਵਿਆਹ ਵਿੱਚ ਜਾ ਰਹੀ ਸੀ। ਡਰਾਈਵਰ ਨੇ ਇੱਕ ਢਲਾਨ ਅਤੇ ਮੋੜ 'ਤੇ ਕੰਟਰੋਲ ਗੁਆ ਦਿੱਤਾ, ਜਿਸ ਕਾਰਨ ਬੱਸ ਡੂੰਘੀ ਖੱਡ ਵਿੱਚ ਫਿਸਲ ਗਈ ਅਤੇ ਪਲਟ ਗਈ। ਹਾਦਸਾ ਇੰਨਾ ਭਿਆਨਕ ਸੀ ਕਿ ਘਟਨਾ ਸਥਾਨ 'ਤੇ ਹਫੜਾ-ਦਫੜੀ ਮੱਚ ਗਈ। ਨੇੜਲੇ ਪਿੰਡ ਵਾਸੀਆਂ ਨੇ ਤੁਰੰਤ ਕਾਰਵਾਈ ਸੰਭਾਲ ਲਈ ਅਤੇ ਪੁਲਸ ਦੇ ਪਹੁੰਚਣ ਤੋਂ ਪਹਿਲਾਂ ਹੀ ਰਾਹਤ ਅਤੇ ਬਚਾਅ ਕਾਰਜ ਸ਼ੁਰੂ ਕਰ ਦਿੱਤੇ। ਸੂਚਨਾ ਮਿਲਣ 'ਤੇ



ਪੁਲਸ ਟੀਮਾਂ ਵੀ ਮੌਕੇ 'ਤੇ ਪਹੁੰਚ ਗਈਆਂ। ਰਾਮਸ਼ਹਿਰ ਪੁਲਸ ਨੇ ਸਥਾਨਕ ਨਿਵਾਸੀਆਂ ਦੀ ਮਦਦ ਨਾਲ ਜ਼ਖਮੀਆਂ ਨੂੰ ਐਂਬੂਲੈਂਸ ਰਾਹੀਂ ਨਜ਼ਦੀਕੀ ਸਿਹਤ ਕੇਂਦਰ ਪਹੁੰਚਾਇਆ। ਮੁੱਢਲੀ ਸਹਾਇਤਾ ਤੋਂ ਬਾਅਦ, ਗੰਭੀਰ ਜ਼ਖਮੀ ਯਾਤਰੀਆਂ ਨੂੰ ਵਿਸ਼ੇਸ਼ ਇਲਾਜ ਲਈ ਏਮਜ਼ ਬਿਲਾਸਪੁਰ ਭੇਜਿਆ ਗਿਆ। ਹਾਦਸੇ ਵਿੱਚ ਬੱਸ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ। ਡੀਐਸਪੀ ਨਾਲਾਗੜ੍ਹ ਭੀਸ਼ਮ ਠਾਕੁਰ ਨੇ ਦੱਸਿਆ ਕਿ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਜ਼ਖਮੀਆਂ ਦੀ ਹਾਲਤ ਇਸ ਸਮੇਂ ਸਥਿਰ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਗੰਭੀਰ ਜ਼ਖਮੀ ਯਾਤਰੀਆਂ ਦਾ ਏਮਜ਼ ਬਿਲਾਸਪੁਰ ਵਿੱਚ ਇਲਾਜ ਕੀਤਾ ਜਾ ਰਿਹਾ ਹੈ। ਹਾਦਸੇ ਦੀ ਖ਼ਬਰ ਮਿਲਦੇ ਹੀ ਸਥਾਨਕ ਪ੍ਰਸ਼ਾਸਨ ਵੀ ਰਾਹਤ ਕਾਰਜਾਂ ਦੀ ਨਿਗਰਾਨੀ ਲਈ ਮੌਕੇ 'ਤੇ ਪਹੁੰਚ ਗਿਆ। ਵੱਡੀ ਗਿਣਤੀ ਵਿੱਚ ਲੋਕ ਆਪਣੇ ਅਜ਼ੀਜ਼ਾਂ ਦੀ ਸਿਹਤਯਾਬੀ ਬਾਰੇ ਪੁੱਛਗਿੱਛ ਕਰਨ ਲਈ ਹਸਪਤਾਲ ਪਹੁੰਚੇ। ਪੁਲਸ ਨੇ ਹਾਦਸੇ ਦਾ ਮਾਮਲਾ ਦਰਜ ਕਰ ਲਿਆ ਹੈ ਅਤੇ ਹਾਦਸੇ ਦੇ ਸਹੀ ਕਾਰਨਾਂ ਦੀ ਵਿਸਥਾਰਤ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਹਾਦਸਾ ਬਿਲਾਸਪੁਰ ਜ਼ਿਲ੍ਹੇ ਦੀ ਸਰਹੱਦ ਨਾਲ ਲੱਗਦੇ ਇੱਕ ਖੇਤਰ ਵਿੱਚ ਵਾਪਰਿਆ। ਇਹ ਧਿਆਨ ਦੇਣ ਯੋਗ ਹੈ ਕਿ ਹਾਲ ਹੀ ਵਿੱਚ ਬਿਲਾਸਪੁਰ ਵਿੱਚ ਇੱਕ ਚੱਲਦੀ ਬੱਸ ਉੱਤੇ ਜ਼ਮੀਨ ਖਿਸਕਣ ਕਾਰਨ 16 ਲੋਕਾਂ ਦੀ ਮੌਤ ਹੋ ਗਈ ਸੀ। ਇਸ ਨਵੇਂ ਹਾਦਸੇ ਨੇ ਇੱਕ ਵਾਰ ਫਿਰ ਇਲਾਕੇ ਵਿੱਚ ਚਿੰਤਾਵਾਂ ਵਧਾ ਦਿੱਤੀਆਂ ਹਨ।

## ਦਿੱਲੀ ਹੁਣ ਭਾਰਤ ਦੀ 'ਰਚਨਾਤਮਕ ਰਾਜਧਾਨੀ' ਬਣਨ ਦੇ ਰਾਹ 'ਤੇ ਹੈ: ਮੁੱਖ ਮੰਤਰੀ ਰੇਖਾ ਗੁਪਤਾ

Contd......................Front page

ਉਨ੍ਹਾਂ ਨੇ ਕਿਹਾ ਕਿ ਦਿੱਲੀ ਇਸ ਸਮੇਂ ਭਾਰਤ ਦੇ 150 ਬਿਲੀਅਨ ਡਾਲਰ ਦੇ ਲਾਈਵ ਮਨੋਰੰਜਨ ਉਦਯੋਗ ਵਿੱਚ ਲਗਭਗ ₹2,500 ਤੋਂ ₹3,000 ਕਰੋੜ ਦਾ ਹਿੱਸਾ ਹੈ, ਜੋ ਕਿ ਆਉਣ ਵਾਲੇ ਸਾਲਾਂ ਵਿੱਚ ਵਧੇਗਾ। ਮੁੱਖ ਮੰਤਰੀ ਨੇ ਦਿੱਲੀ ਵਾਸੀਆਂ ਨੂੰ ਆਉਣ ਵਾਲੇ ਸੱਭਿਆਚਾਰਕ ਸਮਾਗਮਾਂ ਅਤੇ ਸਕਾਰਾਤਮਕ ਤਬਦੀਲੀਆਂ ਲਈ ਤਿਆਰੀ ਕਰਨ ਦੀ ਅਪੀਲ ਕੀਤੀ, ਕਿਉਂਕਿ ਦਿੱਲੀ ਹੁਣ ਦੇਸ਼ ਅਤੇ ਦੁਨੀਆ ਭਰ ਦੇ ਮਹਿਮਾਨਾਂ ਦਾ ਸਵਾਗਤ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਦਿੱਲੀ ਸਰਕਾਰ ਵਿਸ਼ਵ ਪੱਧਰੀ ਸਹੂਲਤਾਂ ਵਾਲੇ ਨਵੇਂ ਸਮਾਗਮ ਸਥਾਨ ਵਿਕਸਤ ਕਰੇਗੀ, ਜਿਸ ਨਾਲ ਲੱਖਾਂ ਲੋਕ ਇੱਕੋ ਸਮੇਂ ਸੰਗੀਤ ਸਮਾਰੋਹਾਂ ਅਤੇ ਸੱਭਿਆਚਾਰਕ ਸਮਾਗਮਾਂ ਵਿੱਚ ਸ਼ਾਮਲ ਹੋ ਸਕਣਗੇ। ਮੁੱਖ ਮੰਤਰੀ ਨੇ ਵਿਸ਼ਵਾਸ ਪ੍ਰਗਟ ਕੀਤਾ ਕਿ ਦਿੱਲੀ ਹੁਣ ਇੱਕ ਇਵੈਂਟ-ਅਨੁਕੂਲ ਸ਼ਹਿਰ ਵਜੋਂ ਵਿਕਸਤ ਹੋਵੇਗੀ, ਜਿੱਥੇ ਨਾ ਸਿਰਫ਼ ਲੋਕਾਂ ਦਾ ਉਤਸ਼ਾਹ ਵਧੇਗਾ, ਸਗੋਂ ਵਿਸ਼ਵ ਭਾਈਚਾਰਾ ਵੀ ਆਉਣ ਲਈ ਉਤਸੁਕ ਹੋਵੇਗਾ। ਮੁੱਖ ਮੰਤਰੀ ਨੇ ਸਪੱਸ਼ਟ ਕੀਤਾ ਕਿ ਦਿੱਲੀ ਸਰਕਾਰ ਵਿਰਾਸਤ ਦੇ ਨਾਲ-ਨਾਲ ਵਿਕਾਸ ਦੇ ਮੰਤਰ ਪ੍ਰਤੀ ਪੂਰੀ ਵਚਨਬੱਧਤਾ ਨਾਲ ਕੰਮ ਕਰ ਰਹੀ ਹੈ। ਪ੍ਰੈਸ ਕਾਨਫਰੰਸ ਵਿੱਚ, ਸੈਰ-ਸਪਾਟਾ, ਕਲਾ ਅਤੇ ਸੱਭਿਆਚਾਰ ਮੰਤਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦ੍ਰਿਸ਼ਟੀਕੋਣ ਦਿੱਲੀ ਨੂੰ ਲਾਈਵ ਮਨੋਰੰਜਨ ਅਤੇ ਕੰਸਰਟ ਅਰਥਵਿਵਸਥਾ ਦਾ ਕੇਂਦਰ ਬਣਾਉਣਾ ਹੈ। ਮੁੱਖ ਮੰਤਰੀ ਰੇਖਾ ਗੁਪਤਾ ਨੇ ਦਿੱਲੀ ਵਿੱਚ ਇਸ ਦ੍ਰਿਸ਼ਟੀਕੋਣ ਨੂੰ ਲਾਗੂ ਕਰਨ ਲਈ ਇੱਕ ਠੋਸ ਅਤੇ ਵਿਹਾਰਕ ਰੋਡਮੈਪ ਤਿਆਰ ਕੀਤਾ ਹੈ। ਮਿਸ਼ਰਾ ਨੇ ਦੱਸਿਆ ਕਿ ਇਸ ਪਰਿਵਰਤਨ ਪਿੱਛੇ ਇੱਕ ਵਿਸਤ੍ਰਿਤ ਅਤੇ ਸਮਰਪਿਤ ਪ੍ਰਕਿਰਿਆ ਰਹੀ ਹੈ। ਦਿੱਲੀ ਸਰਕਾਰ ਨੇ 65$1, 69339 ਅਤੇ ਇਵੈਂਟ ਇੰਡਸਟਰੀ ਦੇ 40 ਤੋਂ ਵੱਧ ਪ੍ਰਮੁੱਖ ਪ੍ਰਤੀਨਿਧੀਆਂ ਨਾਲ ਇੱਕ ਗੋਲਮੇਜ਼ ਮੀਟਿੰਗ ਕੀਤੀ, ਜਿਸ ਵਿੱਚ ਮੁੱਖ ਮੰਤਰੀ ਨੇ ਖੁਦ ਸਰਗਰਮੀ ਨਾਲ ਹਿੱਸਾ ਲਿਆ ਅਤੇ ਕੀਮਤੀ ਸੁਝਾਅ ਦਿੱਤੇ। ਇਸ ਚਰਚਾ ਨੇ ਸਪੱਸ਼ਟ ਤੌਰ 'ਤੇ ਖੁਲਾਸਾ ਕੀਤਾ ਕਿ ਦਿੱਲੀ ਵਿੱਚ ਵੱਡੇ ਸਮਾਗਮਾਂ ਦੀ ਘਾਟ ਦਾ ਇੱਕ ਮੁੱਖ ਕਾਰਨ ਸਥਾਨਾਂ ਦੀਆਂ ਉੱਚੀਆਂ ਦਰਾਂ ਸਨ। ਇੱਕ ਮਹੀਨੇ ਦੇ ਅੰਦਰ, ਕੇਂਦਰ ਸਰਕਾਰ ਨੇ ਦਿੱਲੀ ਦੇ ਪ੍ਰਮੁੱਖ ਸਟੇਡੀਅਮਾਂ ਦੀਆਂ ਟੈਰਿਫ ਦਰਾਂ ਨੂੰ ਘਟਾਉਣ ਦਾ ਫੈਸਲਾ ਕੀਤਾ। ਜਿਵੇਂ ਹੀ ਇਹ ਫੈਸਲਾ ਲਾਗੂ ਹੋਇਆ, ਦਿੱਲੀ ਇੱਕ ਵਾਰ ਫਿਰ ਵੱਡੇ ਅਤੇ ਸ਼ਾਨਦਾਰ ਸਮਾਗਮਾਂ ਦਾ ਕੇਂਦਰ ਬਣ ਗਈ। ਮਿਸ਼ਰਾ ਨੇ ਕਿਹਾ ਕਿ ਇਹ ਸਿਰਫ਼ ਸ਼ੁਰੂਆਤ ਹੈ। ਦਿੱਲੀ ਸਰਕਾਰ ਕੋਲ ਇੱਕ ਹੋਰ ਵੀ ਵੱਡਾ ਰੋਡਮੈਪ ਹੈ ਜੋ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਅਤੇ ਮੁੱਖ ਮੰਤਰੀ ਦੀ ਦੂਰਦਰਸ਼ੀ ਯੋਜਨਾ ਨੂੰ ਸਾਕਾਰ ਕਰੇਗਾ। ਇਹ ਰੋਡਮੈਪ ਕਲਾ, ਸੱਭਿਆਚਾਰ, ਭਾਸ਼ਾ ਅਤੇ ਸੈਰ-ਸਪਾਟੇ ਦੇ ਖੇਤਰਾਂ ਵਿੱਚ ਦਿੱਲੀ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਵੇਗਾ।

## ਸਿਹਤ ਵਿਭਾਗ ਦੀ ਫੂਡ ਸੇਫਟੀ ਟੀਮ ਨੇ ਖਾਧ ਪਦਾਰਥਾਂ ਦੇ 19 ਸੈਂਪਲ ਭਰੇ

ਲੁਧਿਆਣਾ 16 ਅਕਤੂਬਰ। ਸਿਵਲ ਸਰਜਨ ਡਾ. ਰਮਨਦੀਪ ਕੌਰ ਦੀ ਅਗਵਾਈ ਹੇਠ ਫੂਡ ਸੇਫਟੀ ਟੀਮ ਲੁਧਿਆਣਾ ਵਲੋਂ ਅੱਜ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਦੋਰਾਹਾ, ਪਾਇਲ, ਖੰਨਾ, ਸਮਰਾਲਾ, ਮਾਛੀਵਾੜਾ ਅਤੇ ਸੁਭਾਸ਼ ਨਗਰ ਲੁਧਿਆਣਾ 'ਚ ਵਿਆਪਕ ਜਾਂਚ ਮੁਹਿੰਮ ਚਲਾਈ ਗਈ। ਇਸ ਜਾਂਚ ਦੌਰਾਨ ਟੀਮ ਨੇ ਮਿਠਾਈਆਂ ਦੀਆਂ ਦੁਕਾਨਾਂ, ਡੇਅਰੀ ਉਤਪਾਦ ਵਿਕ੍ਰੇਤਾਵਾਂ ਅਤੇ ਹੋਰ ਖਾਣ-ਪੀਣ ਨਾਲ ਸਬੰਧਤ ਇਕਾਈਆਂ ਦੀ ਵਿਸਤ੍ਰਿਤ ਜਾਂਚ ਕੀਤੀ, ਤਾਂ ਜੋ ਤਿਉਹਾਰੀ ਮੌਸਮ 'ਚ ਵਿਕ ਰਹੀ ਖੁਰਾਕ ਦੀ ਗੁਣਵੱਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਜਾਂਚ ਦੌਰਾਨ ਕੁੱਲ 19 ਖਾਦ ਪਦਾਰਥਾਂ ਦੇ ਸੈਂਪਲ ਇਕੱਠੇ ਕੀਤੇ ਗਏ, ਜਿਨ੍ਹਾਂ 'ਚ ਕਾਜੂ ਕਤਲੀ, ਪਨੀਰ, ਖੋਆ, ਦਹੀਂ, ਘੀ, ਚਮਚਮ, ਯੂਜ਼ਡ ਕੁਕਿੰਗ ਆਇਲ, ਜੈਮ ਰੋਲ, ਬਰਫੀ, ਬੇਸਨ ਲੱਡੂ, ਖੋਆ ਬਰਫੀ ਅਤੇ ਮਿਲਕ ਕੇਕ ਆਦਿ ਸ਼ਾਮਲ ਸਨ। ਇਹ ਸੈਂਪਲ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ਼ ਇੰਡੀਆ ਵਲੋਂ ਨਿਰਧਾਰਿਤ ਮਿਆਰਾਂ ਅਨੁਸਾਰ ਜਾਂਚ ਲਈ ਲਏ ਗਏ ਹਨ। ਜਾਂਚ ਦੌਰਾਨ ਇਕ ਸਥਾਨ 'ਤੇ ਸਫ਼ਾਈ ਦੀ ਕਮੀ ਪਾਈ ਜਾਣ ਕਾਰਨ ਮੌਕੇ 'ਤੇ ਹੀ ਚਲਾਨ ਜਾਰੀ ਕੀਤਾ ਗਿਆ। ਸਾਰੇ ਸੈਂਪਲ ਵਿਸ਼ਲੇਸ਼ਣ ਲਈ ਸਟੇਟ ਫੂਡ ਲੈਬਾਰਟਰੀ ਭੇਜੇ ਗਏ ਹਨ ਅਤੇ ਰਿਪੋਰਟ ਪ੍ਰਾਪਤ ਹੋਣ ਉਪਰੰਤ ਨਤੀਜਿਆਂ ਅਨੁਸਾਰ ਉੱਚਿਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਿਵਲ ਸਰਜਨ ਡਾ. ਰਮਨਦੀਪ ਕੌਰ ਨੇ ਕਿਹਾ ਕਿ ਸਿਹਤ ਵਿਭਾਗ ਜਨਤਾ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਉੱਚ ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਖੁਰਾਕ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਤਿਉਹਾਰੀ ਮੌਸਮ 'ਚ ਵਿਭਾਗ ਵਲੋਂ ਨਿਰੰਤਰ ਨਿਗਰਾਨੀ ਕੀਤੀ ਜਾਵੇਗੀ।


**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

**NAME CHANGE**
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

**NAME CHANGE**
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**PUBLIC NOTICE**
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

**PUBLIC NOTICE**
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

**PUBLIC NOTICE**
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

**NAME CHANGE**
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

**NAME CHANGE**
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

**NAME CHANGE**
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

**NAME CHANGE**
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

**NAME CHANGE**
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

**NAME CHANGE**
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

**NAME CHANGE**
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

**PUBLIC NOTICE**
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

**NAME CHANGE**
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

**NAME CHANGE**
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

**NAME CHANGE**
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.



**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.



**NAME CHANGE**
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



**NAME CHANGE**
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

**NAME CHANGE**
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

**PUBLIC NOTICE**
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.
**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose



**PUBLIC NOTICE**
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.
**Shyam Sharma (Adv)**

**PUBLIC NOTICE**
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

**NAME CHANGE**
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

**NAME CHANGE**
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

**NAME CHANGE**
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

**NAME CHANGE**
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.



**ਦਿੱਲੀ ਰਾਜ ਸਵਾਸਥ ਮਿਸ਼ਨ**
ਛੇਂਵੀ ਮੰਜ਼ਿਲ, ਬੀ. ਵਿੰਗ, ਵਿਕਾਸ ਭਵਨ-2, ਸਿਵਿਲ ਲਾਈਨਸ
ਨਵੀਂ ਦਿੱਲੀ - 110054-ਦੂਰਭਾਸ਼ 011-23812902/03

F1-13/3/2025-Estt.

**ਰਿਕਰੂਟਮੇਂਟ ਨੋਟਿਸ**

ਦਿੱਲੀ ਰਾਜ ਸਵਾਸਥ ਮਿਸ਼ਨ, ਰਿਕਤ ਪਦਾਂ 'ਤੇ ਭਰਤੀ ਦੇ ਲਈ ਔਨਲਾਈਨ ਰਜਿਸਟ੍ਰੇਸ਼ਨ ਆਮੰਤ੍ਰਿਤ ਕਰ ਰਿਹਾ ਹੈ। ਇੰਟਰਵਿਊ ਤੋਂ ਪਹਿਲਾਂ ਔਨਲਾਈਨ ਰਜਿਸਟ੍ਰੇਸ਼ਨ ਕਰਵਾਉਣਾ ਜ਼ਰੂਰੀ ਹੈ। ਰਜਿਸਟ੍ਰੇਸ਼ਨ ਦੀ ਆਖਿਰੀ ਮਿਤੀ 7 ਨਵੰਬਰ 2025, ਸ਼ਾਮ 5 ਵਜੇ ਤੱਕ ਹੈ। ਨਿਯੁਕਤੀ ਪੂਰੀ ਤਰ੍ਹਾਂ ਅਨੁਬੰਧ ਦੇ ਆਧਾਰ 'ਤੇ, ਰਾਸ਼ਟਰੀ ਸਵਾਸਥ ਮਿਸ਼ਨ ਦੀ ਨੀਤੀ ਦੇ ਅਨੁਸਾਰ ਹੋਵੇਗੀ। ਪਦਾਂ ਦੇ ਵੇਰਵੇ, ਪਾਤ੍ਰਤਾ ਅਤੇ ਇੰਟਰਵਿਊ ਦੀ ਮਿਤੀ ਅਤੇ ਸਕਿਲ ਟੇਸਟ (ਜ਼ਰੂਰਤ ਅਨੁਸਾਰ) ਅਤੇ ਰਜਿਸਟ੍ਰੇਸ਼ਨ ਦੇ ਲਿੰਕ ਦੇ ਲਈ ਕ੍ਰਿਪਾ ਸਾਡੀ ਵੇਬਸਾਈਟ https://health.delhi.gov.in ਅਤੇ https://dshm.delhi.gov.in ਅਤੇ 'ਤੇ ਜਾਓ।

ਹਸਤਾਖ਼ਰ
ਮਿਸ਼ਨ ਨਿਦੇਸ਼ਕ
ਦਿੱਲੀ ਰਾਜ ਸਵਾਸਥ ਮਿਸ਼ਨ

DIP/Shabdarth/Classified/0292/25-26

# ਹਰਿਆਣਾ ਕੈਬਨਿਟ ਨੇ ਐਚਆਈਵੀ/ਏਡਜ਼ ਰੋਕਥਾਮ ਅਤੇ ਕੰਟਰੋਲ ਐਕਟ, 2017 ਤਹਿਤ ਰਾਜ ਨਿਯਮਾਂ ਦੇ ਨਿਰਮਾਣ ਨੂੰ ਮੰਜ਼ੂਰੀ ਦਿੱਤੀ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ ਅੱਜ ਹੋਈ ਕੈਬਨਿਟ ਦੀ ਮੀਟਿੰਗ ਵਿੱਚ ਹਰਿਆਣਾ ਮਾਨਵ ਇਮਯੂਨੋਡਿਫਿਸ਼ਇਏਂਸੀ ਵਾਇਰਸ ਅਤੇ ਅਕਵਾਅਰਡ ਇਮਿਯੂਨੋਡਿਫਿਸ਼ਇਏਂਸੀ ਸਿੰਡਰੋਮ (ਰੋਕਥਾਮ ਅਤੇ ਕੰਟਰੋਲ) ਐਕਟ, 2017 ਦੀ ਧਾਰਾ 49 ਦੀ ਉੱਪ-ਧਾਰਾ (1) ਤਹਿਤ ਰਾਜ ਨਿਯਮਾਂ ਦੇ ਨਿਰਮਾਣ ਨੂੰ ਮੰਜ਼ੂਰੀ ਦਿੱਤੀ ਗਈ।




ਨਵੇਂ ਨਿਯਮਾਂ ਨੂੰ ਹਰਿਆਣਾ ਮਾਨਵ ਇੰਯੂਨੋਡਿਫਿਸ਼ਇਏਂਸੀ ਵਾਇਰਸ ਅਤੇ ਅਕਵਾਅਰਡ ਇਮਿਯੂਨੋਡਿਫਿਸ਼ਇਏਂਸੀ ਸਿੰਡਰੋਮ (ਰੋਕਥਾਮ ਅਤੇ ਕੰਟਰੋਲ) ਐਕਟ, 2025 ਕਿਹਾ ਜਾਵੇਗਾ।

ਇੰਨ੍ਹਾਂ ਨਿਯਮਾਂ ਤਹਿਤ, ਰਾਜ ਸਰਕਾਰ ਆਪਣੇ ਛੇ ਪ੍ਰਸ਼ਾਸ਼ਨਿਕ ਪ੍ਰਭਾਵਾਂ ਦੇ ਕਮਿਸ਼ਨਰਾਂ ਨੂੰ ਲੋਕਪਾਲ ਵਜੋ ਕੰਮ ਕਰਨ ਲਈ ਨਾਮਜਦ ਕਰੇਗੀ। ਐਕਟ ਦੀ ਧਾਰਾ 23 ਵਿੱਚ ਵਰਨਣ ਉਨ੍ਹਾਂ ਦੀ ਭੁਮਿਕਾ ਐਚਆਈਵੀ/ਏਡਸ ਤੋਂ ਪੀੜਤ ਲੋਕਾਂ ਦੀ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੈ। ਹਰੇਕ ਲੋਕਪਾਲ ਆਪਣੇ-ਆਪਣੇ ਪ੍ਰਭਾਗਾਂ-ਰੋਹਤਕ, ਹਿਸਾਰ, ਕਰਨਾਲ, ਗੁਰੂਗ੍ਰਾਮ, ਫਰੀਦਾਬਾਦ ਅਤੇ ਅੰਬਾਲਾ- ਵਿੱਚ ਕੰਮ ਕਰੇਗਾ ਅਤੇ ਸਬੰਧਿਤ ਜ਼ਿਲ੍ਹਾ ਦੇ ਸਿਵਲ ਸਰਜਨ ਵੱਲੋਂ ਸਹਾਇਤਾ ਸਮਰਥਿਤ ਹੋਵੇਗਾ।

ਸੂਬਾ ਸਰਕਾਰ ਨੈਦਾਨਿਕ ਸਹੂਲਤਾਂ ਨੂੰ ਮਜਬੂਤ ਕਰਨ ਅਤੇ ਸੰਕ੍ਰਮਣਾਂ, ਮਤਲਬ ਅਜਿਹੇ ਸੰਕ੍ਰਮਣ ਜੋ ਪ੍ਰਤੀਰੋਧਕ ਸ਼ਕਤੀ ਨੂੰ ਘੱਟ ਕਰ ਸਕਦੇ ਹਨ, ਦੇ ਪ੍ਰਬੰਧਨ ਨੂੰ ਯਕੀਨੀ ਕਰਨ ਲਈ ਜ਼ਰੂਰੀ ਉਪਾਅ ਕਰੇਗੀ। ਇਹ ਸਬ-ਹੈਲਥ ਸੈਂਟਰਾਂ, ਪ੍ਰਾਥਮਿਕ ਸਿਹਤ ਕੇਂਦਰਾਂ, ਕਮਿਊਨਿਟੀ ਸਿਹਤ ਕੇਂਦਰਾਂ, ਸਿਵਲ ਹਸਪਤਾਲਾਂ, ਜਿਲ੍ਹਾ ਹਸਪਤਾਲਾਂ ਅਤੇ ਮੈਡੀਕਲ ਕਾਲਜ ਹੱਸਪਤਾਲਾਂ ਸਮੇਤ ਸਾਰੇ ਸਰਕਾਰੀ ਸਿਹਤ ਸੰਸਥਾਨਾਂ ਵਿੱਚ ਮੁਫ਼ਤ ਨੈਦਾਨਿਕ ਸੇਵਾਵਾਂ ਪ੍ਰਦਾਨ ਕਰੇਗੀ।

ਇਸ ਤੋਂ ਇਲਾਵਾ, ਰਾਸ਼ਟਰੀ ਏਡਸ ਕੰਟਰੋਲ ਸੰਗਠਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ, ਏਆਰਟੀ ਕੇਂਦਰਾਂ, ਸਹੂਲਤ-ਏਕੀਕ੍ਰਿਤ ਏਆਰਟੀ (ਐਫਆਈਏਆਰਟੀ) ਕੇਂਦਰਾਂ ਅਤੇ ਲਿੰਕ ਏਆਰਟੀ (ਐਲਏਆਰਟੀ) ਕੇਂਦਰਾਂ @ਤੇ ਸਾਰੇ ਐਚਆਈਵੀ ਪਾਜੀਟਿਵ ਵਿਅਕਤੀਆਂ ਨੂੰ ਮੁਫ਼ਤ ਐਂਟੀ-ਰੇਟ੍ਰੋਵਾਇਰਲ ਥੈਰੇਪੀ (ਏਆਰਟੀ) ਦਵਾਈਆਂ ਉਪਲਬਧ ਕਰਵਾਈਆਂ ਜਾਣਗੀਆਂ।

ਸਰਕਾਰ ਐਚਆਈਵੀ ਪਾਜੀਟਿਵ ਵਿਅਕਤੀਆਂ ਨੂੰ ਨੈਦਾਨਿਕ ਅਤੇ ਇਲਾਜ ਸੇਵਾਵਾਂ ਪ੍ਰਦਾਨ ਕਰਨ ਵਿੱਚ ਨਿਜੀ ਮੈਡੀਕਲ ਖੇਤਰ ਨੂੰ ਵੀ ਸਰਗਰਮ ਰੂਪ ਨਾਲ ਸ਼ਾਮਿਲ ਕਰੇਗੀ, ਤਾਂ ਜੋ ਇਹ ਯਕੀਨੀ ਕੀਤਾ ਜਾ ਸਕੇ ਕਿ ਸੇਵਾਵਾਂ ਬਿਨ੍ਹਾਂ ਕਿਸੇ ਭੇਦਭਾਵ ਤੋਂ ਪ੍ਰਦਾਨ ਕੀਤੀਆਂ ਜਾਣ। ਨਿਜੀ ਸਿਹਤ ਸੇਵਾ ਪ੍ਰਦਾਤਾਵਾਂ ਨੂੰ ਨਿਰਦੇਸ਼ ਦਿੱਤਾ ਜਾਵੇਗਾ ਕਿ ਉਹ ਸਾਰੇ ਐਚਆਈਵੀ ਪਾਜੀਟਿਵ ਮਾਮਲਿਆਂ ਦੀ ਸੂਚਨਾ ਨੇੜੇ ਏਕੀਕ੍ਰਿਤ ਸਲਾਹ-ਮਸ਼ਵਰਾ ਅਤੇ ਜਾਂਚ ਕੇਂਦਰ ਜਾਂ ਸਰਕਾਰੀ ਹੱਸਪਤਾਲ ਨੂੰ ਅੱਗੇ ਦੇ ਪ੍ਰਬੰਧਨ ਅਤੇ ਇਲਾਜ ਲਈ ਦੇਣ, ਨਾਲ ਹੀ ਨਿਜਤਾ ਦੇ ਅਧਿਕਾਰ ਸਮੇਤ ਵਿਅਕਤੀਆਂ ਦੇ ਮਾਨਵਅਧਿਕਾਰਾਂ ਦਾ ਵੀ ਸਖਤੀ ਨਾਲ ਪਾਲਣ ਕਰਨ।

ਇਸ ਤੋਂ ਇਲਾਵਾ, ਰਾਜ ਏਡਸ ਕੰਟਰੋਲ ਸੋਸਾਇਟੀ ਨੂੰ ਭਾਰਤ ਸਰਕਾਰ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਰੂਪ, ਸਾਰੇ ਸਰਕਾਰੀ ਸਿਹਤ ਸਹੂਲਤਾਂ ਵਿੱਚ ਅਵਸਰਵਾਦੀ ਸੰਕ੍ਰਮਣਾਂ ਦੇ ਨਿਦਾਨ ਅਤੇ ਉਪਚਾਰ ਲਈ ਜਰੂਰੀ ਵਿਵਸਥਾ ਕਰਨ ਦੇ ਨਿਰਦੇਸ਼ ਦਿੱਤਾ ਜਾਵੇਗਾ।

ਇਹ ਨਿਯਮ ਲੋਕਪਾਲ ਦੇ ਕੰਮਾਂ ਅਤੇ ਜਿੰਮੇਵਾਰੀਆਂ ਨੂੰ ਵੀ ਪਰਿਭਾਸ਼ਤ ਕਰਦੇ ਹਨ, ਜਿਨ੍ਹਾਂ ਦਾ ਉਦੇਸ਼ ਐਚਆਈਵੀ ਤੋਂ ਪ੍ਰਭਾਵਿਤ ਬੱਚਿਆਂ, ਐਚਆਈਵੀ ਨਾਲ ਪ੍ਰਭਾਵਿਤ ਵਿਅਕਤੀਆਂ ਅਤੇ ਐਚਆਈਵੀ ਤੋਂ ਗ੍ਰਸਤ ਵਿਅਕਤੀ ਦੇ ਅਧਿਕਾਰਾਂ ਅਤੇ ਹੱਕਾਂ ਦੀ ਰੱਖਿਆ ਕਰਨਾ ਹੈ।

# ਸੰਸਾਰ ਵਿੱਚ ਮਨੁੱਖੀ ਖੂਨ ਦਾ ਕੋਈ ਬਦਲ ਨਹੀ, ਕੇਵਲ ਦਾਨ ਕੀਤਾ ਖੂਨ ਹੀ ਇਨਸਾਨੀ ਜੀਵਨ ਨੂੰ ਬਚਾਉਣ ਦੇ ਸਮਰੱਥ- ਹਰਜੋਤ ਬੈਂਸ



**ਸ੍ਰੀ ਆਨੰਦਪੁਰ ਸਾਹਿਬ,16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੋਜਵਾਨਾਂ ਨੇ ਖੂਨਦਾਨ ਕਰਨ ਦਾ ਉਪਰਾਲਾ ਕਰਕੇ ਲੋਕਾਂ ਦੀ ਭਲਾਈ ਦਾ ਇੱਕ ਸ਼ਲਾਘਾਯੋਗ ਉਦੱਮ ਕੀਤਾ ਹੈ। ਲੋਕ ਕਲਿਆਣ ਲਈ ਖੂਨਦਾਨ ਨੂੰ ਬਹੁਤ ਉੱਤਮ ਕਿਹਾ ਗਿਆ ਹੈ, ਅੱਜ ਦੇ ਸਮੇਂ ਵਿੱਚ ਜਿੰਦਗੀ ਬਚਾਉਣ ਲਈ ਇਹ ਸਭ ਤੋਂ ਵੱਧ ਜਰੂਰੀ ਹੈ।ਇਹ ਪ੍ਰਗਟਾਵਾ ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ ਨੇ ਕਰਦੇ ਹੋਏ ਕਿਹਾ ਹੈ ਕਿ ਅੱਜ ਸਚਖੰਡ ਵਾਸੀ ਬਾਬਾ ਲਾਭ ਸਿੰਘ ਜੀ ਦੀ ਯਾਦ ਵਿੱਚ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਢੇਰ ਦੇ ਨੌਜਵਾਨਾਂ ਵਲੋਂ ਲਗਾਏ ਖੂਨਦਾਨ ਕੈਂਪ ਵਿੱਚ ਵਿਸੇਸ ਤੋਰ ਸ਼ਿਰਕਤ ਕਰਨ ਮੌਕੇ ਕੀਤਾ। ਇਸ ਕੈਂਪ ਵਿੱਚ ਸ੍ਰੀ ਅਨੰਦਪੁਰ ਸਾਹਿਬ ਹਸਪਤਾਲ ਦੇ ਮੈਡੀਕਲ ਸਟਾਫ ਵਲੋਂ ਦਰਜਨਾਂ ਯੂਨਿਟ ਖੂਨ ਇਕੱਤਰਤ ਕੀਤਾ ਗਿਆ।

ਕੈਬਨਿਟ ਮੰਤਰੀ ਨੇ ਕਿਹਾ ਕਿ ਇਸ ਇਲਾਕੇ ਦੇ ਨੋਜਵਾਨਾ ਨੇ ਖੂਨਦਾਨ ਕੈਂਪ ਵਿੱਚ ਵੱਧ ਚੜ ਕੇ ਸਮੂਲੀਅਤ ਕੀਤੀ ਹੈ।ਮਾਨਵ ਕਲਿਆਣ ਇਹ ਇਕ ਚੰਗਾ ਉਪਰਾਲਾ ਹੈ। ਉਹਨਾਂ ਕਿਹਾ ਕਿ ਸਾਡੇ ਲੋਕਾਂ ਵਿੱਚ ਭਾਈਚਾਰਕ ਸਾਂਝ ਬਹੁਤ ਮਜਬੂਤੀ ਨਾਲ ਕਾਈਮ ਹੈ ਅਤੇ ਅਜਿਹੇ ਕੈਂਪ ਇਸ ਗੱਲ ਦੇ ਪ੍ਰਮਾਣ ਹਨ।

ਸ.ਬੈਂਸ ਨੇ ਨੋਜਵਾਨਾਂ ਨੂੰ ਅਪੀਲ ਕੀਤੀ ਕਿ ਅੱਗੇ ਤੋਂ ਹੋਰ ਵੱਧ ਚੱੜ ਕੇ ਅਜਿਹੇ ਕੈਂਪ ਲਗਾਉਣ ਦੇ ਯਤਨ ਕੀਤੇ ਜਾਣ ਤਾਂ ਜੋ ਕੀਮਤੀ ਮਨੁਖੀ ਜਾਨਾਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਨੇ ਦੱਸਿਆ ਕਿ ਖੂਨਦਾਨ ਮਹਾਦਾਨ ਹੈ, ਇਨਸਾਨ ਦੇ ਖੂਨ ਦਾ ਦੁਨੀਆਂ ਵਿਚ ਕੋਈ ਬਦਲ ਨਹੀ ਹੈ। ਉਨ੍ਹਾਂ ਨੇ ਕਿਹਾ ਕਿ ਖੂਨ ਦਾ ਮਹੱਤਵ ਲੋੜ ਪੈਣ ਤੇ ਹੀ ਪਤਾ ਲੱਗਦਾ ਹੈ, ਜਦੋਂ ਕਿ ਤੰਦਰੁਸਤ ਵਿਅਕਤੀ ਨੂੰ ਖੂਨ ਦਾਨ ਵਿੱਚ ਕੋਈ ਮੁਸ਼ਕਿਲ ਨਹੀ ਹੁੰਦੀ। ਇਸ ਮੌਕੇ ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਸੋਨੂੰ ਚੋਧਰੀ ਹਲਕਾ ਮੀਡੀਆ ਕੋਆਰਡੀਨੇਟਰ, ਲਖਵੀਰ ਸਿੰਘ ਪ੍ਰਧਾਨ, ਹਰਜੀਤ ਸਿੰਘ ਵਾਇਸ ਪ੍ਰਧਾਨ, ਅਰਸਪ੍ਰੀਤ ਸਿੰਘ ਵਾਇਸ ਪ੍ਰਧਾਨ, ਅਮਨ ਢੇਰ ਖਜਾਨਚੀ, ਜਸ਼ਨਪ੍ਰੀਤ ਸਿੰਘ ਸੈਕਟਰੀ, ਹਰਪ੍ਰੀਤ ਸਿੰਘ ਜੁ.ਸੈਕਟਰੀ, ਅਭੈ ਗੋਤਮ ਸਲਾਹਕਾਰ, ਮੱਖਣ ਸਿੰਘ, ਜਤਿੰਦਰ ਸਿੰਘ, ਗੁਰਪਾਲ ਸਿੰਘ ਕੂਨਰ ਸਰਪੰਚ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਕਣਕ ਦੀ ਫ਼ਸਲ ਤੋਂ ਵਧੇਰੇ ਪੈਦਾਵਾਰ ਲਈ ਪੋਟਾਸ਼ ਖਾਦ ਦੀ ਵਰਤੋਂ ਜ਼ਰੂਰੀ : ਡਾ. ਅਮਰੀਕ ਸਿੰਘ




**ਗੁਰਦਾਸਪੁਰ,16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੋਟਾਸ਼, ਜਿਸਨੂੰ ਪੋਟਾਸ਼ੀਅਮ ਵੀ ਕਿਹਾ ਜਾਂਦਾ ਹੈ,ਇੱਕ ਜ਼ਰੂਰੀ ਖੁਰਾਕੀ ਤੱਤ ਹੈ ਜੋਂ ਕਣਕ ਦੀ ਫਸਲ ਦੇ ਵਿਕਾਸ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਪੋਟਾਸ਼ ਖੁਰਾਕੀ ਤੱਤ ਬਾਜ਼ਾਰ ਵਿਚ ਉਪਲਬਧ ਮਿਉਰਟ ਆਫ ਪੋਟਾਸ਼ 60% ਜਾਂ ਸਲਫੇਟ ਆਫ ਪੋਟਾਸ਼ ਤੋਂ ਪ੍ਰਾਪਤ ਹੁੰਦੀ ਹੈ।

ਇਸ ਬਾਰੇ ਜਾਣਕਾਰੀ ਦਿੰਦਿਆਂ ਸੰਯੁਕਤ ਨਿਰਦੇਸ਼ਕ (ਖ਼ੇਤੀਬਾੜੀ) ਪੰਜਾਬ ਡਾਕਟਰ ਅਮਰੀਕ ਸਿੰਘ ਨੇ ਦੱਸਿਆ ਕਿ ਪੋਟਾਸ਼ ਖਾਦ ਫਸਲ ਦੀ ਪੈਦਾਵਾਰ, ਗੁਣਵੱਤਾ, ਸੁਆਦ ਨੂੰ ਵਧਾਉਂਦੀ ਹੈ, ਅਤੇ ਸਾਰੀਆਂ ਕਿਸਮਾਂ ਦੇ ਪੌਦਿਆਂ ਲਈ ਜ਼ਰੂਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹਰੀ ਕ੍ਰਾਂਤੀ ਨੇ ਇੱਕ ਉੱਚ ਉਤਪਾਦਕ ਝੋਨੇ-ਕਣਕ ਫ਼ਸਲੀ ਚੱਕਰ ਨੂੰ ਉਤਸ਼ਾਹਿਤ ਕੀਤਾ, ਇਹ ਦੋਵੇਂ ਫਸਲਾਂ ਮਿੱਟੀ ਵਿਚੋਂ ਵੱਡੀ ਮਾਤਰਾ ਵਿੱਚ ਪੋਟਾਸ਼ੀਅਮ ਲੈਂਦੀਆਂ ਹਨ ਪ੍ਰੰਤੂ ਕਿਸਾਨਾਂ ਵਲੋਂ ਯੂਰੀਆ, ਡੀ ਏ ਪੀ ਤੋਂ ਇਲਾਵਾ ਪੋਟਾਸ਼ੀਅਮ ਖਾਦ ਦੀ ਵਰਤੋਂ ਨਹੀਂ ਕੀਤੀ ਜਾਂਦੀ।

ਉਨ੍ਹਾਂ ਕਿਹਾ ਕਿ ਅਸੰਤੁਲਿਤ ਖਾਦਾਂ ਦੀ ਵਰਤੋਂ ਕਰਨ ਨਾਲ ਪੰਜਾਬ ਦੀ ਮਿੱਟੀ ਵਿਚ ਪੋਟਾਸ਼ ਦੀ ਘਾਟ ਦਿਨੋ ਦਿਨ ਵਧਦੀ ਜਾ ਰਹੀ ਹੈ । ਪਿਛਲੇ ਕਈ ਸਾਲਾਂ ਤੋਂ, ਪੰਜਾਬ ਦੀ ਮਿੱਟੀ ਵਿੱਚ ਕਾਫ਼ੀ ਪੋਟਾਸ਼ੀਅਮ ਭੰਡਾਰ ਮੰਨਿਆ ਜਾਂਦਾ ਸੀ। ਆਮ ਕਰਕੇ ਜ਼ਿਆਦਾਤਰ ਕਿਸਾਨਾਂ ਵੱਲੋਂ ਨਾਈਟ ?ਰੋਜਨ ਅਤੇ ਫਾਸਫੋਰਸ (♦) ਖਾਦਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਦਕਿ ਅਤੇ ਪੋਟਾਸ਼ੀਅਮ (™) ਖਾਦ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ।

ਉਨ੍ਹਾਂ ਦੱਸਿਆ ਕਿ ਪੋਟਾਸ਼ ਖਾਦ ,ਪੌਦਿਆਂ ਨੂੰ ਬਿਮਾਰੀਆਂ ਅਤੇ ਕੀੜਿਆਂ ਦੇ ਹਮਲਿਆਂ ਦਾ ਵਿਰੋਧ ਕਰਨ ਵਿੱਚ ਮਦਦ ਕਰਦਾ ਹੈ, ਸਮੁੱਚੀ ਸਿਹਤ ਨੂੰ ਉਤਸ਼ਾਹਿਤ ਕਰਦਾ ਹੈ।ਇਹ ਮਜ਼ਬੂਤ ਅਤੇ ਸਿਹਤਮੰਦ ਜੜ੍ਹ ਪ੍ਰਣਾਲੀਆਂ ਦੇ ਵਿਕਾਸ ਵਿੱਚ ਸਹਾਇਤਾ ਕਰਦਾ ਹੈ, ਬਿਹਤਰ ਪੌਸ਼ਟਿਕ ਤੱਤਾਂ ਨੂੰ ਗ੍ਰਹਿਣ ਕਰਨ ਵਿੱਚ ਸਹਾਇਤਾ ਕਰਦਾ ਹੈ।

ਉਨ੍ਹਾਂ ਕਿਹਾ ਕਿ ਪੋਟਾਸ਼ ਸਟੋਮੈਟਾ ( ਪੱਤੇ ਦੀ ਸਤ ?ਹਾ ਜਾਂ ਪੌਦੇ ਦੇ ਡੰਡੀ ਵਿੱਚ ਬਹੁਤ ਛੋਟਾ ਛੇਕ ਜੋ ਗੈਸਾਂ ਨੂੰ ਅੰਦਰ ਅਤੇ ਬਾਹਰ ਜਾਣ ਦਿੰਦਾ ਹੈ) ਦੇ ਖੁੱਲਣ ਅਤੇ ਬੰਦ ਹੋਣ ਨੂੰ ਨਿਯੰਤਰਣ ਕਰਦਾ ਹੈ,ਵਾਸ਼ਪੀਕਰਨ ਦਾ ਪ੍ਰਬੰਧਨ ਕਰਦਾ ਹੈ ਅਤੇ ਪੌਦਿਆਂ ਨੂੰ ਸੋਕੇ ਦਾ ਸਾਹਮਣਾ ਕਰਨ ਵਿੱਚ ਮਦਦ ਕਰਦਾ ਹੈ।

ਉਨਾਂ ਦਸਿਆ ਕਿ ਪੋਟਾਸ਼ ਖਾਦ ਦੀ ਵਰਤੋਂ ਕਰਨ ਨਾਲ ਫਸਲ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ ਜਿਸ ਨਾਲ ਉਪਜ ਦਾ ਮੁੱਲ ਵਧੀਆ ਮਿਲਦਾ ਹੈ ।ਉਨ੍ਹਾਂ ਦਸਿਆ ਕਿ ਪੋਟਾਸ਼ ਦੀ ਘਾਟ ਦਾ ਪਤਾ ਲਗਾਉਣ ਲਈ ਮਿੱਟੀ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ ਅਤੇ ਉਸ ਅਨੁਸਾਰ ਪੋਟਾਸ਼ ਦੀ ਵਰਤੋਂ ਕਰਨੀ ਚਾਹੀਦੀ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਣਕ ਦੀ ਫ਼ਸਲ ਵਿਚ ਪੋਟਾਸ਼ ਖਾਦ ਦੀ ਸਿਫਾਰਸ਼ ਮਿੱਟੀ ਪਰਖ ਦੀ ਰਿਪੋਰਟ ਦੇ ਆਧਾਰ ਤੇ ਕਰਨ ਦੀ ਸਿਫਾਰਸ਼ ਕੀਤੀ ਜਾਂਦਾ ਹੈ ।ਉਨ੍ਹਾਂ ਦਸਿਆ ਕਿ ਮਿੱਟੀ ਪਰਖ ਦੀਆਂ ਰਿਪੋਰਟਾਂ ਤੋਂ ਪਾਇਆ ਗਿਆ ਹੈ ਕਿ ਜ਼ਿਲਾ ਗੁਰਦਾਸਪੁਰ ਸਮੇਤ ਨੀਮ ਪਹਾੜੀ ਜ਼ਿਲਿਆਂ ਦੀ ਮਿੱਟੀ ਵਿੱਚ ਪੋਟਾਸ਼ ਦੀ ਘਾਟ ਹੈ ,ਇਸ ਲਈ ਪ੍ਰਤੀ ਏਕੜ 20 ਕਿਲੋ ਮਿਉਰਟ ਆਫ ਪੋਟਾਸ਼ ,ਕਣਕ ਦੀ ਬਿਜਾਈ ਸਮੇਂ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ ਪ੍ਰੰਤੂ ਗੁਰਦਾਸਪੁਰ,ਪਠਾਨਕੋਟ ਅਤੇ ਹੋਰ ਨੀਮ ਪਹਾੜੀ ਜ਼ਿਲਿਆਂ ਵਿਚ 40 ਕਿਲੋ ਪੋਟਾਸ਼ ਪ੍ਰਤੀ ਏਕੜ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ।

# ਪਲਸ ਪੋਲੀਓ ਮੁਹਿੰਮ ਦੇ ਪਹਿਲੇ ਦਿਨ 86034 ਬੱਚਿਆਂ ਨੂੰ ਪਿਲਾਈਆਂ ਪੋਲੀਓ ਰੋਕ ਬੂੰਦਾਂ: ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ

**ਤਰਨ ਤਾਰਨ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਸਿਹਤ ਸੇਵਾਵਾਂ, ਪੰਜਾਬ ਅਤੇ ਡਿਪਟੀ ਕਮਿਸ਼ਨਰ ਤਰਨਤਾਰਨ, ਸ਼ ?ਰੀ ਰਾਹੁਲ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਜ਼ਿਲਾ ਤਰਨ ਤਾਰਨ ਦੇ ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਦੀ ਅਗਵਾਈ ਅਤੇ ਜਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਦੀ ਦੇਖਰੇਖ ਹੇਠ ਐਤਵਾਰ ਨੂੰ ਪਲਸ ਪੋਲੀਓ ਮੁਹਿੰਮ ਦੀ ਸ਼ੁਰੂਆਤ ਹੋਈ।



ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਪੋਲੀਓ ਰੋਕੂ ਮੁਹਿੰਮ 0 ਤੋਂ 5 ਸਾਲਾਂ ਦੇ ਬੱਚਿਆਂ ਲਈ ਵਰਦਾਨ ਹੈ ਅਤੇ ਇੱਸ ਮੁਹਿੰਮ ਦਾ ਯੋਗ ਬੱਚਿਆਂ ਦੇ ਮਾਤਾ ਪਿਤਾ ਪੂਰਾ ਲਾਭ ਲੈਣ। ਉਹਨਾਂ ਕਿਹਾ ਕਿ ਸਿਹਤ ਕਰਮੀ ਇਸ ਗੱਲ ਨੂੰ ਯਕੀਨੀ ਬਣਾਉਣ ਕਿ ਕੋਈ ਵੀ ਯੋਗ ਬੱਚਾ ਪੋਲੀਓ ਰੋਕੂ ਬੂੰਦਾਂ ਪੀਣ ਤੋਂ ਵਾਂਝਾ ਨਾਂ ਰਹੇ। ਉਹਨਾਂ ਦੱਸਿਆ ਕਿ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਜ਼ਿਲ੍ਹੇ ਦੇ ਵਿੱਚ 86034 ਬੱਚਿਆਂ ਨੂੰ ਪੋਲੀਓ ਰੋਕ ਬੂੰਦਾਂ ਪਿਲਾਈਆਂ ਗਈਆਂ।

ਸਿਵਲ ਸਰਜਨ ਡਾਕਟਰ ਗੁਰਪ੍ਰੀਤ ਸਿੰਘ ਰਾਏ ਨੇ ਦੱਸਿਆ ਕਿ ਤਿੰਨ ਦਿਨਾਂ ਲਈ ਚੱਲਣ ਵਾਲੀ ਇਸ ਮੁਹਿੰਮ ਦੇ ਪਹਿਲੇ ਦਿਨ ਸਿਹਤ ਕਰਮੀਆਂ ਵੱਲੋਂ ਪਿੰਡਾਂ ਦੇ ਵਿੱਚ ਬੂਥ ਲਗਾ ਕੇ 0 ਤੋਂ 5 ਸਾਲਾਂ ਦੇ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਗਈਆਂ। ਉਹਨਾਂ ਕਿਹਾ ਕਿ ਸਿਹਤ ਕਰਮੀਆਂ ਵੱਲੋਂ ਸੋਮਵਾਰ ਅਤੇ ਮੰਗਲਵਾਰ ਨੂੰ ਘਰ ਘਰ ਜਾ ਕੇ ਯੋਗ ਬੱਚਿਆਂ ਨੂੰ ਪੋਲੀਓ ਰੋਕੂ ਬੂੰਦਾਂ ਪਿਲਾਈਆਂ ਜਾਣਗੀਆਂ।

ਜ਼ਿਲਾ ਟੀਕਾਕਰਨ ਅਫਸਰ ਡਾ. ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਜ਼ਿਲ੍ਹੇ ਦੇ ਵਿੱਚ 580 ਪੋਲੀਓ ਬੂਥ ਅਤੇ 32 ਟਰਾਂਜਿਟ ਬੂਥ ਤਿਆਰ ਕੀਤੇ ਗਏ ਪੋਲੀਓ ਬੂਥਾਂ ਉੱਤੇ ਬੱਚਿਆਂ ਨੂੰ ਬੂੰਦਾਂ ਪਿਲਾਈਆਂ ਗਈਆਂ ।ਉਹਨਾਂ ਦੱਸਿਆ ਕਿ ਵਿੱਚ ਯੋਗ ਬੱਚਿਆਂ ਨੂੰ ਬੂੰਦਾਂ ਪਿਲਾਉਣ ਲਈ 40 ਮੋਬਾਈਲ ਟੀਮਾਂ ਦਾ ਗਠਨ ਕੀਤਾ ਹੈ ਅਤੇ 111 ਸੁਪਰਵਾਈਜ਼ਰਾਂ ਵੱਲੋਂ ਪਲਸ ਪੋਲੀਓ ਗੇੜ ਦੀ ਨਿਗਰਾਨੀ ਕੀਤੀ ਜਾ ਰਹੀ ਹੈ ।ਉਹਨਾਂ ਦੱਸਿਆ ਕਿ ਤਿੰਨ ਦਿਨਾਂ ਲਈ ਵੈਕਸੀਨੇਟਰਾਂ ਵੱਲੋਂ ਘਰ ਘਰ ਪੋਲੀਓ ਰੋਕੂ ਬੂੰਦਾਂ ਪਿਲਾਉਣ ਦੇ ਨਾਲ ਨਾਲ ਇੱਟਾਂ ਦੇ ਭੱਠਿਆਂ ਅਤੇ ਹਾਈ ਰਿਸਕ ਆਬਾਦੀ ਵਾਲੀਆਂ ਸਾਈਟਾਂ ਤੇ ਜਾ ਕੇ ਇਹ ਬੂੰਦਾਂ ਪਿਲਾਈਆਂ ਜਾਣਗੀਆਂ।

ਜਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਦੱਸਿਆ ਕਿ ਜ਼ਿਲਾ ਦਫਤਰ ਤੋਂ ਗਠਿਤ ਕੀਤੀਆਂ ਗਈਆਂ ਨਿਗਰਾਨ ਟੀਮਾਂ ਵੱਲੋਂ ਵੱਖ ਵੱਖ ਲੋਕਾਂ ਦਾ ਦੌਰਾ ਕਰਕੇ ਮੁਹਿੰਮ ਦਾ ਜਾਇਜ਼ਾ ਲਿਆ।

ਇਸ ਮੌਕੇ ਸਹਾਇਕ ਸਿਵਲ ਸਰਜਨ ਡਾਕਟਰ ਜਸਪ੍ਰੀਤ ਸਿੰਘ, ਸਿਵਲ ਹਸਪਤਾਲ ਤਰਨ ਤਾਰਨ ਦੇ ਸੀਨੀਅਰ ਮੈਡੀਕਲ ਅਫਸਰ ਡਾਕਟਰ ਸੁਰਿੰਦਰ ਕੁਮਾਰ ਪ੍ਰੋਗਰਾਮ ਅਫਸਰ ਡਾਕਟਰ ਅਵਲੀਨ ਕੌਰ ਜ਼ਿਲਾ ਮਾਸ ਮੀਡੀਆ ਅਫਸਰ ਸ੍ਰੀ ਸੁਖਵੰਤ ਸਿੰਘ ਸਿੱਧੂ, ਸਹਾਇਕ ਮਲੇਰੀਆ ਅਫਸਰ ਕੰਵਲ ਬਲਰਾਜ ਸਿੰਘ, ਹੈਲਥ ਸੁਪਰਵਾਈਜ਼ਰ ਭੁਪਿੰਦਰ ਸਿੰਘ, ਜਸਪਿੰਦਰ ਸਿੰਘ, ਕੰਪਿਊਟਰ ਸਹਾਇਕ ਸ੍ਰੀ ਸੰਦੀਪ ਸਿੰਘ ਆਦਿ ਮੌਜੂਦ ਰਹੇ।

# ਤਰਨ ਤਾਰਨ ਜ਼ਿਮਨੀ ਚੋਣ ਲਈ ਨਾਮਜ਼ਦਗੀਆਂ 13 ਅਕਤੂਬਰ ਤੋਂ ਭਰੀਆਂ ਜਾ ਸਕਣਗੀਆਂ : ਜ਼ਿਲਾ ਚੋਣ ਅਧਿਕਾਰੀ

**ਤਰਨ ਤਾਰਨ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਚੋਣ ਕਮਿਸ਼ਨ ਨੇ ਪੰਜਾਬ ਦੀ 21-ਤਰਨ ਤਾਰਨ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਦਾ ਪ੍ਰੋਗਰਾਮ ਐਲਾਨ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲਾ ਚੋਣ ਅਧਿਕਾਰੀ-ਕਮ-ਡਿਪਟੀ ਕਮਿਸ਼ਨਰ ਤਰਨ ਤਾਰਨ ਸ਼੍ਰੀ ਰਾਹੁਲ, ਆਈਏਐਸ ਨੇ ਦੱਸਿਆ ਕਿ ਨਾਮਜ਼ਦਗੀਆਂ ਭਰਨ ਦੀ ਪ੍ਰਕਿਰਿਆ 13 ਅਕਤੂਬਰ, 2025 ਨੂੰ ਗਜ਼ਟ ਨੋਟੀਫਿਕੇਸ਼ਨ ਜਾਰੀ ਹੋਣ ਨਾਲ ਸ਼ੁਰੂ ਹੋਵੇਗੀ ਅਤੇ 21 ਅਕਤੂਬਰ ਤੱਕ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਣਗੇ ।



ਉਨ੍ਹਾਂ ਅੱਗੇ ਦੱਸਿਆ ਕਿ 22 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦੀ ਪੜਤਾਲ ਕੀਤੀ ਜਾਵੇਗੀ ਜਦਕਿ 24 ਅਕਤੂਬਰ ਨਾਮਜ਼ਦਗੀ ਪੱਤਰ ਵਾਪਿਸ ਲੈਣ ਦੀ ਅੰਤਿਮ ਮਿਤੀ ਹੈ। ਉਨ੍ਹਾਂ ਦੱਸਿਆ ਕਿ ਵੋਟਾਂ 11 ਨਵੰਬਰ ਨੂੰ ਪੈਣਗੀਆਂ ਤੇ ਵੋਟਾਂ ਦੀ ਗਿਣਤੀ 14 ਨਵੰਬਰ ਨੂੰ ਹੋਵੇਗੀ। ਇਸ ਦੇ ਨਾਲ ਹੀ ਸਮੁੱਚੀ ਚੋਣ ਪ੍ਰਕਿਰਿਆ 16 ਨਵੰਬਰ, 2025 ਤੱਕ ਮੁਕੰਮਲ ਕਰ ਲਈ ਜਾਵੇਗੀ।

ਜ਼ਿਲਾ ਚੋਣ ਅਧਿਕਾਰੀ ਨੇ ਜਾਣਕਾਰੀ ਦਿੱਤੀ ਕਿ ਵੋਟਿੰਗ ਦਾ ਸਮਾਂ ਸਵੇਰੇ 7 ਵਜੇ ਤੋਂ ਸ਼ਾਮ 6 ਵਜੇ ਤੱਕ ਹੋਵੇਗਾ।ਉਨ੍ਹਾਂ ਦੱਸਿਆ ਕਿ ਨਾਮਜ਼ਦਗੀ ਪੱਤਰ 13 ਅਕਤੂਬਰ ਤੋਂ 21 ਅਕਤੂਬਰ ਤੱਕ ਕਿਸੇ ਵੀ ਕੰਮਕਾਜੀ ਦਿਨ (ਜਨਤਕ ਛੁੱਟੀਆਂ ਨੂੰ ਛੱਡ ਕੇ) ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ ਰਿਟਰਨਿੰਗ ਅਫ਼ਸਰ ਕੋਲ ਦਾਖਲ ਕੀਤੇ ਜਾ ਸਕਦੇ ਹਨ। ਨਾਮਜ਼ਦਗੀ ਪੱਤਰ ਫਾਰਮ 2ਬੀ ਵਿੱਚ ਜਮ ?ਹਾਂ ਕਰਵਾਉਣੇ ਹੋਣਗੇ, ਜੋ ਸਬੰਧਤ ਰਿਟਰਨਿੰਗ ਅਫ਼ਸਰ ਕੋਲ ਉਪਲਬਧ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਉਮੀਦਵਾਰ ਦਾ ਸੂਬੇ ਦੇ ਅੰਦਰ ਕਿਸੇ ਵੀ ਹਲਕੇ ਦਾ ਰਜਿਸਟਰਡ ਵੋਟਰ ਹੋਣਾ ਜ਼ਰੂਰੀ ਹੈ ਅਤੇ ਉਸ ਨੂੰ ਵੋਟਰ ਸੂਚੀ ਵਿੱਚ ਸਬੰਧਤ ਐਂਟਰੀ ਦੀ ਪ੍ਰਮਾਣਿਤ ਕਾਪੀ ਪੇਸ਼ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਹਰੇਕ ਉਮੀਦਵਾਰ ਨੂੰ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਅਤੇ ਪੜਤਾਲ ਦੀ ਮਿਤੀ ਤੋਂ ਪਹਿਲਾਂ ਸਬੰਧਤ ਰਿਟਰਨਿੰਗ ਅਫ਼ਸਰ ਜਾਂ ਭਾਰਤ ਦੇ ਚੋਣ ਕਮਿਸ਼ਨ ਦੁਆਰਾ ਅਧਿਕਾਰਤ ਅਧਿਕਾਰੀ ਦੇ ਸਾਹਮਣੇ ਸਹੁੰ ਜਾਂ ਪ੍ਰਣ ਵੀ ਲੈਣਾ ਪਵੇਗਾ।

ਜ਼ਿਲਾ ਚੋਣ ਅਧਿਕਾਰੀ ਨੇ ਸਪੱਸ਼ਟ ਕੀਤਾ ਕਿ 18 ਅਕਤੂਬਰ (ਸ਼ਨੀਵਾਰ) 'ਨੈਗੋਸ਼ੀਏਬਲ ਇੰਸਟਰੂਮੈਂਟ ਐਕਟ, 1881' ਦੇ ਤਹਿਤ ਛੁੱਟੀ ਨਹੀਂ ਹੈ ਅਤੇ ਉਸ ਦਿਨ ਨਾਮਜ਼ਦਗੀ ਪੱਤਰ ਦਾਖਲ ਕੀਤੇ ਜਾ ਸਕਦੇ ਹਨ।ਹਾਲਾਂਕਿ, 19 ਅਕਤੂਬਰ (ਐਤਵਾਰ) ਅਤੇ 20 ਅਕਤੂਬਰ (ਸੋਮਵਾਰ, ਦੀਵਾਲੀ) ਇਸ ਐਕਟ ਦੇ ਤਹਿਤ ਛੁੱਟੀਆਂ ਹਨ, ਅਤੇ ਇਨ੍ਹਾਂ ਤਾਰੀਖਾਂ 'ਤੇ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ ਜਾ ਸਕਦੇ।

ਸ੍ਰੀ ਰਾਹੁਲ ਨੇ ਅੱਗੇ ਕਿਹਾ ਕਿ ਜ਼ਿਮਨੀ ਚੋਣ ਦੇ ਐਲਾਨ ਤੋਂ ਬਾਅਦ 6 ਅਕਤੂਬਰ, 2025 ਤੋਂ ਆਦਰਸ਼ ਚੋਣ ਜ਼ਾਬਤਾ ਲਾਗੂ ਹੋ ਗਿਆ ਸੀ ਅਤੇ ਇਹ ਚੋਣ ਪ੍ਰਕਿਰਿਆ ਪੂਰੀ ਹੋਣ ਤੱਕ ਪ੍ਰਭਾਵੀ ਰਹੇਗਾ।

# ਬਰਨਾਲਾ ਤੋਂ ਬੰਬੀਹਾ ਗੈਂਗ ਦੇ ਦੋ ਕਾਰਕੁਨ ਛੇ ਪਿਸਤੌਲਾਂ ਸਮੇਤ ਕਾਬੂ

**ਬਰਨਾਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਨੂੰ ਸੁਰੱਖਿਅਤ ਸੂਬਾ ਬਣਾਉਣ ਲਈ ਚੱਲ ਰਹੀ ਮੁਹਿੰਮ ਦੌਰਾਨ ਵੱਡੀ ਸਫਲਤਾ ਹਾਸਲ ਕਰਦਿਆਂ, ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਨੇ ਬਰਨਾਲਾ ਪੁਲਿਸ ਨਾਲ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਦਵਿੰਦਰ ਬੰਬੀਹਾ ਗੈਂਗ ਦੇ ਦੋ ਕਾਰਕੁਨਾਂ ਨੂੰ ਛੇ ਪਿਸਤੌਲਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਹ ਜਾਣਕਾਰੀ ਅੱਜ ਇੱਥੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।



ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਸੰਦੀਪ ਸਿੰਘ ਵਾਸੀ ਹਨੂੰਮਾਨਗੜ੍ਹ ਟਾਊਨ, ਰਾਜਸਥਾਨ ਅਤੇ ਸ਼ੇਖਰ ਵਾਸੀ ਕੈਥਲ, ਹਰਿਆਣਾ ਵਜੋਂ ਹੋਈ ਹੈ।ਪੁਲਿਸ ਟੀਮਾਂ ਨੇ ਉਨ੍ਹਾਂ ਕੋਲੋਂ ਇੱਕ5 ਪਿਸਤੌਲ, ਇੱਕ .30 ਬੋਰ ਦਾ ਪਿਸਤੌਲ, ਚਾਰ .32 ਬੋਰ ਦੇ ਪਿਸਤੌਲਾਂ ਸਮੇਤ 19 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਹਨ। ਪੁਲਿਸ ਟੀਮਾਂ ਨੇ ਉਨ੍ਹਾਂ ਦੀ ਮਾਰੂਤੀ ਸਵਿਫਟ ਕਾਰ (ਰਜਿਸਟ ?ਰੇਸ਼ਨ ਨੰਬਰ ਪੀਬੀ 01 ਏਐਕਸ 0945), ਜਿਸਦੀ ਵਰਤੋਂ ਉਹ ਹਥਿਆਰਾਂ ਦੀ ਖੇਪ ਪ੍ਰਾਪਤ ਕਰਨ ਅਤੇ ਡਲੀਵਰ ਕਰਨ ਲਈ ਕਰ ਰਹੇ ਸਨ, ਨੂੰ ਵੀ ਜ਼ਬਤ ਕਰ ਲਿਆ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਆਪਣੇ ਵਿਦੇਸ਼ੀ ਹੈਂਡਲਰਾਂ ਦੇ ਇਸ਼ਾਰਿਆਂ 'ਤੇ ਕੰਮ ਕਰ ਰਹੇ ਸਨ ਅਤੇ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜਾਮ ਦੇਣ ਲਈ ਬੰਬੀਹਾ ਗੈਂਗ ਦੇ ਗੁਰਗਿਆਂ ਨੂੰ ਇਹ ਹਥਿਆਰ ਸਪਲਾਈ ਕਰਨ ਦੀ ਯੋਜਨਾ ਬਣਾ ਰਹੇ ਸਨ।ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਅਗਲੇ-ਪਿਛਲੇ ਸਬੰਧ ਸਥਾਪਤ ਕਰਨ ਲਈ ਹੋਰ ਜਾਂਚ ਜਾਰੀ ਹੈ ਤਾਂ ਜੋ ਇਸ ਪੂਰੀ ਸਪਲਾਈ ਚੇਨ ਦਾ ਪਰਦਾਫਾਸ਼ ਕੀਤਾ ਜਾ ਸਕੇ।

ਇਸ ਆਪਰੇਸ਼ਨ ਬਾਰੇ ਜਾਣਕਾਰੀ ਦਿੰਦਿਆਂ ਐਡੀਸ਼ਨਲ ਡਾਇਰੈਕਟਰ ਜਨਰਲ ਆਫ਼ ਪੁਲਿਸ (ਏਡੀਜੀਪੀ) ਏਜੀਟੀਐਫ ਪੰਜਾਬ ਪ੍ਰਮੋਦ ਬਾਨ ਨੇ ਦੱਸਿਆ ਕਿ ਪੁਲਿਸ ਟੀਮਾਂ ਨੂੰ ਬੰਬੀਹਾ ਗੈਂਗ ਦੇ ਹੈਂਡਲਰਾਂ ਵੱਲੋਂ ਸੂਬੇ ਵਿੱਚ ਸਨਸਨੀਖੇਜ਼ ਅਪਰਾਧਾਂ ਨੂੰ ਅੰਜ਼ਾਮ ਦੇਣ ਦੀ ਸਾਜ਼ਿਸ਼ ਰਚਣ ਬਾਰੇ ਖਾਸ ਮਨੁੱਖੀ ਅਤੇ ਤਕਨੀਕੀ ਜਾਣਕਾਰੀ ਮਿਲੀ ਸੀ। ਉਨ੍ਹਾਂ ਕਿਹਾ ਕਿ ਇਸ ਜਾਣਕਾਰੀ 'ਤੇ ਤੁਰੰਤ ਕਾਰਵਾਈ ਕਰਦਿਆਂ, ਏਆਈਜੀ ਏਜੀਟੀਐਫ ਸੰਦੀਪ ਗੋਇਲ ਦੀ ਨਿਗਰਾਨੀ ਹੇਠ ਏਜੀਟੀਐਫ ਪੰਜਾਬ ਦੀਆਂ ਟੀਮਾਂ ਨੇ ਬਰਨਾਲਾ ਪੁਲਿਸ ਨਾਲ ਸਾਂਝੇ ਆਪ੍ਰੇਸ਼ਨ ਦੌਰਾਨ ਬਰਨਾਲਾ-ਬਠਿੰਡਾ ਮੁੱਖ ਸੜਕ 'ਤੇ ਪਿੰਡ ਧੌਲਾ ਵਿਖੇ ਡਰੇਨ ਨੇੜਿਓਂ ਦੋਵਾਂ ਸ਼ੱਕੀਆਂ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ।ਇਨ੍ਹਾਂ ਟੀਮਾਂ ਦੀ ਅਗਵਾਈ ਏਜੀਟੀਐਫ ਦੇ ਇੰਸਪੈਕਟਰ ਵਿਕਰਮ ਅਤੇ ਸੀਆਈਏ ਬਰਨਾਲਾ ਦੇ ਇੰਸਪੈਕਟਰ ਬਲਜੀਤ ਸਿੰਘ ਕਰ ਰਹੇ ਸਨ।

ਏਆਈਜੀ ਸੰਦੀਪ ਗੋਇਲ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਅਪਰਾਧਿਕ ਪਿਛੋਕੜ ਵਾਲੇ ਹਨ ਅਤੇ ਉਨ੍ਹਾਂ ਵਿਰੁੱਧ ਅਸਲਾ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ।

ਸੀਨੀਅਰ ਸੁਪਰਡੈਂਟ ਆਫ ਪੁਲਿਸ (ਐਸਐਸਪੀ) ਬਰਨਾਲਾ ਮੁਹੰਮਦ ਸਰਫਰਾਜ਼ ਆਲਮ ਨੇ ਦੱਸਿਆ ਕਿ ਇਸ ਸਬੰਧੀ ਐਫਆਈਆਰ ਨੰਬਰ 107 ਮਿਤੀ 11.10.2025 ਨੂੰ ਭਾਰਤੀ ਨਿਆਂ ਸੰਹਿਤਾ (ਬੀਐਨਐਸ) ਦੀ ਧਾਰਾ 111 ਅਤੇ ਅਸਲਾ ਐਕਟ ਦੀ ਧਾਰਾ 25 ਤਹਿਤ ਬਰਨਾਲਾ ਦੇ ਥਾਣਾ ਰੁੜੇਕੇ ਕਲਾਂ ਵਿਖੇ ਦਰਜ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਇਸ ਮਾਮਲੇ ਸਬੰਧੀ ਹੋਰ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਅਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।

# 47ਵਾਂ ਪ੍ਰੋ.ਮੋਹਨ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਮੇਲਾ



**ਲੁਧਿਆਣਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰੋ.ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ ਵੱਲੋਂ ਅੱਜ ਇਥੇ ਹੋਈ ਇੱਕ ਅਹਿਮ ਮੀਟਿੰਗ ਵਿੱਚ ਐਲਾਨ ਕੀਤਾ ਗਿਆ ਹੈ ਕਿ 47ਵਾਂ ਪ੍ਰੋ.ਮੋਹਨ ਸਿੰਘ ਯਾਦਗਾਰੀ ਅੰਤਰਰਾਸ਼ਟਰੀ ਸਭਿਅਚਾਰਕ ਮੇਲਾ ਇਸ ਬਾਰ ਸਿਰਫ ਪੁਸ਼ਪਮਾਲਾ ਨਾਲ ਮਨਾਇਆ ਜਾਵੇਗਾ ਜਦੋਂ ਕਿ ਬਾਕੀ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਹਨ। ਚੇਅਰਮੈਨ ਗੁਰਨਾਮ ਸਿੰਘ ਧਾਲੀਵਾਲ ਅਤੇ ਪ੍ਰਧਾਨ ਰਾਜੀਵ ਕੁਮਾਰ ਲਵਲੀ ਦੀ ਅਗਵਾਈ ਵਿੱਚ ਹੋਈ ਇਸ ਇਕੱਤਰਤਾ ਵਿੱਚ ਪ੍ਰੋ.ਮੋਹਨ ਸਿੰਘ ਯਾਦਗਾਰੀ ਫਾਊਂਡੇਸ਼ਨ ਦੇ ਸਰਪ੍ਰਸਤ ਪਰਗਟ ਸਿੰਘ ਗਰੇਵਾਲ, ਸਕੱਤਰ ਜਨਰਲ ਡਾ ਨਿਰਮਲ ਜੌੜਾ, ਸਕੱਤਰ ਸਰਗਰਮੀਆਂ ਮਾਸਟਰ ਕਰਮਜੀਤ ਗਰੇਵਾਲ ਅਤੇ ਕਲਾਕਾਰ ਗੁਲਜ਼ਾਰ ਸਿੰਘ ਕਾਲਕਟ ਸਮੇਤ ਅਹੁਦੇਦਾਰ ਅਤੇ ਕਲਾਪ੍ਰੇਮੀ ਹਾਜ਼ਰ ਹੋਏ।

ਗੁਰਨਾਮ ਸਿੰਘ ਧਾਲੀਵਾਲ ਅਤੇ ਰਾਜੀਵ ਕੁਮਾਰ ਲਵਲੀ ਨੇ ਦੱਸਿਆ ਕਿ ਪਿਛਲੇ ਸਮੇਂ ਹੜ੍ਹਾਂ ਵੱਲੋਂ ਕੀਤੀ ਤਬਾਹੀ ਕਾਰਨ ਹੋਏ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕਰਕੇ ਲੋਕਾਂ ਦੇ ਮਨ ਦੱਖੀ ਹਨ ਅਤੇ ਆਰੀਥਕਤਾ ਨੂੰ ਸੱਟ ਵੱਜੀ ਹੈ। ਉਹਨਾਂ ਕਿਹਾ ਕਿ ਹੜ੍ਹ ਬੇਸ਼ੱਕ ਆਕੇ ਚਲੇ ਗਏ ਪਰ ਉਸ ਦੀ ਦਹਿਸ਼ਤ ਦਾ ਸਹਿਮ ਲੋਕ ਮਨਾਂ ਉੱਤੇ ਅੱਜ ਵੀ ਹੈ।ਅਜਿਹੇ ਹਾਲਾਤ ਵਿੱਚ ਮੇਲੇ ਦੇ ਜਸ਼ਨ ਮਨਾਉਣ ਦੀ ਵਜਾਏ ਅਰਦਾਸ ਕਰਨੀ ਜ਼ਰੂਰੀ ਹੈ ਕਿ ਕੁਦਰਤ ਦਾ ਅਜਿਹਾ ਕਹਿਰ ਮੁੜਕੇ ਕਦੇ ਨਾ ਵਾਪਰੇ।

ਮੀਟਿੰਗ ਵਿੱਚ ਉਘੇ ਕਲਾਕਾਰ ਜਸਵਿੰਦਰ ਭੱਲਾ, ਸੰਗੀਤਕਾਰ ਚਰਨਜੀਤ ਅਹੂਜਾ, ਲੇਖਕ ਡਾ ਫਕੀਰ ਚੰਦ ਸ਼ੁਕਲਾ, ਅਲਗੋਜ਼ਾ ਵਾਦਕ ਕਮਲਜੀਤ ਸਿੰਘ ਬੱਗਾ ਅਤੇ ਨੌਜਵਾਨ ਫਨਕਾਰ ਰਾਜਵੀਰ ਜਵੰਦਾ ਦੀ ਬੇਵਕਤੀ ਮੌਤ ਤੇ ਡੂੰਘੇ ਅਫਸੋਸ ਦਾ ਪ੍ਰਗਟਾਵਾ ਕੀਤਾ ਗਿਆ।

ਧਾਲੀਵਾਲ ਅਤੇ ਲਵਲੀ ਅਨੁਸਾਰ ਇਸ ਬਾਰ 18 ਅਕਤੂਬਰ ਦਿਨ ਸ਼ਨੀਵਾਰ ਨੂੰ ਪੰਜਾਬੀ ਭਵਨ ਦੇ ਬਾਹਰ ਲੱਗੇ ਪ੍ਰੋਫੈਸਰ ਮੋਹਨ ਸਿੰਘ, ਜਗਦੇਵ ਸਿੰਘ ਜੱਸੋਵਾਲ ਅਤੇ ਜਨਾਬ ਜਸਵੰਤ ਭੰਵਰਾ ਦੇ ਬੁੱਤਾਂ ਤੇ ਪੁਸ਼ਪਮਾਲਾ ਕੀਤੀ ਜਾਵੇਗੀ। ਇਸ ਉਪਰੰਤ ਜਸਵਿੰਦਰ ਭੱਲਾ, ਚਰਨਜੀਤ ਅਹੂਜਾ,ਡਾ ਫਕੀਰ ਚੰਦ ਸ਼ੁਕਲਾ, ਕਮਲਜੀਤ ਬੱਗਾ ਅਤੇ ਰਾਜਵੀਰ ਜਵੰਦਾ ਨੂੰ ਸ਼ਰਧਾਂਜ਼ਲੀ ਭੇਟ ਕੀਤੀ ਜਾਵੇਗੀ ।

# ਨਿਸ਼ਕਾਮ ਸੇਵਾ ਦੀ ਮਿਸਾਲ - ਅਨਮੋਲ ਮੁਸਕਾਨ ਚੈਰੀਟੇਬਲ ਟਰੱਸਟ

**ਫਾਜ਼ਿਲਕਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੋਟੀਆਂ ਸੰਸਥਾਵਾਂ ਅਤੇ ਛੋਟੇ ਅਦਾਰੇ ,ਤੱਰਕੀ ਦੀਆਂ ਉੱਚ ਮੰਜ਼ਲਾਂ ਤੱਕ ਤਾਂ ਹੀ ਪਹੁੰਚ ਸਕਦੀਆਂ ਹਨ, ਜਦੋਂ ਉਨ੍ਹਾਂ ਦੀ ਅਗਵਾਈ ਕਰਨ ਵਾਲੀਆਂ ਸ਼ਖ਼ਸੀਅਤਾਂ ਇਮਾਨਦਾਰੀ, ਮਿਹਨਤ, ਸਮਰਪਣ ਅਤੇ ਉੱਚ ਆਦਰਸ਼ਾਂ ਦੇ ਪ੍ਰਤੀਕ ਬਣ ਕੇ ਆਪਣਾ ਯੋਗਦਾਨ ਪਾਉਂਦਿਆਂ ਸਮਾਜ ਲਈ ਇਕ ਰੋਲ ਮਾਡਲ ਬਣਦੇ ਹਨ। ਜਦੋਂ ਅਜਿਹੀਆਂ ਸੰਸਥਾਵਾਂ ਅਤੇ ਅਦਾਰਿਆਂ ਦੀ ਅਗਵਾਈ ਕਰ ਰਹੀਆਂ ਸ਼ਖ਼ਸੀਅਤਾਂ ਆਪਣੇ ਨਿੱਜੀ ਸਵਾਰਥਾਂ ਤੋਂ ਉੱਪਰ ਉੱਠ ਕੇ ਨਿਸ਼ਕਾਮ ਸੇਵਾ ਦੇ ਭਾਵ ਨਾਲ ਸੰਸਥਾ ਅਤੇ ਸਮਾਜ ਦੀ ਭਲਾਈ ਲਈ ਆਪਣਾ ਜੀਵਨ ਸਮਰਪਿਤ ਕਰ ਦਿੰਦੇ ਹਨ, ਤਾਂ ਇਕ ਸਫ਼ਰ ਦੀਆਂ ਅਜ਼ਮਾਇਸ਼ਾਂ ਤੋਂ ਗੁਜ਼ਰ ਕੇ ਉਹ ਅਦਾਰੇ ਗੁਲਾਬ ਦੇ ਫੁੱਲਾਂ ਵਾਂਗ ਖਿੜਦੇ ਹਨ ਅਤੇ ਉਹਨਾਂ ਆਪਣੀ ਵਿਲੱਖਣ ਪਛਾਣ ਕਾਇਮ ਕਰਦੇ ਹਨ।



ਅਜਿਹੀਆਂ ਮਹਾਨ ਸ਼ਖ਼ਸੀਅਤਾਂ ਦੀ ਜ਼ਿੰਦਗੀ ਦਾ ਇਕੋ ਹੀ ਉਦੇਸ਼ ਹੁੰਦਾ ਹੈ -ਮਨੁੱਖਤਾ ਦੀ ਸੇਵਾ ਅਤੇ ਸਮਾਜਿਕ ਭਲਾਈ ਨੂੰ ਆਪਣਾ ਜੀਵਨ-ਧਰਮ ਮੰਨਦਿਆਂ ਲਗਾਤਾਰ ਯਤਨ ਕਰਨਾ ਤੇ ਸੇਵਾ ਨੂੰ ਹੀ ਸਫਲਤਾ ਦਾ ਸੱਚਾ ਮਾਰਗ ਸਮਝਣਾ।

ਅੱਜ ਮੈਂ ਸ਼ਬਦਾਂ ਦੀ ਮਾਲਾ ਰਾਹੀਂ ਤੁਹਾਡੀ ਮੁਲਾਕਾਤ ਇੱਕ ਅਜਿਹੀ ਸ਼ਖ਼ਸੀਅਤ ਨਾਲ ਕਰਵਾ ਰਿਹਾ ਹਾਂ, ਜਿਨ੍ਹਾਂ ਦੀ ਜ਼ਿੰਦਗੀ ਦਾ ਇਕੋ ਮੰਤਵ ਹੈ — ਨਿਸ਼ਕਾਮ ਸਮਾਜ ਭਲਾਈ। ਇਹ ਉਹ ਸ਼ਖ਼ਸੀਅਤ ਹਨ ਜਿਨ੍ਹਾਂ ਨੇ ਸਮਾਜ ਸੇਵਾ ਨੂੰ ਆਪਣੀ ਜ਼ਿੰਦਗੀ ਦਾ ਕੇਂਦਰ ਬਿੰਦੂ ਬਣਾਇਆ ਹੈ। ਆਪਣੇ ਜੀਵਨ ਦੇ ਹਰ ਪੜਾਅ 'ਤੇ ਉਨ੍ਹਾਂ ਨੇ ਮਿਹਨਤ, ਇਮਾਨਦਾਰੀ, ਲਗਨ ਅਤੇ ਸਮਰਪਣ ਨੂੰ ਆਪਣਾ ਜੀਵਨ ਮੰਤਰ ਬਣਾਇਆ। ਅਜਿਹੀ ਸ਼ਖਸ਼ੀਅਤ ਦੀਆਂ ਵਿਸ਼ੇਸ਼ਤਾਵਾਂ ਦੀ ਗਿਣਤੀ ਕਰਨਾ ਵੀ ਮੁਸ਼ਕਿਲ ਹੈ, ਕਿਉਂਕਿ ਉਨ੍ਹਾਂ ਦੀ ਸ਼ਖ਼ਸੀਅਤ ਗੁਣਾਂ ਦਾ ਉਹ ਅਸੀਮ ਸਮੁੰਦਰ ਹੈ ਜਿਸ ਦੀਆਂ ਲਹਿਰਾਂ ਹਮੇਸ਼ਾਂ ਹੋਰਨਾਂ ਲਈ ਪ੍ਰੇਰਣਾ ਬਣਦੀਆਂ ਰਹਿੰਦੀਆਂ ਹਨ,ਇਨ੍ਹਾਂ ਹੀ ਵਿਲੱਖਣ ਸ਼ਖ਼ਸੀਅਤਾਂ ਵਿੱਚੋਂ ਵਕੀਲ ਸ੍ਰੀਮਤੀ ਅਮਰਜੀਤ ਕੌਰ ਪੂਜਾ, ਜੋ ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਦੀ ਚੇਅਰਪਰਸਨ ਹਨ। ਉਹਨਾਂ ਦੇ ਜੀਵਨ ਦਾ ਕੇਵਲ ਤੇ ਕੇਵਲ ਇੱਕ ਹੀ ਉਦੇਸ਼ ਨਿਸ਼ਕਾਮ ਸੇਵਾ ਹੈ,ਉਨਾਂ ਆਪਣਾ ਜੀਵਨ ਨਿਸ਼ਕਾਮ ਸੇਵਾ ਰਾਹੀਂ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਕੀਤਾ ਹੋਇਆ ਹੈ ।

ਪਿਛਲੇ ਪੰਜ ਸਾਲਾਂ ਤੋਂ ਅਨਮੋਲ ਮੁਸਕਾਨ ਕਾਂਤੀ ਪਤਨੀ ਦੀਪ ਸਿੰਘ ਚੈਰੀਟੇਬਲ ਟਰੱਸਟ ਵੱਲੋਂ ਸਮਾਜ ਦੇ ਵੱਖ-ਵੱਖ ਖੇਤਰਾਂ -ਜਿਵੇਂ ਕਿ ਸਿੱਖਿਆ, ਸਿਹਤ, ਔਰਤਾਂ ਦੀ ਭਲਾਈ ਤੇ ਔਰਤਾਂ ਵਿਰੁੱਧ ਜ਼ੁਲਮਾਂ ਵਿਰੁੱਧ ਆਵਾਜ਼ ਬੁਲੰਦ ਕਰਨਾ,ਅਤੇ ਕੁਦਰਤੀ ਆਫ਼ਤਾਂ ਦੇ ਸਮੇਂ ਲੋੜਵੰਦ ਲੋਕਾਂ ਦੀ ਤੁਰੰਤ ਮਦਦ ਕਰਨਾ ਅਤੇ ਸਾਰੇ ਧਾਰਮਿਕ ਤਿਉਹਾਰਾਂ/ ਰਿਵਾਜਾਂ ਦੇ ਜਸ਼ਨਾਂ ਵਿੱਚ ਯੋਗਦਾਨ ਪਾਉਣਾ ਆਦਿ,ਵਿੱਚ ਵੱਡਮੁਲੀਆਂ ਸੇਵਾਵਾਂ ਨਿਭਾਈਆਂ ਜਾ ਰਹੀਆਂ ਹਨ।

ਸ੍ਰੀਮਤੀ ਅਮਰਜੀਤ ਕੌਰ ਪੂਜਾ ਅਨੁਸਾਰ ਉਹਨਾਂ ਦੇ ਮਾਪੇ ਹੀ ਉਹਨਾਂ ਦੀ ਸਭ ਤੋਂ ਵੱਡੀ ਪ੍ਰੇਰਣਾ ਦੇ ਸਰੋਤ ਹਨ। ਉਹਨਾਂ ਅਨੁਸਾਰ ਉਨ੍ਹਾਂ ਦੇ ਮਾਪਿਆਂ ਦੇ ਸੰਸਕਾਰ ਹੀ ਮੇਰੀ ਤਾਕਤ ਹਨ। ਉਨ੍ਹਾਂ ਨੇ ਮੈਨੂੰ ਸਿਖਾਇਆ ਕਿ ਜੇ ਜ਼ਿੰਦਗੀ ਨੂੰ ਅਰਥਵਾਨ ਬਣਾਉਣਾ ਹੈ ਤਾਂ ਆਪਣੇ ਜੀਵਨ ਨੂੰ ਸੇਵਾ ਨੂੰ ਸਮਰਪਿਤ ਕਰੋ।

ਟਰੱਸਟ ਵੱਲੋਂ ਪਿਛਲੇ 5 ਸਾਲਾਂ ਵਿੱਚ ਕਈ ਸਮਾਜਿਕ ਕਾਰਜ ਕੀਤੇ ਗਏ ਹਨ ਜੋ ਮਨੁੱਖਤਾ ਪ੍ਰਤੀ ਉਹਨਾਂ ਦੀ ਵਚਨਬੱਧਤਾ ਨੂੰ ਦਰਸਾਉਂਦੇ ਹਨ।ਟਰੱਸਟ ਵੱਲੋਂ ਰੁਕਸਾਰ ਨਾਮ ਦੀ ਇੱਕ ਗਰੀਬ ਮੁਸਲਮਾਨ ਲੜਕੀ ਦਾ ਵਿਆਹ ਪੂਰੇ ਰਸਮਾਂ ਅਤੇ ਰਿਵਾਜਾਂ ਨਾਲ ਕਰਵਾਇਆ ਗਿਆ ਟਰਸਟ ਇੱਕ ਖੂਨਦਾਨ ਕੈਂਪ ਆਯੋਜਿਤ ਕੀਤਾ ਗਿਆ ਜਿਸ ਵਿੱਚ ਕਈ ਸੇਵਾਦਾਰਾਂ ਨੇ ਭਾਗ ਲਿਆ।

ਡਿਜੀਟਲ ਸਾਖਰਤਾ ਨੂੰ ਉਤਸ਼ਾਹਿਤ ਕਰਨ ਲਈ ਇੱਕ ਅਹਿਮ ਉਪਰਾਲੇ ਵਜੋਂ ਅਗਸਤ ਮਹੀਨੇ ਵਿੱਚ ਹਾਲ ਹੀ ਵਿੱਚ ਜ਼ਿਲ੍ਹਾ ਮੋਹਾਲੀ ਵਿੱਚ ਪਿੰਡ ਰੜਿਆਲਾ ਦੇ ਸਰਕਾਰੀ ਸਕੂਲ ਨੂੰ ਇੱਕ ਉੱਚ-ਗੁਣਵੱਤਾ ਵਾਲੀ 54 ਇੰਚ ਦੀ ਐਲਈਡੀ ਸਕਰੀਨ ਭੇਟ ਕੀਤੀ ਗਈ, ਤਾਂ ਜੋ ਵਿਦਿਆਰਥੀਆਂ ਨੂੰ ਆਧੁਨਿਕ ਵਿਦਿਆ ਸਿੱਖਣ ਦੇ ਸਾਧਨਾ ਲਈ ਸਹੂਲਤ ਮਿਲ ਸਕੇ।

ਬਾਰਿਸ਼ ਕਾਰਨ ਜ਼ਿਲ੍ਹਾ ਮੋਹਾਲੀ ਦੇ ਅਧੀਨ ਪਿੰਡ ਘੜੂੰਆਂ ਦੇ ਰਹਿਣ ਵਾਲੇ ਮਨਜੀਤ ਕੌਰ ਅਤੇ ਗੁਰਪ੍ਰੀਤ ਸਿੰਘ ਦੇ ਘਰ ਦੇ ਦੋ ਕਮਰੇ ਢਹਿ ਜਾਣ ਤੋਂ ਬਾਅਦ ਟਰੱਸਟ ਵੱਲੋ ਉਹਨਾਂ ਲਈ ਨਵੇਂ ਕਮਰੇ ਅਤੇ ਲੈਂਟਰ ਤਿਆਰ ਕਰਵਾਏ ਗਏ।ਇਸ ਉਪਰਾਲੇ ਤਹਿਤ ਸ੍ਰੀਮਤੀ ਅਮਰਜੀਤ ਕੌਰ ਪੂਜਾ ਖੁਦ ਪਿੰਡ ਘੜੂੰਆਂ ਪਹੁੰਚ ਕੇ ?50,000 ਦਾ ਚੈੱਕ ਬੀਬੀ ਮਨਜੀਤ ਕੌਰ ਨੂੰ ਨਿੱਜੀ ਤੌਰ ਤੇ ਸੌਂਪਿਆ, ਜੋ ਉਨ੍ਹਾਂ ਦੀ ਸਮਰਪਿਤ ਨੇਤ੍ਰਿਤਾ ਦਾ ਪ੍ਰਤੀਕ ਹੈ।

ਅਸ਼ਟਮੀ ਦੇ ਪਾਵਨ ਦਿਨ — ਬੇਟੀਆਂ ਪ੍ਰਤੀ ਸਤਿਕਾਰ ਦਾ ਸੁੰਦਰ ਪ੍ਰਗਟਾਵਾ ਟਰੱਸਟ ਵੱਲੋਂ ਅਸ਼ਟਮੀ ਦੇ ਸ਼ੁਭ ਦਿਵਸ 'ਤੇ 21 ਨਿੱਕੀਆਂ ਕਜ਼ਕਾਂ ਨੂੰ ਸਨਮਾਨਿਤ ਕੀਤਾ ਗਿਆ।

# ਹਥਿਆਰਾਂ ਨਾਲ ਹਮਲਾ ਕਰਕੇ ਵਿਅਕਤੀ ਤੋਂ ਨਕਦੀ ਅਤੇ ਮੋਬਾਈਲ ਦੀ ਹੋਈ ਲੁੱਟ ਖੋਹ

**ਰਾਜਪੁਰਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਤ ਤਕਰੀਬਨ 07:45 ਮਿੰਟ ਤੇ ਗੁਰਚਰਨ ਸਿੰਘ ਸਪੁੱਤਰ ਭਗਵਾਨ ਦਾਸ ਆਪਣੀ ਦੁਕਾਨ ਤੋਂ ਅਨਾਜ ਮੰਡੀ ਰਾਜਪੁਰਾ ਹੁੰਦੇ ਹੋਏ ,ਭੋਗਲਾਂ ਰੋਡ ਘਰ ਵੱਲ ਆ ਰਿਹਾ ਸੀ ਤਾਂ ਰਸਤੇ ਵਿੱਚ ਤਿੰਨ ਅਣਪਛਾਤੇ ਬੰਦਿਆਂ ਨੇ ਬਦਮਾਸ਼ੀ ਕਰਦਿਆਂ ਉਸਦਾ ਮੋਟਰਸਾਈਕਲ ਰੋਕ ਲਿਆ । ਤਿੰਨਾਂ ਦੇ ਮੂੰਹ ਕੱਪੜੇ ਨਾਲ ਬੰਨੇ ਹੋਏ ਸਨ । ਮੋਟਰ ਸਾਈਕਲ ਰੋਕਦੇ ਸਾਰ ਉਹਨਾਂ ਨੇ ਗੁਰਚਰਨ ਸਿੰਘ ਦਾ ਮੋਬਾਈਲ ਖੋਹ ਲਿਆ ਅਤੇ ਫਿਰ ਦੂਸਰੇ ਵਿਅਕਤੀ ਨੇ ਪਿੱਛੋਂ ਉਸਦੇ ਸਿਰ ਉੱਤੇ ਅਤੇ ਮੋਢੇ ਤੇ ਗੰਡਾਸੀ ਦੇ ਦੋ ਵਾਰ ਕਰ ਦਿੱਤੇ , ਜਿਸ ਨਾਲ ਉਹ ਥੱਲੇ ਗਿਰ ਗਿਆ ਅਤੇ ਉਹਨਾਂ ਤਿੰਨਾਂ ਨੇ ਉਸ ਤੋਂ ਉਸਦਾ ਪਰਸ ਵੀ ਖੋ ਲਿਆ ਜਿਸ ਵਿੱਚ ਕਿ 35 ਤੋਂ 40000 ਰੁਪਇਆ ਸੀ । ਉਹਨਾਂ ਦੇ ਮੋਟਰਸਾਈਕਲ ਦਾ ਕੋਈ ਵੀ ਨੰਬਰ ਪਲੇਟ ਨਹੀਂ ਲੱਗੀ ਹੋਈ ਸੀ ਅਤੇ ਇਸ ਤਰ੍ਹਾਂ ਲੁੱਟ ਖੋਹ ਕਰਕੇ ਉਹ ਮੋਟਰਸਾਈਕਲ ਉੱਤੇ ਸਵਾਰ ਹੋ ਕੇ ਭੱਜ ਗਏ । ਇਸ ਸਮੇਂ ਗੁਰਚਰਨ ਸਿੰਘ ਸਿਵਲ ਹਸਪਤਾਲ ਰਾਜਪੁਰਾ ਵਿੱਚ ਜੇਰੇ ਇਲਾਜ ਭਰਤੀ ਹੈ ।ਗੁਰਚਰਨ ਸਿੰਘ ਦੇ ਪਿਤਾ ਭਗਵਾਨ ਦਾਸ ਨੇ ਦੱਸਿਆ ਕਿ ਰਾਜਪੁਰਾ ਵਿੱਚ ਕਾਨੂੰਨ ਵਿਵਸਥਾ ਤਕਰੀਬਨ ਖਤਮ ਹੋਈ ਪਈ ਹੈ ਚੋਰਾਂ ਬਦਮਾਸ਼ਾਂ ਨੂੰ ਕਿਸੇ ਕਿਸਮ ਦਾ ਪੁਲਿਸ ਤੋਂ ਕੋਈ ਡਰ ਨਹੀਂ ਹੈ । ਤਕਰੀਬਨ ਆਏ ਦਿਨ ਲੁੱਟਾ ਖੋਹਾਂ ਹੁੰਦੀਆਂ ਆ ਰਹੀਆਂ ਹਨ । ਅਤੇ ਪੁਲਿਸ ਦਾ ਇਸ ਪ੍ਰਤੀ ਰਵਈਆ ਹਮੇਸ਼ਾ ਢਿੱਲਾ ਹੀ ਰਿਹਾ ਹੈ । ਉਹਨਾਂ ਨੇ ਇਨਸਾਫ ਦੀ ਮੰਗ ਕੀਤੀ ਅਤੇ ਕਿਹਾ ਕਿ ਪੁਲਿਸ ਨੂੰ ਇਨਾ ਬਦਮਾਸ਼ਾਂ ਨੂੰ ਠੱਲ ਪਾਣੀ ਚਾਹੀਦੀ ਹੈ ਤਾਂ ਕਿ ਅੱਗੇ ਤੋਂ ਅਜਿਹੀਆਂ ਵਾਰਦਾਤਾਂ ਨਾ ਹੋ ਸਕਣ ।

# ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਵੱਡੀ ਗਿਣਤੀ ਪਰਵਾਸੀ ਭਾਰਤੀ ਮੁੱਖ ਮੰਤਰੀ ਦੇ ਮਿਸ਼ਨ ਚੜ੍ਹਦੀਕਲਾ ਦੇ ਸਮਰਥਨ 'ਚ ਆਏ

## ➢ ਮੁੱਖ ਮੰਤਰੀ ਨੇ ਇਨ੍ਹਾਂ ਮੁਲਕਾਂ ਦੇ ਉੱਘੇ ਪਰਵਾਸੀ ਭਾਰਤੀਆਂ ਨਾਲ ਆਨਲਾਈਨ ਵਿਚਾਰ-ਵਟਾਂਦਰਾ ਕੀਤਾ ➢ ਹੜ੍ਹ ਪ੍ਰਭਾਵਿਤ ਪੰਜਾਬ ਨੂੰ ਮੁੜ ਲੀਹ 'ਤੇ ਲਿਆਉਣ ਲਈ ਉਨ੍ਹਾਂ ਤੋਂ ਠੋਸ ਸਹਾਇਤਾ ਅਤੇ ਸਹਿਯੋਗ ਦੀ ਮੰਗ ਕੀਤੀ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜ੍ਹ ਪ੍ਰਭਾਵਿਤ ਸੂਬੇ ਦੀ ਮਦਦ ਲਈ ਆਪਣੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਦੱਸਿਆ ਕਿ ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਪਰਵਾਸੀ ਭਾਰਤੀਆਂ ਨੇ ਉਨ੍ਹਾਂ ਨੂੰ ਪੰਜਾਬ ਸਰਕਾਰ ਦੁਆਰਾ ਸ਼ੁਰੂ ਕੀਤੇ ਗਏ ਮਿਸ਼ਨ ਚੜ੍ਹਦੀਕਲਾ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ।

ਆਸਟਰੇਲੀਆ ਅਤੇ ਨਿਊਜ਼ੀਲੈਂਡ ਤੋਂ ਪਰਵਾਸੀ ਭਾਰਤੀਆਂ ਨਾਲ ਇੱਕ ਆਨਲਾਈਨ ਮੀਟਿੰਗ ਦੌਰਾਨ ਮੁੱਖ ਮੰਤਰੀ ਨੇ ਦੇਸ਼ ਨਾਲ ਪਰਵਾਸੀ ਭਾਰਤੀਆਂ ਦੇ ਮਜ਼ਬੂਤ ਭਾਵਨਾਤਮਕ ਅਤੇ ਵਿਕਾਸ ਦੇ ਰਿਸ਼ਤੇ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਸਖ਼ਤ ਮਿਹਨਤ ਅਤੇ ਲਗਨ ਨਾਲ ਬਾਹਰਲੇ ਮੁਲਕਾਂ ਵਿੱਚ ਆਪਣੀ ਪਛਾਣ ਬਣਾਈ ਹੈ ਪਰ ਫਿਰ ਵੀ ਉਹ ਕਦੇ ਆਪਣੀ ਮਾਤ ਭੂਮੀ ਨੂੰ ਨਹੀਂ ਭੁੱਲੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਪਰਵਾਸੀ ਭਾਰਤੀਆਂ ਨੇ ਹਮੇਸ਼ਾ ਆਪਣੇ ਪਿੰਡਾਂ ਅਤੇ ਸ਼ਹਿਰਾਂ ਦੇ ਵਿਕਾਸ, ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਇੱਥੋਂ ਤੱਕ ਕਿ ਸੂਬੇ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਕਾਇਮ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਹ ਐਨ.ਆਰ.ਆਈ. ਟਾਊਨਹਾਲ ਇੱਕ ਆਨਲਾਈਨ ਗੱਲਬਾਤ ਸੈਸ਼ਨ ਹੈ, ਜੋ ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਮਿਸ਼ਨ ਚੜ੍ਹਦੀਕਲਾ ਨਾਲ ਜੋੜਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਮਿਸ਼ਨ ਦਾ ਉਦੇਸ਼ ਪੰਜਾਬ ਦੇ ਰਾਹਤ ਅਤੇ ਮੁੜ ਵਸੇਬਾ ਯਤਨਾਂ ਲਈ ਆਲਮੀ ਸਮਰਥਨ ਇਕੱਠਾ ਕਰਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪਰਵਾਸੀ ਭਾਰਤੀ ਸੂਬੇ ਦੇ ਪੁਨਰ ਨਿਰਮਾਣ ਕਾਰਜ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਭਗਵੰਤ ਸਿੰਘ ਮਾਨ ਨੇ ਪਰਵਾਸੀ ਭਾਰਤੀਆਂ ਨੂੰ ਚੱਲ ਰਹੇ ਰਿਕਵਰੀ ਪ੍ਰਾਜੈਕਟਾਂ ਬਾਰੇ ਦੱਸਿਆ ਅਤੇ ਪਰਵਾਸੀ ਭਾਰਤੀਆਂ ਨੂੰ ਸੀਐਸਆਰ ਰਾਹੀਂ ਰੰਗਲਾ ਪੰਜਾਬ ਫੰਡ ਵਿੱਚ ਯੋਗਦਾਨ ਦੇਣ ਦਾ ਸੱਦਾ ਦਿੱਤਾ।



ਮੁੱਖ ਮੰਤਰੀ ਨੇ ਪਰਵਾਸੀ ਭਾਰਤੀਆਂ ਨੂੰ ਦੱਸਿਆ ਕਿ ਸੂਬੇ ਨੇ ਹਾਲ ਹੀ ਵਿੱਚ ਇੰਨੇ ਭਿਆਨਕ ਹੜ੍ਹ ਦੇਖੇ ਹਨ ਕਿ ਇਹ ਪੀੜ੍ਹੀਆਂ ਤੱਕ ਲੋਕਾਂ ਦੇ ਮਨਾਂ ਵਿੱਚ ਰਹਿਣਗੇ। ਉਨ੍ਹਾਂ ਕਿਹਾ ਕਿ ਹੜ੍ਹਾਂ ਨੇ ਸਿਰਫ਼ ਪਾਣੀ ਹੀ ਨਹੀਂ ਲਿਆਂਦਾ, ਸਗੋਂ ਇਹ ਲੱਖਾਂ ਸੁਪਨਿਆਂ ਨੂੰ ਵਹਾ ਕੇ ਲੈ ਗਏ ਅਤੇ ਇਹ ਪੰਜਾਬ ਦੇ ਹਾਲੀਆ ਇਤਿਹਾਸ ਵਿੱਚ ਸਭ ਤੋਂ ਵੱਡੇ ਦੁਖਾਂਤਾਂ ਵਿੱਚੋਂ ਇੱਕ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪੰਜਾਬ ਦਾ ਸਭ ਤੋਂ ਵੱਡਾ ਇਮਤਿਹਾਨ ਵੀ ਹੈ, ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸੂਬਾ ਹਮੇਸ਼ਾ ਹਰ ਸੰਕਟ ਵਿੱਚੋਂ ਮਜ਼ਬੂਤੀ ਨਾਲ ਉੱਭਰਦਾ ਆਇਆ ਹੈ।

ਮੁੱਖ ਮੰਤਰੀ ਨੇ ਅਫ਼ਸੋਸ ਜਤਾਇਆ ਕਿ 2,300 ਤੋਂ ਵੱਧ ਪਿੰਡ ਇਨ੍ਹਾਂ ਹੜ੍ਹਾਂ ਦੀ ਮਾਰ ਹੇਠ ਆਏ ਹਨ, 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ ਅਤੇ ਪੰਜ ਲੱਖ ਏਕੜ ਫ਼ਸਲੀ ਰਕਬਾ ਤਬਾਹ ਹੋ ਗਿਆ। ਉਨ੍ਹਾਂ ਕਿਹਾ ਕਿ ਇੰਨਾ ਹੀ ਨਹੀਂ ਇਨ੍ਹਾਂ ਮਾਰੂ ਹੜ੍ਹਾਂ ਕਰਕੇ ਤਕਰੀਬਨ 60 ਲੋਕਾਂ ਦੀ ਜਾਨ ਚਲੀ ਗਈ ਅਤੇ ਲਗਪਗ ਸੱਤ ਲੱਖ ਲੋਕ ਬੇਘਰ ਹੋ ਗਏ। ਇਸ ਤੋਂ ਇਲਾਵਾ 3,200 ਸਰਕਾਰੀ ਸਕੂਲ ਨੁਕਸਾਨੇ ਗਏ ਹਨ, 19 ਕਾਲਜ ਮਲਬੇ ਵਿੱਚ ਬਦਲ ਗਏ, 1,400 ਕਲੀਨਿਕ ਅਤੇ ਹਸਪਤਾਲ ਬਰਬਾਦ ਹੋ ਗਏ, 8,500 ਕਿਲੋਮੀਟਰ ਸੜਕਾਂ ਤਬਾਹ ਹੋ ਗਈਆਂ ਅਤੇ 2,500 ਪੁਲ ਢਹਿ ਗਏ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸ਼ੁਰੂਆਤੀ ਅਨੁਮਾਨਾਂ ਅਨੁਸਾਰ ਕੁੱਲ ਨੁਕਸਾਨ ਲਗਪਗ 13,800 ਕਰੋੜ ਰੁਪਏ ਹੈ, ਹਾਲਾਂਕਿ ਅਸਲ ਅੰਕੜਾ ਹੋਰ ਵੀ ਵੱਧ ਹੋ ਸਕਦਾ ਹੈ।

ਚੜ੍ਹਦੀਕਲਾ ਮਿਸ਼ਨ ਬਾਰੇ ਪਰਵਾਸੀ ਭਾਰਤੀਆਂ ਨੂੰ ਜਾਣੂ ਕਰਵਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਇੱਕ ਪਹਿਲ ਹੈ ਜਿਸ ਦਾ ਉਦੇਸ਼ ਪੰਜਾਬ ਵਿੱਚ ਹੜ੍ਹ ਪੀੜਤਾਂ ਦੀ ਭਲਾਈ ਲਈ ਸਹਾਇਤਾ ਕਰਨਾ ਹੈ। ਉਨ੍ਹਾਂ ਕਿਹਾ ਕਿ ਕਈ ਸਮਾਜ ਸੇਵੀ ਪਹਿਲਾਂ ਹੀ ਚੜ੍ਹਦੀਕਲਾ ਮਿਸ਼ਨ ਦਾ ਸਮਰਥਨ ਕਰਨ ਲਈ ਅੱਗੇ ਆਏ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮਿਸ਼ਨ ਚੜ੍ਹਦੀਕਲਾ ਇੱਕ ਆਲਮੀ ਫੰਡ ਜੁਟਾਉਣ ਦੀ ਮੁਹਿੰਮ ਹੈ ਜੋ ਪੰਜਾਬ 'ਚ 2025 ਦੇ ਹੜ੍ਹ ਪੀੜਤਾਂ ਲਈ ਸੂਬਾ ਸਰਕਾਰ ਦੇ ਮੁੜ ਵਸੇਬਾ ਯਤਨਾਂ ਲਈ ਫੰਡ ਇਕੱਠਾ ਕਰਨ ਵਾਸਤੇ ਸ਼ੁਰੂ ਕੀਤੀ ਗਈ ਹੈ।

ਇਸ ਪਹਿਲਕਦਮੀ ਦੇ ਪਿੱਛੇ ਦੀ ਭਾਵਨਾ ਨੂੰ ਉਜਾਗਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿਸ ਤਰ੍ਹਾਂ ਚੜ੍ਹਦੀਕਲਾ ਦੀ ਭਾਵਨਾ ਮੁਸੀਬਤ ਦੇ ਸਮੇਂ 'ਚ ਵੀ ਬੁਲੰਦ ਹੌਸਲੇ ਅਤੇ ਆਸ਼ਾਵਾਦ ਦੀ ਸਦੀਵੀ ਸਿੱਖ ਭਾਵਨਾ ਨੂੰ ਦਰਸਾਉਂਦੀ ਹੈ, ਉਸੇ ਤਰ੍ਹਾਂ ਮਿਸ਼ਨ ਚੜ੍ਹਦੀਕਲਾ ਦੁਨੀਆ ਭਰ ਦੇ ਸਾਰੇ ਪੰਜਾਬੀਆਂ ਨੂੰ ਇਸ ਵੱਡ-ਆਕਾਰੀ ਮੁਸੀਬਤ ਦੀ ਘੜੀ ਦੌਰਾਨ ਇੱਕ ਪਰਿਵਾਰ ਵਜੋਂ ਇੱਕਜੁੱਟ ਹੋਣ ਦਾ ਸੱਦਾ ਹੈ। ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਦੁਨੀਆ ਭਰ 'ਚ ਵਸਦੇ ਹੋਰ ਪੰਜਾਬੀ ਵੀ ਆਪਣੇ ਸੁਪਨਿਆਂ ਦੇ ਪੰਜਾਬ ਦੇ ਪੁਨਰ ਨਿਰਮਾਣ ਲਈ ਖੁੱਲ੍ਹ ਕੇ ਯੋਗਦਾਨ ਪਾਉਣਗੇ। ਪਾਰਦਰਸ਼ਤਾ ਅਤੇ ਜਵਾਬਦੇਹੀ ਦਾ ਭਰੋਸਾ ਦਿੰਦਿਆਂ ਭਗਵੰਤ ਸਿੰਘ ਮਾਨ ਨੇ ਦੁਹਰਾਇਆ ਕਿ ਇਕੱਠਾ ਕੀਤਾ ਗਿਆ ਹਰ ਪੈਸਾ ਹੜ੍ਹ ਪੀੜਤਾਂ ਦੀ ਭਲਾਈ ਅਤੇ ਮੁੜ ਵਸੇਬੇ ਲਈ ਪੂਰੀ ਸੂਝ-ਬੂਝ ਨਾਲ ਖ਼ਰਚਿਆਂ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹਾਂ ਕਰਕੇ ਮਾਝਾ ਇਲਾਕੇ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ ਹੈ ਅਤੇ ਹੁਣ ਅਸੀਂ ਮੁੜ ਵਸੇਬੇ ਦੀ ਕਾਰਵਾਈ ਸ਼ੁਰੂ ਕਰਨ ਜਾ ਰਹੇ ਹੈ ਅਤੇ ਰੰਗਲਾ ਪੰਜਾਬ ਦੇ ਫੰਡਾਂ ਵਿੱਚੋਂ ਰਾਹਤ ਚੈੱਕਾਂ ਦੀ ਵੰਡ ਕੱਲ੍ਹ(ਸੋਮਵਾਰ) ਤੋਂ ਸ਼ੁਰੂ ਹੋਵੇਗੀ। ਉਨ੍ਹਾਂ ਕਿਹਾ ਕਿ ਉਹ ਖਾਸ ਤੌਰ 'ਤੇ ਨੌਜਵਾਨਾਂ, ਗੈਰ-ਸਰਕਾਰੀ ਸੰਗਠਨਾਂ ਅਤੇ ਹੋਰ ਧਾਰਮਿਕ ਸੰਗਠਨਾਂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਆਪਣੇ ਸਾਥੀ ਪੰਜਾਬੀਆਂ ਦੀ ਮਦਦ ਲਈ ਯੋਗਦਾਨ ਪਾਇਆ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਗੰਭੀਰ ਸੰਕਟ ਦੀ ਇਸ ਘੜੀ ਵਿੱਚ ਵੀ ਕੁਝ ਰਾਜਨੀਤਿਕ ਪਾਰਟੀਆਂ ਬਿਨਾਂ ਕਿਸੇ ਸ਼ਰਮ-ਲਿਹਾਜ ਦੇ ਸੂਬਾ ਸਰਕਾਰ ਨੂੰ ਦੋਸ਼ੀ ਠਹਿਰਾ ਠਹਿਰਾਉਣ 'ਤੇ ਤੁਲੀਆਂ ਹੋਈਆਂ ਹਨ, ਜਦੋਂ ਕਿ ਮੈਕਸੀਕੋ ਅਤੇ ਦੁਨੀਆ ਦੇ ਹੋਰ ਹਿੱਸੇ ਆਲਮੀ ਤਪਸ਼ ਕਾਰਨ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਹੇ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਰੀਆਂ ਵਿਰੋਧੀ ਧਿਰਾਂ ਉਨ੍ਹਾਂ ਨੂੰ ਸਿਰਫ਼ ਆਪਣੇ ਨਿੱਜੀ ਸਿਆਸੀ ਹਿੱਤਾਂ ਖ਼ਾਤਰ ਨਿਸ਼ਾਨਾ ਬਣਾਉਣ 'ਚ ਰੁੱਝੀਆਂ ਹੋਈਆਂ ਹਨ, ਜੋ ਪੂਰੀ ਤਰ੍ਹਾਂ ਗੈਰ-ਵਾਜਬ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਲੋਕਾਂ ਨੂੰ ਰਾਹਤ ਦੇਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਹ ਯਕੀਨੀ ਬਣਾਏਗੀ ਕਿ ਇਹ ਰਾਹਤ ਕਤਾਰ ਵਿੱਚ ਖੜ੍ਹੇ ਹਰ ਆਖਰੀ ਵਿਅਕਤੀ ਤੱਕ ਪਹੁੰਚੇ। ਉਨ੍ਹਾਂ ਕਿਹਾ ਕਿ ਕਿਉਂਕਿ ਪਰਵਾਸੀ ਭਾਰਤੀ ਮੁੱਖ ਮੰਤਰੀ ਰਾਹਤ ਫੰਡ ਵਿੱਚ ਯੋਗਦਾਨ ਨਹੀਂ ਪਾ ਸਕਦੇ, ਇਸ ਲਈ ਸੂਬਾ ਸਰਕਾਰ ਨੇ ਉਨ੍ਹਾਂ ਵਾਸਤੇ ਰੰਗਲਾ ਪੰਜਾਬ ਨਾਮ ਹੇਠ ਨਵਾਂ ਖਾਤਾ ਖੋਲ੍ਹਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੰਸਦ ਮੈਂਬਰਾਂ ਨੇ ਵੀ ਨਵੇਂ ਫੰਡ ਵਿੱਚ ਆਪਣੇ ਐਮਪੀਐਲਏਡੀ ਫੰਡ ਵਿੱਚੋਂ 20 ਲੱਖ ਤੋਂ ਵੱਧ ਦਾ ਯੋਗਦਾਨ ਪਾਇਆ ਹੈ ਅਤੇ ਕੁਝ ਆਗੂਆਂ ਨੇ ਆਪਣੇ ਨਿੱਜੀ ਹਿੱਤਾਂ ਕਰਕੇ ਇਸ ਫੰਡ ਦਾ ਵਿਰੋਧ ਵੀ ਕੀਤਾ ਹੈ।

ਇਸ ਦੌਰਾਨ ਬ੍ਰਿਸਬੇਨ, ਮੈਲਬੌਰਨ, ਐਡੀਲੇਡ, ਸਿਡਨੀ, ਪਰਥ ਅਤੇ ਆਕਲੈਂਡ ਤੋਂ ਮੁੱਖ ਮੰਤਰੀ ਨਾਲ ਜੁੜੇ ਪਰਵਾਸੀ ਭਾਈਚਾਰੇ ਨੇ ਇਸ ਨੇਕ ਕਾਰਜ ਲਈ ਸੂਬਾ ਸਰਕਾਰ ਨੂੰ ਪੂਰਾ ਸਮਰਥਨ ਅਤੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਆਗੂਆਂ, ਉੱਦਮੀਆਂ, ਪੇਸ਼ੇਵਰਾਂ, ਕਾਰੋਬਾਰੀ ਮਾਲਕਾਂ, ਪੰਜਾਬੀ ਐਸੋਸੀਏਸ਼ਨਾਂ ਦੇ ਨੁਮਾਇੰਦਿਆਂ ਅਤੇ ਹੋਰਾਂ ਸਮੇਤ ਪਰਵਾਸੀ ਭਾਰਤੀ ਭਾਈਚਾਰੇ ਨੇ ਭਗਵੰਤ ਸਿੰਘ ਮਾਨ ਨੂੰ ਭਰੋਸਾ ਦਿੱਤਾ ਕਿ ਉਹ ਇਸ ਮਿਸ਼ਨ ਲਈ ਖੁੱਲ੍ਹੇ ਦਿਲ ਨਾਲ ਯੋਗਦਾਨ ਪਾਉਣਗੇ। ਉਨ੍ਹਾਂ ਨੇ ਹੜ੍ਹ ਪ੍ਰਭਾਵਿਤ ਪੰਜਾਬ ਵਿੱਚ ਜ਼ਿੰਦਗੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਠੋਸ ਯਤਨ ਕਰਨ ਵਾਸਤੇ ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸ਼ਲਾਘਾ ਵੀ ਕੀਤੀ।

ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਸੰਜੀਵ ਅਰੋੜਾ, ਮੁੱਖ ਸਕੱਤਰ ਕੇ.ਏ.ਪੀ. ਸਿਨਹਾ, ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਦੇ ਸਲਾਹਕਾਰ ਦੀਪਕ ਬਾਲੀ ਅਤੇ ਹੋਰ ਮੌਜੂਦ ਸਨ।

# 'ਆਪ' ਵਲੋਂ ਬਲਜੀਤ ਸਿੰਘ ਨੂੰ ਵਿਧਾਨ ਸਭਾ ਹਲਕਾ ਖਰੜ ਦਾ ਮੀਡੀਆ ਕੋਆਡੀਨੇਟਰ ਨਿਯੁਕਤ

**ਖਰੜ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ' ਵਲੋਂ ਸੂਬੇ ਵਿਚ 'ਆਪ' ਦੀ ਹੋਰ ਮਜ਼ਬੂਤੀ ਲਈ ਵਿਧਾਨ ਸਭਾ ਹਲਕਿਆਂ ਵਿਚ ਤਾਇਨਾਤ ਕੀਤੇ ਗਏ ਹਲਕਾ ਮੀਡੀਆ ਕੋਆਡੀਨੇਟਰ ਵਿਚ ਬਲਜੀਤ ਸਿੰਘ ਨੂੰ ਵਿਧਾਨ ਸਭਾ ਹਲਕਾ ਖਰੜ ਦਾ ਮੀਡੀਆ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ। ਬਲਜੀਤ ਸਿੰਘ ਵਲੋਂ ਇਸ ਨਿਯੁਕਤ ਲਈ 'ਆਮ ਆਦਮੀ ਪਾਰਟੀ' ਦੀ ਸਮੁੱਚੀ ਲੀਡਰਸ਼ਿਪ ਅਤੇ ਖਰੜ ਹਲਕੇ ਦੀ ਵਿਧਾਇਕਾ ਅਨਮੋਲ ਗਗਨ ਮਾਨ ਦਾ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਬਲਜੀਤ ਸਿੰਘ ਵਲੋਂ ਨੇ ਕਿਹਾ ਕਿ ਜੋ ਹਲਕਾ ਵਿਧਾਇਕ ਅਤੇ ਪਾਰਟੀ ਵਲੋਂ ਉਨ੍ਹਾਂ ਨੂੰ ਜਿੰਮੇਵਾਰੀ ਦਿੱਤੀ ਗਈ ਹੈ ਉਸ ਨੂੰ ਉਹ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਪਾਰਟੀ ਲਈ ਦੀ ਹੋਰ ਮਜ਼ਬੂਤੀ ਲਈ ਕੰਮ ਕਰਨਗੇ।

# ਮਾਲੇਰਕੋਟਲਾ ਵਿੱਚ ਨਵੀਂ ਵਾਰਡਬੰਦੀ ਲਈ ਸਰਵੇ ਜਲਦ ਸ਼ੁਰ

**ਮਲੇਰਕੋਟਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਨਗਰ ਕੌਂਸਲ ਮਾਲੇਰਕੋਟਲਾ ਨਸਰੀਨ ਅਸ਼ਰਫ ਅਬਦੁੱਲਾ ਨੇ ਦੱਸਿਆ ਕਿ ਪੰਜਾਬ ਸਰਕਾਰ ਦੀ ਹਦਾਇਤਾ ਅਨੁਸਾਰ ਮਾਲੇਰਕੋਟਲਾ ਸ਼ਹਿਰ ਦੀ ਨਵੀਂ ਵਾਰਡ ਬੰਦੀ ਕਰਵਾਉਣ ਦੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾ ਰਹੀ ਹੈ। ਇਸ ਉਦੇਸ਼ ਲਈ ਸ਼ਹਿਰ ਦੇ ਸਮੂਹ ਪਰਿਵਾਰਾਂ ਦਾ ਡਾਟਾ ਇਕੱਠਾ ਕੀਤਾ ਜਾਵੇਗਾ, ਜਿਸ ਲਈ ਨਗਰ ਕੌਂਸਲ ਵੱਲੋਂ ਨਿਯੁਕਤ ਕਰਮਚਾਰੀ ਘਰ-ਘਰ ਜਾ ਕੇ ਜਾਣਕਾਰੀ ਇਕੱਠੀ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਸਰਵੇ ਸ਼ਹਿਰ ਦੀ ਭਵਿੱਖੀ ਯੋਜਨਾਬੰਦੀ, ਵਿਕਾਸ ਕਾਰਜਾਂ ਦੀ ਨਿਰਪੱਖ ਵੰਡ ਅਤੇ ਵਾਰਡਾਂ ਦੀ ਯੋਗ ਸਰਹੱਦਬੰਦੀ ਲਈ ਬਹੁਤ ਮਹੱਤਵਪੂਰਨ ਹੈ। ਪ੍ਰਧਾਨ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਜਦੋਂ ਨਗਰ ਕੌਂਸਲ ਦੇ ਕਰਮਚਾਰੀ ਉਹਨਾਂ ਦੇ ਘਰਾਂ 'ਤੇ ਡਾਟਾ ਇਕੱਠਾ ਕਰਨ ਆਉਣ, ਤਾਂ ਉਹ ਪੂਰਾ ਸਹਿਯੋਗ ਦੇਣ ਅਤੇ ਸਹੀ ਤੇ ਪੂਰੀ ਜਾਣਕਾਰੀ ਪ੍ਰਦਾਨ ਕਰਨ।

ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਦੇ ਕਰਮਚਾਰੀ ਅਧਿਕਾਰਕ ਪਹਿਚਾਣ ਪੱਤਰ ਨਾਲ ਘਰਾਂ 'ਤੇ ਆਉਣਗੇ, ਜਿਸ ਨਾਲ ਨਿਵਾਸੀ ਆਸਾਨੀ ਨਾਲ ਉਹਨਾਂ ਦੀ ਪਛਾਣ ਕਰ ਸਕਣ। ਜੇਕਰ ਕਿਸੇ ਵੀ ਨਿਵਾਸੀ ਨੂੰ ਇਸ ਸਰਵੇ ਸਬੰਧੀ ਕੋਈ ਸ਼ੰਕਾ ਜਾਂ ਵਾਧੂ ਜਾਣਕਾਰੀ ਦੀ ਲੋੜ ਹੋਵੇ, ਤਾਂ ਉਹ ਨਗਰ ਕੌਂਸਲ ਦਫ਼ਤਰ ਵਿਖੇ ਸੰਪਰਕ ਕਰ ਸਕਦਾ ਹੈ।

ਪ੍ਰਧਾਨ ਨਸਰੀਨ ਅਸ਼ਰਫ ਅਬਦੁੱਲਾ ਨੇ ਕਿਹਾ ਕਿ ਮਾਲੇਰਕੋਟਲਾ ਸ਼ਹਿਰ ਦੇ ਵਿਕਾਸ ਅਤੇ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਕੀਤੀ ਜਾ ਰਹੀ ਇਹ ਕਦਮ ਸ਼ਹਿਰ ਦੇ ਪ੍ਰਬੰਧਨ ਨੂੰ ਹੋਰ ਮਜ਼ਬੂਤ ਅਤੇ ਸੁਵਿਧਾਜਨਕ ਬਣਾਵੇਗਾ। ਉਨ੍ਹਾਂ ਕਿਹਾ ਕਿ ਨਗਰ ਕੌਂਸਲ ਦਾ ਉਦੇਸ਼ ਹਰ ਨਿਵਾਸੀ ਨੂੰ ਵਿਕਾਸ ਦੀ ਮੁੱਖ ਧਾਰਾ ਨਾਲ ਜੋੜਕੇ ਮਾਲੇਰਕੋਟਲੇ ਦਾ ਸਰਵਪੱਖੀ ਵਿਕਾਸ ਕਰਨਾ ਹੈ।

# ਵਾਲਮੀਕੀ ਧਰਮ ਸਮਾਜ ਵੱਲੋਂ 'ਸਮਾਜਿਕ ਸਮਰਸਤਾ' ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ

**ਲੁਧਿਆਣਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਲਿਤ ਹੈਲਪਲਾਈਨ ਅਤੇ ਭਗਵਾਨ ਵਲਮੀਕੀ ਧਰਮ ਸਮਾਜ ਦੇ ਸਾਂਝੇ ਤਹਿਤ ਅੱਜ ਸਮਾਜਿਕ ਸਮਰਸਤਾ ਵਿਸ਼ੇ 'ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਸਬੰਧਤ ਪ੍ਰਮੁੱਖ ਹਸਤੀਆਂ ਨੇ ਹਿੱਸਾ ਲਿਆ ਅਤੇ ਇਕਤਾ ਤੇ ਭਰਾਵਾਂ ਦੇ ਸੁਨੇਹੇ ਨੂੰ ਅੱਗੇ ਵਧਾਇਆ।

ਕਾਰਜਕ੍ਰਮ ਵਿੱਚ ਲੋਕ ਸਭਾ ਦੇ ਸਾਬਕਾ ਡਿਪਟੀ ਸਪੀਕਰ ਸ਼੍ਰੀ ਚਰਨਜੀਤ ਸਿੰਘ ਅਟਵਾਲ ਮੁੱਖ ਵਕਤਾ ਵਜੋਂ ਸ਼ਾਮਲ ਹੋਏ।

ਉਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਪੰਜਾਬ ਸਰਕਾਰ ਦੀਆਂ ਨੀਤੀਆਂ ਦੀ ਨਾਕਾਮੀ ਬਾਰੇ ਗੱਲ ਕਰਦਿਆਂ ਕਿਹਾ ਕਿ ਮੌਜੂਦਾ ਸਰਕਾਰ ਨੇ ਨੌਜਵਾਨਾਂ ਦੇ ਭਵਿੱਖ ਨੂੰ ਹਨੇਰੇ ਵਿੱਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਡਾ. ਭੀਮਰਾਵ ਅੰਬੇਡਕਰ ਵੱਲੋਂ ਬਣਾਇਆ ਸੰਵਿਧਾਨ ਸਾਰੇ ਵਰਗਾਂ ਨੂੰ ਬਰਾਬਰੀ ਦੇ ਮੌਕੇ ਦਿੰਦਾ ਹੈ ਅਤੇ ਦੇਸ਼ ਨੂੰ ਇਕਤਾ ਦੇ ਧਾਗੇ ਨਾਲ ਜੋੜਦਾ ਹੈ।

ਇਸ ਮੌਕੇ ਮਾਣਯੋਗ ਰਾਜਪਾਲ ਸ਼੍ਰੀ ਗੁਲਾਬਚੰਦ ਕਟਾਰੀਆ ਨੇ ਵੀ ਹਾਜ਼ਰੀ ਭਰੀ ਅਤੇ ਕੇਂਦਰ ਸਰਕਾਰ ਦੀਆਂ ਲੋਕ-ਕਲਿਆਣਕਾਰੀ ਯੋਜਨਾਵਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਨ੍ਹਾਂ ਯੋਜਨਾਵਾਂ ਦਾ ਲਾਭ ਲੈਣ ਅਤੇ ਇਨ੍ਹਾਂ ਨੂੰ ਘਰ-ਘਰ ਤੱਕ ਪਹੁੰਚਾਉਣ ਵਿੱਚ ਸਹਿਯੋਗ ਕਰਨ।

ਕਾਰਜਕ੍ਰਮ ਵਿੱਚ ਵਿਸ਼ੇਸ਼ ਤੌਰ 'ਤੇ ਦਿਲੀਪ ਸ਼ਰਮਾ (ਸਾਬਕਾ ਡਿਪਟੀ ਮੇਅਰ, ਚੰਡੀਗੜ੍ਹ), ਰਾਹੁਲ ਸੋਨਕਰ ਉਰਫ਼ ਬੀਰੂ (ਕੌਂਸਲਰ, ਅੰਬਾਲਾ), ਵੈਦ ਬਲਬੀਰ ਸਿੰਘ, ਮਯੰਕ ਵਸ਼ਿਸ਼ਠ, ਸੰਜੀਵ ਖੱਡੂ, ਰਜਿੰਦਰ ਕਾਕਾ, ਵਿਸ਼ਾਲ ਮੋਂਗਲੀ, ਬਿੱਟੂ ਚੱਡਾ, ਅੰਕੁਰ ਕਨੌਜੀਆ, ਦੀਪਕ ਕਨੌਜੀਆ, ਪੰਡਿਤ ਰਾਜਨ ਸ਼ਰਮਾ (ਅਧਿਅਕਸ਼, ਵਿਸ਼ਵ ਸਨਾਤਨ ਧਰਮ ਸਭਾ) ਅਤੇ ਡਾ. ਕਮਲਜੀਤ ਸੋਈ (ਰੋਡ ਸੇਫਟੀ ਕੌਂਸਲ, ਭਾਰਤ ਸਰਕਾਰ) ਸਮੇਤ ਕਈ ਗਣਮਾਨਯ ਸ਼ਖ਼ਸੀਅਤਾਂ ਹਾਜ਼ਰ ਰਹੀਆਂ।

ਕਾਰਜਕ੍ਰਮ ਦੇ ਅੰਤ ਵਿੱਚ ਮੁੱਖ ਮਹਿਮਾਨਾਂ ਨੂੰ 'ਰਾਮਾਇਣ' ਦੀ ਪ੍ਰਤੀ ਭੇਂਟ ਕੀਤੀ ਗਈ ਸੈਮੀਨਾਰ ਦਾ ਮੁੱਖ ਉਦੇਸ਼ ਸਮਾਜ ਵਿੱਚ ਭਰਾਵਾਂ, ਬਰਾਬਰੀ ਅਤੇ ਸਮਾਜਿਕ ਸਮਰਸਤਾ ਨੂੰ ਪ੍ਰੋਤਸਾਹਿਤ ਕਰਨਾ ਸੀ। ਇਸ ਮੌਕੇ ਉੱਤੇ ਡਾ. ਭੀਮਰਾਵ ਅੰਬੇਡਕਰ ਅਤੇ ਭਗਵਾਨ ਵਲਮੀਕੀ ਜੀ ਦੇ ਆਦਰਸ਼ਾਂ 'ਤੇ ਚਲਣ ਦਾ ਸੰਕਲਪ ਵੀ ਲਿਆ ਗਿਆ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ: ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਚਾਰੋਂ ਨਗਰ ਕੀਰਤਨਾਂ ਦੇ ਰੂਟ ਜਾਰੀ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350ਵਾਂ ਸ਼ਹੀਦੀ ਦਿਹਾੜਾ ਪੂਰੀ ਸ਼ਰਧਾ ਨਾਲ ਵੱਡੇ ਪੱਧਰ 'ਤੇ ਮਨਾ ਰਹੀ ਹੈ। ਇਨ੍ਹਾਂ ਸਮਾਗਮਾਂ ਦੀ ਕਾਮਯਾਬੀ ਅਤੇ ਵਿਊਤਬੰਦੀ ਲਈ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਨੋਡਲ ਵਿਭਾਗ ਨਿਯੁਕਤ ਕੀਤਾ ਗਿਆ ਹੈ। ਐਤਵਾਰ ਨੂੰ ਸੌਂਦ ਨੇ 19 ਨਵੰਬਰ ਤੋਂ ਸ਼ੁਰੂ ਹੋਣ ਵਾਲੇ 4 ਨਗਰ ਕੀਰਤਨਾਂ ਦੇ ਰੂਟਾਂ ਬਾਬਤ ਜਾਣਕਾਰੀ ਸਾਂਝੀ ਕੀਤੀ ਤਾਂ ਜੋ ਵੱਡੀ ਗਿਣਤੀ ਸੰਗਤ ਇਨ੍ਹਾਂ ਨਗਰ ਕੀਰਤਨਾਂ ਵਿੱਚ ਹਾਜ਼ਰੀ ਲਵਾ ਸਕੇ। ਉਨ੍ਹਾਂ ਦੱਸਿਆ ਕਿ ਮੁੱਖ ਨਗਰ ਕੀਰਤਨ 19 ਨਵੰਬਰ ਨੂੰ ਸ੍ਰੀਨਗਰ ਤੋਂ ਸ਼ੁਰੂ ਹੋਵੇਗਾ। ਜੰਮੂ, ਪਠਾਨਕੋਟ, ਦਸੂਹਾ, ਹੁਸ਼ਿਆਰਪੁਰ, ਮਾਹਿਲਪੁਰ ਅਤੇ ਗੜ੍ਹਸ਼ੰਕਰ ਹੁੰਦਾ ਹੋਇਆ 22 ਨਵੰਬਰ ਨੂੰ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। 19 ਨਵੰਬਰ ਨੂੰ ਨਗਰ ਕੀਰਤਨ ਦਾ ਠਹਿਰਾਅ ਜੰਮੂ ਤੇ 20 ਨਵੰਬਰ ਨੂੰ ਪਠਾਨਕੋਟ ਵਿਖੇ ਹੋਵੇਗਾ, ਜਦਕਿ 21 ਨਵੰਬਰ ਨੂੰ ਹੁਸ਼ਿਆਰਪੁਰ ਵਿਖੇ ਠਹਿਰਾਅ ਹੋਵੇਗਾ। ਇਸ ਨਗਰ ਕੀਰਤਨ ਦਾ ਕੁੱਲ ਫਾਸਲਾ 544 ਕਿਲੋਮੀਟਰ ਹੋਵੇਗਾ।

ਮਾਝਾ-ਦੁਆਬਾ ਰੂਟ 'ਤੇ 20 ਨਵੰਬਰ ਨੂੰ ਨਗਰ ਕੀਰਤਨ ਗੁਰਦਾਸਪੁਰ ਤੋਂ ਸ਼ੁਰੂ ਹੋਵੇਗਾ ਅਤੇ ਬਟਾਲਾ, ਬਾਬ ਬਕਾਲਾ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ, ਗੋਇੰਦਵਾਲ ਸਾਹਿਬ, ਕਪੂਰਥਲਾ, ਕਰਤਾਰਪੁਰ, ਜਲੰਧਰ, ਬੰਗਾ ਤੇ ਬਲਾਚੌਰ ਹੁੰਦਾ ਹੋਇਆ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। 20 ਨਵੰਬਰ ਨੂੰ ਨਗਰ ਕੀਰਤਨ ਦਾ ਠਹਿਰਾਅ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਤੇ 21 ਨਵੰਬਰ ਨੂੰ ਜਲੰਧਰ ਵਿਖੇ ਹੋਵੇਗਾ। ਇਸ ਨਗਰ ਕੀਰਤਨ ਦਾ ਕੁੱਲ ਫਾਸਲਾ 345 ਕਿਲੋਮੀਟਰ ਹੋਵੇਗਾ।

ਮਾਲਵਾ 1 ਰੂਟ 'ਤੇ 20 ਨਵੰਬਰ ਨੂੰ ਨਗਰ ਕੀਰਤਨ ਫਰੀਦਕੋਟ ਤੋਂ ਸ਼ੁਰੂ ਹੋਵੇਗਾ ਅਤੇ ਫਿਰੋਜ਼ਪੁਰ, ਮੋਗਾ, ਜਗਰਾਓਂ, ਲੁਧਿਆਣਾ, ਖੰਨਾ, ਸਰਹਿੰਦ, ਫਤਹਿਗੜ੍ਹ ਸਾਹਿਬ, ਮੋਰਿੰਡਾ, ਚਮਕੌਰ ਸਾਹਿਬ ਅਤੇ ਰੂਪਨਗਰ ਹੁੰਦਾ ਹੋਇਆ 22 ਨਵੰਬਰ ਨੂੰ ਸ੍ਰੀ ਅਨੰਦਪੁਰ ਸਾਹਿਬ ਪੁੱਜੇਗਾ। 20 ਨਵੰਬਰ ਨੂੰ ਨਗਰ ਕੀਰਤਨ ਦਾ ਠਹਿਰਾਅ ਲੁਧਿਆਣਾ ਵਿਖੇ ਅਤੇ 21 ਨਵੰਬਰ ਨੂੰ ਫਤਹਿਗੜ੍ਹ ਸਾਹਿਬ ਵਿਖੇ ਹੋਵੇਗਾ।

# ਪੰਜਾਬ ਦੇ ਗੱਤਕਾ ਖਿਡਾਰੀ ਬਣੇ ਰਾਸ਼ਟਰੀ ਚੈਂਪੀਅਨ, ਛੱਤੀਸਗੜ੍ਹ ਦੇ ਖਿਡਾਰੀ 13ਵੀਂ ਰਾਸ਼ਟਰੀ ਗੱਤਕਾ ਚੈਂਪੀਅਨਸ਼ਿਪ 'ਚ ਰਹੇ ਉਪ ਜੇਤੂ

## ਛੱਤੀਸਗੜ੍ਹ ਦੇ ਸਕੂਲਾਂ ਤੇ ਕਾਲਜਾਂ 'ਚ ਗੱਤਕੇ ਨੂੰ ਕਰਾਂਗੇ ਉਤਸ਼ਾਹਿਤ : ਗਜੇਂਦਰ ਯਾਦਵ

**ਭਿਲਾਈ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ (ਐਨਜੀਏਆਈ) ਦੁਆਰਾ ਆਯੋਜਿਤ 13ਵੀਂ ਕੌਮੀ ਗੱਤਕਾ ਚੈਂਪੀਅਨਸ਼ਿਪ 2025 ਅੱਜ ਛੱਤੀਸਗੜ੍ਹ ਦੇ ਭਿਲਾਈ ਵਿੱਚ ਰਵਾਇਤੀ ਜੰਗੀ ਕਲਾ ਅਤੇ ਖੇਡ ਭਾਵਨਾ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਮਾਪਤ ਹੋਈ। ਤਿੰਨ ਦਿਨ ਚੱਲੇ ਤਿੱਖੇ ਮੁਕਾਬਲਿਆਂ ਤੋਂ ਬਾਅਦ ਪੰਜਾਬ ਦੇ ਗੱਤਕਾ ਖਿਡਾਰੀਆਂ ਨੂੰ ਓਵਰਆਲ ਚੈਂਪੀਅਨ ਐਲਾਨਿਆ ਕੀਤਾ ਗਿਆ ਜਦੋਂ ਕਿ ਛੱਤੀਸਗੜ੍ਹ ਦੇ ਖਿਡਾਰੀਆਂ ਨੇ ਆਪਣੀ ਹਿੰਮਤ, ਸਟੀਕਤਾ ਅਤੇ ਕਰੜੀ ਮਿਹਨਤ ਸਦਕਾ ਦਿਲ ਜਿੱਤਦੇ ਹੋਏ ਉਪ ਜੇਤੂ ਦਾ ਖਿਤਾਬ ਜਿੱਤਿਆ।

ਮੁੰਡਿਆਂ ਦੇ ਵਰਗ ਵਿੱਚ ਪੰਜਾਬ ਨੇ ਮਜ਼ਬੂਤ ਪ੍ਰਦਰਸ਼ਨ ਅਤੇ ਸ਼ਾਨਦਾਰ ਤਕਨੀਕਾਂ ਨਾਲ ਪਹਿਲਾ ਸਥਾਨ ਜਦੋਂ ਕਿ ਛੱਤੀਸਗੜ੍ਹ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਹਰਿਆਣਾ ਅਤੇ ਉੱਤਰਾਖੰਡ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ।

ਲੜਕੀਆਂ ਦੇ ਵਰਗ ਵਿੱਚ ਛੱਤੀਸਗੜ੍ਹ ਦੇ ਖਿਡਾਰੀਆਂ ਨੇ ਪਹਿਲਾ ਸਥਾਨ, ਚੰਡੀਗੜ੍ਹ ਦੂਜੇ ਸਥਾਨ 'ਤੇ ਅਤੇ ਪੰਜਾਬ ਅਤੇ ਹਰਿਆਣਾ ਨੇ ਸਾਂਝੇ ਤੌਰ 'ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਛੱਤੀਸਗੜ੍ਹ ਦੇ ਸਿੱਖਿਆ ਅਤੇ ਪੇਂਡੂ ਉਦਯੋਗ ਮੰਤਰੀ ਗਜੇਂਦਰ ਯਾਦਵ ਨੇ ਸਮਾਪਤੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਜੇਤੂਆਂ ਨੂੰ ਤਗਮੇ ਅਤੇ ਸਰਟੀਫਿਕੇਟ ਪ੍ਰਦਾਨ ਕੀਤੇ। ਇਸ ਮੌਕੇ ਬੋਲਦਿਆਂ, ਮੰਤਰੀ ਨੇ ਕਿਹਾ ਕਿ ਗੱਤਕਾ ਸਿਰਫ਼ ਇੱਕ ਖੇਡ ਨਹੀਂ ਹੈ, ਸਗੋਂ ਭਾਰਤ ਦੀ ਸ਼ਾਨਦਾਰ ਜੰਗਜੂ ਵਿਰਾਸਤ ਦਾ ਇੱਕ ਹਿੱਸਾ ਹੈ, ਜੋ



ਅਨੁਸ਼ਾਸਨ, ਹਿੰਮਤ ਅਤੇ ਸਵੈ-ਨਿਯੰਤਰਣ ਸਿਖਾਉਂਦੀ ਹੈ। ਛੱਤੀਸਗੜ੍ਹ ਸਰਕਾਰ ਇਸ ਰਵਾਇਤੀ ਕਲਾ ਵਿੱਚ ਨੌਜਵਾਨਾਂ ਦੀ ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਲਈ ਰਾਜ ਭਰ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਗੱਤਕੇ ਨੂੰ ਜ਼ੋਰਦਾਰ ਢੰਗ ਨਾਲ ਉਤਸ਼ਾਹਿਤ ਕਰੇਗੀ।

ਉਨ੍ਹਾਂ ਨੇ ਰਾਸ਼ਟਰੀ ਗੱਤਕਾ ਐਸੋਸੀਏਸ਼ਨ ਅਤੇ ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ, ਛੱਤੀਸਗੜ੍ਹ ਨੂੰ ਇੱਕ ਸਫਲ ਸਮਾਗਮ ਦੇ ਆਯੋਜਨ ਲਈ ਵਧਾਈ ਦਿੱਤੀ ਜੋ ਭਾਰਤ ਦੀ ਅਮੀਰ ਸੱਭਿਆਚਾਰਕ ਪਛਾਣ ਨੂੰ ਦਰਸਾਉਂਦਾ ਹੈ ਅਤੇ ਖੇਡਾਂ ਰਾਹੀਂ ਰਾਸ਼ਟਰੀ ਏਕਤਾ ਨੂੰ ਪ੍ਰੇਰਿਤ ਕਰਦਾ ਹੈ।

ਵੈਸ਼ਾਲੀ ਨਗਰ ਦੇ ਵਿਧਾਇਕ ਰਾਕੇਸ਼ ਸੇਨ ਨੇ ਖਿਡਾਰੀਆਂ ਦੀ ਭਾਵਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਗੱਤਕਾ ਖਿਡਾਰੀਆਂ ਦੁਆਰਾ ਪ੍ਰਦਰਸ਼ਿਤ ਅਨੁਸ਼ਾਸਨ, ਸਤਿਕਾਰ ਅਤੇ ਟੀਮ ਵਰਕ ਭਾਰਤ ਦੇ ਹਰ ਨੌਜਵਾਨ ਖਿਡਾਰੀ ਲਈ ਇੱਕ ਮਿਸਾਲ ਕਾਇਮ ਕਰਦਾ ਹੈ।

ਉਨ੍ਹਾਂ ਛੱਤੀਸਗੜ੍ਹ ਦੇ ਨੌਜਵਾਨਾਂ ਨੂੰ ਇਸ ਜੰਗਜੂ ਖੇਡ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਅਤੇ ਰਾਜ ਦੀ ਸ਼ਾਨ ਲਿਆਉਣ ਲਈ ਵੀ ਉਤਸ਼ਾਹਿਤ ਕੀਤਾ।

ਇਸ ਸਮਾਗਮ ਵਿੱਚ ਭਾਰਤੀ ਜਨਤਾ ਯੁਵਾ ਮੋਰਚਾ ਦੇ ਕਾਰਜਕਾਰੀ ਮੈਂਬਰ ਮਨੀਸ਼ ਪਾਂਡੇ, ਭਾਜਪਾ ਜ਼ਿਲ੍ਹਾ ਪ੍ਰਧਾਨ ਪੁਰਸ਼ੋਤਮ ਦੇਵਾਂਗਨ, ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਹਰਜੀਤ ਸਿੰਘ ਗਰੇਵਾਲ, ਏਸ਼ੀਅਨ ਗੱਤਕਾ ਫੈਡਰੇਸ਼ਨ ਦੇ ਕਾਰਜਕਾਰੀ ਮੈਂਬਰ ਅਤੇ ਨਿਊ ਗੱਤਕਾ ਸਪੋਰਟਸ ਐਸੋਸੀਏਸ਼ਨ ਛੱਤੀਸਗੜ੍ਹ ਦੇ ਪ੍ਰਧਾਨ ਇੰਦਰਜੀਤ ਸਿੰਘ ਛੋਟੂ, ਜਨਰਲ ਸਕੱਤਰ ਜਸਵੰਤ ਸਿੰਘ ਅਤੇ ਛੱਤੀਸਗੜ੍ਹ ਸਿੱਖ ਪੰਚਾਇਤ ਦੇ ਪ੍ਰਧਾਨ ਜਸਬੀਰ ਸਿੰਘ ਚਾਹਲ ਵੀ ਸ਼ਾਮਲ ਸਨ।

ਪ੍ਰਧਾਨ ਹਰਜੀਤ ਸਿੰਘ ਗਰੇਵਾਲ ਨੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਅਤੇ ਸਾਰੇ ਭਾਰਤੀ ਰਾਜਾਂ ਵਿੱਚ ਗੱਤਕੇ ਦੀ ਪਹੁੰਚ ਨੂੰ ਵਧਾਉਣ ਲਈ ਐਨਜੀਏਆਈ ਦੀ ਵਚਨਬੱਧਤਾ ਨੂੰ ਦੁਹਰਾਇਆ।

ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਕਈ ਪੁਰਸਕਾਰ ਵੀ ਪ੍ਰਦਾਨ ਕੀਤੇ ਗਏ ਜਿਨ੍ਹਾਂ ਵਿੱਚ ਚੰਡੀਗੜ੍ਹ ਤੋਂ ਸਤਵੰਤ ਸਿੰਘ ਖਾਲਸਾ ਨੂੰ ਜੂਨੀਅਰ ਗੱਤਕਾ ਸਟਾਰ ਪੁਰਸਕਾਰ ਅਤੇ ਸੁਨੇਹਾ ਨੂੰ ਸਰਵੋਤਮ ਪ੍ਰਦਰਸ਼ਨ ਪੁਰਸਕਾਰ ਦਿੱਤਾ ਗਿਆ। ਸਭ ਤੋਂ ਵੱਧ ਹੋਣਹਾਰ ਖਿਡਾਰੀ ਦਾ ਪੁਰਸਕਾਰ ਰਮਨਦੀਪ ਸਿੰਘ ਪੰਜਾਬ ਨੂੰ ਦਿੱਤਾ ਗਿਆ। ਡਿੰਪਲ ਕੁਮਾਰੀ ਛੱਤੀਸਗੜ੍ਹ ਨੂੰ ਸਰਵੋਤਮ ਗੱਤਕਾ-ਸੋਟੀ ਖਿਡਾਰਨ ਅਤੇ ਜਸਕੀਰਤ ਸਿੰਘ ਹਰਿਆਣਾ ਨੂੰ ਸਰਵੋਤਮ ਫੱਰੀ-ਸੋਟੀ ਖਿਡਾਰੀ ਵਜੋਂ ਸਨਮਾਨਿਤ ਕੀਤਾ ਗਿਆ। ਜਗਜੋਤ ਸਿੰਘ ਉੱਤਰਾਖੰਡ ਨੂੰ ਸਰਵੋਤਮ ਗੱਤਕਾ ਖਿਡਾਰੀ ਅਤੇ ਮਹਿਲਾ ਵਰਗ ਵਿੱਚ ਇਸ਼ਪ੍ਰੀਤ ਕੌਰ ਪੰਜਾਬ ਨੂੰ ਸਰਵੋਤਮ ਗੱਤਕਾ ਖਿਡਾਰਨ ਐਲਾਨਿਆ ਗਿਆ।

# ਭਾਰਤ ਸਰਕਾਰ ਦੇ ਪ੍ਰਧਾਨ ਮੰਤਰੀ ਪੁਰਸਕਾਰਾਂ ਲਈ 15 ਨਵੰਬਰ ਤੱਕ ਜਮਾ ਕਰਵਾ ਸਕਣਗੇ ਅਰਜ਼ੀਆਂ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵੱਲੋਂ ਲੋਕ ਪ੍ਰਸ਼ਾਸਨ ਵਿੱਚ ਉਤਕ੍ਰਿਸ਼ਟਤਾ ਲਈ ਪ੍ਰਧਾਨ ਮੰਤਰੀ ਪੁਰਸਕਾਰਾਂ ਲਈ ਰਜਿਸਟ੍ਰੇਸ਼ਨ ਅਤੇ ਅਰਜ਼ੀ ਜਮਾ ਕਰਵਾਉਣ ਦੀ ਅੰਤਮ ਮਿਤੀ 15 ਨਵੰਬਰ ਨਿਰਧਾਰਿਤ ਕੀਤੀ ਗਈ ਹੈ। ਪ੍ਰਧਾਨ ਮੰਤਰੀ ਪੁਰਸਕਾਰਾਂ ਲਈ ਨਿਰਧਾਰਿਤ ਸ਼ਰਮਾਂ ਅਤੇ ਮਾਪਦੰਡ ਪੂਰਾ ਕਰਨ ਵਾਲੇ 15 ਨਵੰਬਰ 2025 ਤੱਕ ਆਪਣੀ ਅਰਜ਼ੀ ਜਮਾ ਕਰਵਾ ਸਕਦੇ ਹਨ।

ਇੱਕ ਸਰਕਾਰੀ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਾਰਤ ਸਰਕਾਰ ਦੇ ਪ੍ਰਸ਼ਾਸਨਿਕ ਸੁਧਾਰ ਅਤੇ ਲੋਕ ਸ਼ਿਕਾਇਤ ਵਿਭਾਗ ਵੱਲੋਂ ਸਾਲ 2006 ਵਿੱਚ ਲੋਕ ਪ੍ਰਸ਼ਾਸਨ ਵਿੱਚ ਉਤਕ੍ਰਿਸ਼ਟਤਾ ਲਈ ਪ੍ਰਧਾਨ ਮੰਤਰੀ ਪੁਰਸਕਾਰ ਨਾਮ ਨਾਲ ਯੋਜਨਾ ਸ਼ੁਰੂ ਕੀਤੀ ਸੀ, ਜਿਸ ਦਾ ਟੀਚਾ ਕੇਂਦਰ ਅਤੇ ਰਾਜ ਸਰਕਾਰਾਂ ਦੇ ਜ਼ਿਲ੍ਹਿਆਂ/ ਸੰਗਠਨਾਂ ਵੱਲੋਂ ਕੀਤੇ ਗਏ ਅਸਾਧਾਰਨ ਅਤੇ ਸ਼ਾਨਦਾਰ ਕੰਮਾਂ ਨੂੰ ਸਵੀਕਾਰ ਕਰਨਾ, ਮਾਨਤਾ ਦੇਣਾ ਅਤੇ ਇਨਾਮ ਦੇਣਾ ਹੈ।

ਪੁਰਸਕਾਰ ਪਹਿਲੀ ਸ਼੍ਰੇਣੀ ਜ਼ਿਲ੍ਹਿਆਂ ਦਾ ਪੂਰਨ ਵਿਕਾਸ, ਦੂਜੀ ਸ਼੍ਰੇਣੀ ਬਲਾਕ ਪ੍ਰੋਗਰਾਮ ਅਤੇ ਸ਼੍ਰੇਣੀ ਨਵਾਚਾਰ ਵਿੱਚ ਪ੍ਰਦਾਨ ਕੀਤੇ ਜਾਣਗੇ। ਇਸ ਬਾਰੇ ਵੱਧ ਜਾਣਕਾਰੀ ਲਈ ਪੋਰਟਲ ਅਤੇ ਫੋਨ ਨੰ. 011-23367966 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਨ੍ਹਾਂ ਪੁਰਸਕਾਰਾਂ ਨੂੰ ਸਿਰਫ਼ ਟੀਚਿਆਂ ਦੀ ਪ੍ਰਾਪਤੀ ਤੋਂ ਇਲਾਵਾ ਸੁਸ਼ਾਸਨ, ਗੁਣਾਤਮਕ ਉਪਬਲਧੀ ਅਤੇ ਅੰਤਮ ਸਿਰੇ ਤੱਕ ਕਨੇਕਟੀਵਿਟੀ 'ਤੇ ਕੇਂਦ੍ਰਿਤ ਰੱਖਿਆ ਗਿਆ ਹੈ। ਇਸੇ ਨੂੰ ਧਿਆਨ ਵਿੱਚ ਰੱਖਦੇ ਹੋਏ ਪੁਰਸਕਾਰਾਂ ਲਈ ਅਰਜ਼ੀ ਦਾ ਮੁਲਾਂਕਨ ਤਿੰਨ ਮਾਨਦੰਡਾਂ ਸੁਸ਼ਾਸਨ, ਗੁਣਾਤਮਕ ਅਤੇ ਮਾਤਰਾਤਮਕ ਆਧਾਰ 'ਤੇ ਕੀਤਾ ਜਾਵੇਗਾ।

# ਕੇਂਦਰੀ ਰਾਜ ਮੰਤਰੀ ਵਲੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਕੀਤਾ ਜਾਵੇਗਾ ਦੌਰਾ



**ਖਰੜ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਸਰਕਾਰ ਵਿਚ ਕੇਂਦਰੀ ਰਾਜ ਮੰਤਰੀ ਨਿਮੁਬੇਨ ਜਯੰਤੀ ਭਾਈ ਬੰਬਾਨੀਆਂ ਜੋ ਪੰਜਾਬ ਦੇ ਵੱਖ ਵੱਖ ਜਿਲਿਆਂ ਵਿਚ ਤਿੰਨ ਰੋਜ਼ਾ ਦੌਰਾ ਤੇ ਹਨ ਦਾ ਅੱਜ ਏਅਰਪੋਰਟ ਸਥਿਤ ਭਾਰਤੀ ਜਨਤਾ ਪਾਰਟੀ ਦੇ ਜਿਲ੍ਹਾ ਐਸ.ਏ.ਐਸ.ਨਗਰ ਦੇ ਸੀਨੀਅਰ ਮੀਤ ਪ੍ਰਧਾਨ ਪਵਨ ਮਨੋਚਾ ਅਤੇ ਪਿਯੂਸ ਧੀਮਾਨ ਅਤੇ ਚੈਰੀ ਮਨੋਚਾ ਕਾਰਜਕਾਰੀ ਮੈਂਬਰ ਯੂਵਾ ਮੋਰਚਾ ਪੰਜਾਬ ਦੀ ਅਗਵਾਈ ਵਿਚ ਵਿਸੇਸ ਤੌਰ ਤੇ ਸਵਾਗਤ ਕੀਤਾ ਗਿਆ। ਉਨ੍ਹਾਂ ਦਸਿਆ ਕਿ ਉਹ ਕੇਂਦਰ ਸਰਕਾਰ ਵਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਪੰਜਾਬ ਵਿਚ ਵੱਖ-ਵੱਖ ਜਿਲਿਆਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਅਤੇ ਸਕੀਮਾਂ ਬਾਰੇ ਜਾਣਕਾਰੀ ਦੇਣਗੇ ਅਤੇ ਕੇਂਦਰ ਸਰਕਾਰ ਵਿਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਵਲੋਂ ਜੋ ਲੋਕਾਂ ਲਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕਰਨਗੇ। ਉਨ੍ਹਾਂ ਦਸਿਆ ਕਿ ਮੈਂਬਰ ਆਫ ਪਾਰਲੀਮੈਂਟ ਅਤੇ ਕੇਂਦਰੀ ਰਾਜ ਮੰਤਰੀ ਦੇ ਤਿੰਨ ਰੋਜਾ ਪੰਜਾਬ ਦੇ ਦੌਰੇ ਦੌਰਾਨ ਪੰਜਾਬ ਦੇ ਆਗੂਆਂ ਵਿਚ ਕਾਫੀ ਉਤਸ਼ਾਹ ਪਾਇਆ ਜਾ ਰਿਹਾ ਹੈ।

## ਸਾਂਝ

ਕਰਨੀ ਗੱਲ ਹੈ ਕਾਹਨੂੰ ਵਖੇਵਿਆਂ ਦੀ,
ਅਸੀਂ ਹਿੰਦੂ ਤੇ ਸਿੱਖ ਸਰਦਾਰ ਸਾਡਾ।
ਸਾਂਝੇ ਰਸਮ ਰਿਵਾਜ ਨੇ ਸਾਰਿਆਂ ਦੇ,
ਸਾਂਝੀ ਤਿਥ ਤੇ ਸਾਂਝਾ ਤਿਉਹਾਰ ਸਾਡਾ।
ਸਾਡੇ ਰਾਹ ਤੇ ਮੰਜ਼ਲਾਂ ਹੋਣ ਇਕੋ,
ਕਾਹਨੂੰ ਕਾਫ਼ਲਾਂ ਵਿੱਚੋਂ ਬਖੇੜਦੇ ਹੋ।
ਸਾਡਾ ਪਿਆਰ ਅਟੁਟ ਹੈ ਟੁਟਨਾ ਨਹੀਂ,
ਕਾਹਨੂੰ ਨਹੁੰਆਂ ਤੋਂ ਮਾਸ ਨਖੇੜਦੇ ਹੋ।
ਅਣਹੋਈਆਂ ਗੱਲਾਂ ਨੂੰ ਅਸੀਂ ਕਰਕੇ,
ਨਹੀਂ ਹੋਣੀਆਂ ਕਦੇ ਸਵਾਰ ਸਕਦੇ।
ਸਾਡੇ ਕੱਠੇ ਦੁਸਹਿਰੇ ਦੀਵਾਲੀਆਂ ਨੇ,
ਗੀਤਾਂ ਸਾਂਝੀਆਂ ਨਹੀਂ ਵਿਸਾਰ ਸਕਦੇ।
ਘਾਲਾਂ ਘਾਲ ਕੇ ਦੇਸ਼ ਆਜ਼ਾਦ ਹੋਇਆ,
ਆਓ ਸੋਚੀਏ ਨਫ਼ਾ ਨੁਕਸਾਨ ਆਪਾਂ।
ਹੋ ਕੇ ਦੂਰ ਨਜ਼ਦੀਕ ਨਹੀਂ ਹੋ ਸਕਨਾ,
ਲਈਏ ਪਿਆਰ ਦਾ ਸਮਝ ਗਿਆਨ ਆਪਾਂ।
ਅਗੇ ਨਿਫਰਤ ਦੇ ਘਰ ਉਜਾੜੀਏ ਨਾ,
ਆਓ ਹੋਸ਼ ਨੂੰ ਆਗੂ ਬਣਾ ਲਈਏ।
ਚੜ੍ਹੇ ਦੇਸ਼ ਤਰੱਕੀ ਦੀਆਂ ਟੀਸੀਆਂ ਤੇ
ਥਲੇ ਡਿਗਨ ਤੋਂ 'ਮਮਤਾ' ਬਚਾ ਲਈਏ।



**ਕਵਿਤਰੀ**
**ਮਮਤਾ ਰਾਣੀ**
**(ਪੀ.ਟੀ.ਆਈ.)**
**ਸਰਕਾਰੀ ਮਿਡਲ ਸਕੂਲ ਖੇੜੀ ਗੁੱਜਰਾਂ, ਪਟਿਆਲਾ**

# ਗਵਰਨਮੈਂਟ ਕਾਲਜ ਆਫ ਐਜੂਕੇਸ਼ਨ ਅਤੇ ਚੰਡੀਗੜ੍ਹ ਸਿਟੀਜ਼ਨਜ਼ ਫਾਊਂਡੇਸ਼ਨ ਵੱਲੋਂ ਸੁਖਨਾ ਲੇਕ 'ਤੇ ਮਨਾਇਆ ਵਿਸ਼ਵ ਮਾਨਸਿਕ ਸਿਹਤ ਦਿਵਸ




**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਸਿਟੀਜ਼ਨਜ਼ ਫਾਉਂਡੇਸ਼ਨ ਦੇ ਫੋਕਸ ਗਰੁੱਪ ਆਨ ਮੈਂਟਲ ਹੈਲਥ ਐਂਡ ਵੇਲਨੈੱਸ ਨੇ ਗਵਰਨਮੈਂਟ ਕਾਲਜ ਆਫ ਐਜੂਕੇਸ਼ਨ, ਸੈਕਟਰ 20-ਡੀ, ਚੰਡੀਗੜ੍ਹ ਦੇ ਸਹਿਯੋਗ ਨਾਲ ਵਿਸ਼ਵ ਮਾਨਸਿਕ ਸਿਹਤ ਦਿਵਸ ਦੇ ਮੌਕੇ 'ਤੇ ਮੈਂਟਲ ਹੈਲਥ ਮੈਟਰਜ਼ - ਕੇਅਰ, ਸ਼ੇਅਰ ਐਂਡ ਅਵੇਅਰ ਵਿਸ਼ੇ 'ਤੇ ਪੋਸਟਰ ਮੇਕਿੰਗ ਮੁਕਾਬਲੇ ਦਾ ਆਯੋਜਨ ਕੀਤਾ। ਇਸ ਪਹਿਲ ਦਾ ਮਕਸਦ ਨੌਜਵਾਨਾਂ ਵਿੱਚ ਮਾਨਸਿਕ ਤੇ ਭਾਵਨਾਤਮਕ ਸਿਹਤ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਉਨ੍ਹਾਂ ਨੂੰ ਰਚਨਾਤਮਕ ਢੰਗ ਨਾਲ ਆਪਣੇ ਵਿਚਾਰ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਨਾ ਸੀ। ਇਸ ਮੁਕਾਬਲੇ ਵਿੱਚ ਟਰਾਈਸਿਟੀ ਦੇ ਗਵਰਨਮੈਂਟ ਅਤੇ ਨਿੱਜੀ ਸਕੂਲਾਂ ਦੇ ਕਲਾਸ 8 ਤੋਂ 10ਵੀਂ ਤੱਕ ਦੇ ਵਿਦਿਆਰਥੀਆਂ ਵੱਲੋਂ 500 ਤੋਂ ਵੱਧ ਐਂਟਰੀਆਂ ਮਿਲੀਆਂ। ਵਿਦਿਆਰਥੀਆਂ ਦੇ ਪੋਸਟਰਾਂ ਵਿੱਚ ਜੀਵਨ ਸ਼ੈਲੀ ਨਾਲ ਜੁੜੀਆਂ ਚੁਣੌਤੀਆਂ, ਨਸ਼ੇ ਦੀ ਆਦਤ ਅਤੇ ਖੁਦਨੁਕਸਾਨ ਵਰਗੇ ਮੁੱਦਿਆਂ ਦੀ ਗਹਿਰੀ ਸਮਝ ਦਰਸਾਈ ਗਈ। ਰੰਗ-ਬਿਰੰਗੇ ਵਿਚਾਰਾਂ ਅਤੇ ਅਰਥਪੂਰਨ ਸੁਨੇਹਿਆਂ ਨਾਲ ਭਰੇ ਇਹ ਪੋਸਟਰ ਨੌਜਵਾਨਾਂ ਵਿੱਚ ਮਾਨਸਿਕ ਸਿਹਤ ਪ੍ਰਤੀ ਵੱਧਦੀ ਸੰਵੇਦਨਸ਼ੀਲਤਾ ਨੂੰ ਉਜਾਗਰ ਕਰਦੇ ਹਨ।

ਸਭ ਤੋਂ ਵਧੀਆ ਤਿੰਨ ਐਂਟਰੀਆਂ ਨੂੰ ਮੁੱਖ ਇਨਾਮ ਦਿੱਤੇ ਗਏ, ਜਦਕਿ 7 ਵਿਦਿਆਰਥੀਆਂ ਨੂੰ ਸਾਂਤਵਨਾ ਇਨਾਮ ਮਿਲੇ। ਜੱਜਾਂ ਦੇ ਪੈਨਲ ਵਿੱਚ ਸੀਨੀਅਰ ਸ਼ਿਕਸ਼ਾਵਿਦ ਅਤੇ ਮਾਨਸਿਕ ਸਿਹਤ ਵਿਸ਼ੇਸ਼ਗਿਆਰ ਸ਼ਾਮਲ ਸਨ। ਇਨਾਮ ਵੰਡ ਸਮਾਰੋਹ ਸੁੱਖਨਾ ਲੇਕ 'ਤੇ ਆਯੋਜਿਤ ਕੀਤਾ ਗਿਆ, ਜਿੱਥੇ ਗਵਰਨਮੈਂਟ ਕਾਲਜ ਆਫ ਐਜੂਕੇਸ਼ਨ ਦੇ ਪੋਸਟ ਗ੍ਰੈਜੂਏਟ ਡਿਪਲੋਮਾ ਇਨ ਗਾਈਡੈਂਸ ਐਂਡ ਕੌਂਸਲਿੰਗ ਦੇ ਵਿਦਿਆਰਥੀਆਂ ਨੇ ਥੀਮ ਟਾਕ ਅਤੇ ਨੁੱਕੜ ਨਾਟਕ ਪੇਸ਼ ਕਰਕੇ ਲੋਕਾਂ ਨੂੰ ਮਾਨਸਿਕ ਸਿਹਤ ਬਾਰੇ ਜਾਗਰੂਕ ਕੀਤਾ।

ਇਸ ਮੌਕੇ 'ਤੇ ਡਾ. ਰਵਨੀਤ ਚਾਵਲਾ, ਐਸੋਸੀਏਟ ਪ੍ਰੋਫੈਸਰ, ਗਵਰਨਮੈਂਟ ਕਾਲਜ ਆਫ ਐਜੂਕੇਸ਼ਨ ਨੇ ਪਰਿਵਾਰ ਵਿੱਚ ਇਕੱਠੇ ਸਮਾਂ ਬਿਤਾਉਣ ਅਤੇ ਕਿਸੇ ਮੈਂਬਰ ਵਿੱਚ ਮਾਨਸਿਕ ਪਰੇਸ਼ਾਨੀ ਦੇ ਸ਼ੁਰੂਆਤੀ ਸੰਕੇਤਾਂ ਨੂੰ ਸਮਝਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪਰਿਵਾਰ ਨੂੰ ਅਜਿਹੇ ਮੈਂਬਰਾਂ ਦੀ ਸਮੇਂ 'ਤੇ ਦੇਖਭਾਲ ਤੇ ਹੌਸਲਾ ਅਫ਼ਜ਼ਾਈ ਕਰਨੀ ਚਾਹੀਦੀ ਹੈ।

ਬ੍ਰਹਮਕੁਮਾਰੀ ਬੀ.ਕੇ. ਨੇਹਾ ਨੇ ਧਿਆਨ ਅਤੇ ਸ਼ਾਂਤੀ ਦੇ ਮਹੱਤਵ 'ਤੇ ਗੱਲ ਕਰਦੇ ਹੋਏ ਕਿਹਾ ਕਿ ਧਿਆਨ ਨੂੰ ਰੋਜ਼ਾਨਾ ਜੀਵਨ ਵਿੱਚ ਆਸਾਨੀ ਨਾਲ ਸ਼ਾਮਲ ਕੀਤਾ ਜਾ ਸਕਦਾ ਹੈ।

ਡਾ. ਨਿੱਕੀ ਕੌਰ, ਕਨਵੀਨਰ, ਅਤੇ ਸਹਿ-ਕਨਵੀਨਰ ਡਾ. ਸੰਦੀਪ ਛੱਠਵਾਲ ਅਤੇ ਡਾ. ਸਪਨਾ ਨੰਦਾ ਨੇ ਸਕੂਲਾਂ ਦੇ ਵਿਦਿਆਰਥੀਆਂ ਦੀ ਉਤਸ਼ਾਹਪੂਰਣ ਭਾਗੀਦਾਰੀ ਅਤੇ ਗਵਰਨਮੈਂਟ ਕਾਲਜ ਆਫ ਐਜੂਕੇਸ਼ਨ ਦੀ ਟੀਮ ਦੇ ਸਮਾਜਿਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ।

ਕਾਲਜ ਦੇ ਵਿਦਿਆਰਥੀਆਂ 'ਮੋਹਿਤ, ਸਮਿਤਾ, ਨੇਹਾ ਅਤੇ ਹੀਨਾ' ਨੇ ਗੀਤਾਂ, ਥੀਮ ਟਾਕ ਅਤੇ ਪ੍ਰਦਰਸ਼ਨਾਂ ਰਾਹੀਂ ਇਹ ਸੁਨੇਹਾ ਦਿੱਤਾ ਕਿ ਮਾਨਸਿਕ ਸਿਹਤ ਲਈ ਮਦਦ ਲੈਣਾ ਕੋਈ ਕਮਜ਼ੋਰੀ ਨਹੀਂ, ਸਗੋਂ ਹਿੰਮਤ ਦੀ ਨਿਸ਼ਾਨੀ ਹੈ।

# ਸਾਇਬਰ ਸੇਫਟੀ ਦਾ ਗਿਆਨ ਹੀ, ਸਾਈਬਰ ਧੋਖਿਆ ਤੋਂ ਬਚਾਵੇਗਾ : ਇੰਸਪੈਕਟਰ ਤਰਨਦੀਪ ਕੌਰ

**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਜ ਦੁਨੀਆਂ ਦੇ ਸਾਰੇ ਦੇਸ਼ਾਂ ਅਤੇ ਭਾਰਤ ਵਿਚ ਸਾਈਬਰ ਅਪਰਾਧ ਬਹੁਤ ਤੇਜ਼ੀ ਨਾਲ ਵਧਦੇ ਜਾ ਰਹੇ ਹਨ ਕਿਉਂਕਿ ਲੋਕਾਂ ਵਲੋਂ ਬਿਨਾਂ ਜਾਣਕਾਰੀ ਅਤੇ ਸੇਫਟੀ ਦੇ ਨਿਯਮਾਂ, ਕਾਨੂੰਨਾਂ ਤੋਂ ਮੋਬਾਈਲਾਂ ਦੀ ਵਰਤੋਂ ਅਤੇ ਪੈਸਿਆਂ ਦੇ ਲੈਣ ਦੇਣ ਕੀਤੇ ਜਾ ਰਹੇ ਹਨ, ਬੱਚਿਆਂ, ਨੌਜਵਾਨਾਂ ਵਿੱਚ ਵੀ ਸਾਈਬਰ ਸੁਰੱਖਿਆ ਘਟਦੀ ਜਾ ਰਹੀ ਹੈ, ਇਹ ਵਿਚਾਰ ਪੰਜਾਬ ਪੁਲਿਸ ਸਾਈਬਰ ਸੁਰੱਖਿਆ ਦੇ ਇੰਸਪੈਕਟਰ ਤਰਨਪ੍ਰੀਤ ਕੌਰ ਨੇ ਭਾਸ਼ਾ ਭਵਨ ਵਿਖੇ ਡੀ ਬੀ ਜੀ ਦੀ ਮੀਟਿੰਗ 'ਆਉ ਪ੍ਰਦੂਸ਼ਣ ਮਿਠਾਈਆਂ ਅਤੇ ਵਿਦੇਸ਼ੀ ਵਸਤੂਆਂ ਤੋਂ ਬਿਨਾਂ ਦਿਵਾਲੀ ਅਤੇ ਤਿਉਹਾਰ ਮਨਾਈਏ' ਵਿਸੇ ਤੇ ਕਰਵਾਏ ਸੈਮੀਨਾਰ ਦੌਰਾਨ ਦਿੱਤੀ। ਉਨ੍ਹਾਂ ਨੇ ਕਿਹਾ ਕਿ ਸਾਈਬਰ ਹੇਰਾਫੇਰੀਆਂ ਵਿੱਚ ਲੋਕ, ਲਾਲਚ, ਡਰ ਜਾਂ ਵਿਸ਼ਵਾਸ ਅਤੇ ਅਗਿਆਨਤਾ ਕਾਰਨ ਫਸ ਰਹੇ ਹਨ ਉਨ੍ਹਾਂ ਨੇ ਕਿਹਾ ਜੇਕਰ ਅਣਨੋਣ ਨੰਬਰਾਂ ਤੋਂ ਵੀਡੀਓ ਕਾਲ ਆਵੇਂ ਤਾਂ ਉਸ ਨੂੰ ਅਟੈਂਡ ਨਾ ਕਰੋ।

ਕੌਮੀ ਪੱਤ੍ਰਿਕਾ

## ਸੰਪਾਦਕੀ

# ਪਾਕਿਸਤਾਨ ਤੇ ਅ.ਫਗਾਨਿਸਤਾਨ ਵਿਚਕਾਰ ਚੱਲ ਰਹੀ ਕਸ਼ਮਕਸ਼ !

ਇਸ ਸਮੇਂ ਅ.ਫਗਾਨ ਵਿਦੇਸ਼ ਮੰਤਰੀ ਅਮੀਰ ਖ਼ਾਨ ਮੁਤੱਕੀ ਭਾਰਤ ਦੇ ਮਿਸਾਲੀ ਦੌਰੇ 'ਤੇ ਹਨ ਤਾਂ ਅਫ਼ਗਾਨਿਸਤਾਨ ਅਤੇ ਪਾਕਿਸਤਾਨ ਦੇ ਰਿਸ਼ਤੇ ਨਵੀਂ ਨਿਵਾਣ ਵੱਲ ਵਧ ਰਹੇ ਹਨ। ਵੀਰਵਾਰ ਨੂੰ ਜਦੋਂ ਮੁਤੱਕੀ ਨੇ ਨਵੀਂ ਦਿੱਲੀ ਵਿੱਚ ਪੈਰ ਧਰਿਆ ਸੀ ਤਾਂ ਪਾਕਿਸਤਾਨ ਨੇ ਕਾਬੁਲ ਵਿੱਚ ਠੋਕ ਵਜਾ ਕੇ ਹਵਾਈ ਹਮਲੇ ਕੀਤੇ ਸਨ। ਇਸ ਦੇ ਬਦਲੇ ਵਜੋਂ ਅ.ਫਗਾਨ ਬਲਾਂ ਨੇ ਪਾਕਿਸਤਾਨੀ .ਫੌਜੀ ਚੌਂਕੀਆਂ ਉੱਪਰ ਹਮਲੇ ਕੀਤੇ; ਤਾਲਿਬਾਨ ਦੇ ਤਰਜਮਾਨ ਅਨੁਸਾਰ, ਇਸ ਲੜਾਈ ਵਿੱਚ 58 ਪਾਕਿਸਤਾਨੀ .ਫੌਜੀ ਮਾਰੇ ਗਏ ਹਨ। ਅ.ਫਗਾਨ ਹਮਲਿਆਂ ਨੂੰ ਬੇਲੋੜਾ ਕਹਿੰਦੇ ਹੋਏ ਪਾਕਿਸਤਾਨੀ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ 20 ਅ.ਫਗਾਨ .ਫੌਜੀ ਚੌਂਕੀਆਂ ਅਤੇ ਸਰਹੱਦੀ ਖੇਤਰਾਂ ਵਿੱਚ ਕਈ ਦਹਿਸ਼ਤੀ ਟਿਕਾਣਿਆਂ ਉੱਪਰ ਕਬਜ਼ਾ ਕਰ ਲਿਆ ਗਿਆ ਹੈ। ਇਨ੍ਹਾਂ ਝੜਪਾਂ ਤੋਂ ਟਕਰਾਅ ਹੋਰ ਵਧਣ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਹਨ ਜਿਸ ਨਾਲ ਸਮੁੱਚੇ ਦੱਖਣੀ ਏਸ਼ਿਆਈ ਖਿੱਤੇ ਲਈ ਅਤੇ ਇਸ ਤੋਂ ਪਰ੍ਹੇ ਵੀ ਗੰਭੀਰ ਸਿੱਟੇ ਨਿਕਲ ਸਕਦੇ ਹਨ। ਤਹਿਰੀਕ-ਏ-ਤਾਲਿਬਾਨ ਵੱਲੋਂ ਕੀਤੇ ਜਾ ਰਹੇ ਦਹਿਸ਼ਤਗਰਦ ਹਮਲਿਆਂ ਨਾਲ ਪਿਛਲੇ ਕੁਝ ਮਹੀਨਿਆਂ ਤੋਂ ਇਸਲਾਮਾਬਾਦ ਪ੍ਰੇਸ਼ਾਨ ਦਿਖਾਈ ਦੇ ਰਿਹਾ ਹੈ। ਪਾਕਿਸਤਾਨ ਵਾਰ-ਵਾਰ ਦੋਸ਼ ਲਾ ਰਿਹਾ ਹਨ ਕਿ ਤਹਿਰੀਕ-ਏ-ਤਾਲਿਬਾਨ ਦੇ ਲੜਾਕੇ ਅ.ਫਗਾਨ ਖੇਤਰ ਵਿੱਚ ਸਰਗਰਮ ਹਨ ਪਰ ਕਾਬੁਲ ਵੱਲੋਂ ਇਸ ਦਾ ਖੰਡਨ ਕੀਤਾ ਜਾ ਰਿਹਾ ਹੈ। ਮੁਤੱਕੀ ਨੇ ਆਖਿਆ ਹੈ ਕਿ ਅ.ਫਗਾਨਿਸਤਾਨ ਪਾਕਿਸਤਾਨ ਨਾਲ ਆਪਣੇ ਟਕਰਾਅ ਦਾ ਸ਼ਾਂਤੀਪੂਰਨ ਹੱਲ ਚਾਹੁੰਦਾ ਹੈ ਪਰ ਇਸ ਦੇ ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇ ਸ਼ਾਂਤੀਪੂਰਨ ਕੋਸ਼ਿਸ਼ਾਂ ਸਫਲ ਨਾ ਹੋ ਸਕੀਆਂ ਤਾਂ ਹਾਲਾਤ ਨਾਲ ਨਜਿੱਠਣ ਲਈ ਉਨ੍ਹਾਂ ਦਾ ਦੇਸ਼ 'ਹੋਰ ਰਾਹ' ਵੀ ਅਪਣਾਏਗਾ। ਜ਼ਾਹਿਰ ਹੈ ਕਿ ਭਾਰਤ ਨਾਲ ਸਬੰਧ ਮਜ਼ਬੂਤ ਹੋਣ ਨਾਲ ਤਾਲਿਬਾਨ ਦੇ ਹੌਸਲੇ ਵਧ ਗਏ ਹਨ ਤੇ ਨਾਲ ਹੀ ਪਾਕਿਸਤਾਨ ਦੀ ਨਿਰਾਸ਼ਾ ਵੀ ਵਧੀ ਹੈ। ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਪਾਕਿਸਤਾਨ ਨੇ ਅ.ਫਗਾਨ ਰਾਜਦੂਤ ਨੂੰ ਤਲਬ ਕਰ ਕੇ ਦਿੱਲੀ ਵਿੱਚ ਭਾਰਤ-ਅਫਗਾਨਿਸਤਾਨ ਵੱਲੋਂ ਜਾਰੀ ਕੀਤੇ ਸਾਂਝੇ ਬਿਆਨ ਉੱਪਰ ਸਖ਼ਤ ਸਰੋਕਾਰ ਜ਼ਾਹਿਰ ਕੀਤੇ ਹਨ। ਬਿਆਨ ਵਿੱਚ ਪਹਿਲਗਾਮ ਦਹਿਸ਼ਤਗਰਦ ਹਮਲੇ ਦੇ ਪ੍ਰਸੰਗ ਵਿੱਚ ਜੰਮੂ ਕਸ਼ਮੀਰ ਦਾ ਜ਼ਿਕਰ ਕਰਨਾ ਇਸਲਾਮਾਬਾਦ ਨੂੰ ਸਹਿਣ ਨਹੀਂ ਹੋਇਆ। ਪਾਕਿਸਤਾਨ ਨੂੰ ਹੋਰ ਚਿੜਾਉਣ ਲਈ ਤਾਲਿਬਾਨ ਹਕੂਮਤ ਨੇ ਇਹ ਗੱਲ ਦ੍ਰਿੜਾਈ ਹੈ ਕਿ ਉਹ ਕਿਸੇ ਵੀ ਗਰੁੱਪ ਜਾਂ ਵਿਅਕਤੀ ਨੂੰ ਭਾਰਤ ਖ਼ਿਲਾ.ਫ ਅ.ਫਗਾਨ ਜ਼ਮੀਨ ਵਰਤਣ ਦੀ ਆਗਿਆ ਨਹੀਂ ਦੇਵੇਗੀ। ਦਹਿਸ਼ਤਗਰਦੀ ਦਾ ਟਾਕਰਾ ਕਰਨ ਲਈ ਅ.ਫਗਾਨਿਸਤਾਨ ਨਾਲ ਤਾਲਮੇਲ ਭਾਰਤ ਲਈ ਸਹਾਈ ਹੋ ਸਕਦਾ ਹੈ, ਖ਼ਾਸਕਰ ਉਦੋਂ ਜਦੋਂ ਇਹ ਰਿਪੋਰਟਾਂ ਆਈਆਂ ਹਨ ਕਿ ਪਾਕਿਸਤਾਨ ਵਿਚਲੇ ਦਹਿਸ਼ਤਗਰਦ ਜਥੇਬੰਦੀਆਂ ਨੇ ਅਪਰੇਸ਼ਨ ਸਿੰਧੂਰ ਦੌਰਾਨ ਨੁਕਸਾਨੇ ਗਏ ਆਪਣੇ ਕੈਂਪ ਮੁੜ ਉਸਾਰ ਲਏ ਹਨ। ਇਸਲਾਮਾਬਾਦ ਨੂੰ ਘੇਰਨ ਲਈ ਦਿੱਲੀ ਤੇ ਕਾਬੁਲ ਨੂੰ ਦਬਾਅ ਬਣਾ ਕੇ ਰੱਖਣ ਦੀ ਲੋੜ ਹੈ: ਦਹਿਸ਼ਤਗਰਦੀ ਦੇ ਬਦਨਾਮ ਸਪਾਂਸਰ ਨੂੰ ਹੁਣ ਸੇਕ ਲੱਗ ਰਿਹਾ ਹੈ।

## ਹਜ਼ਾਰਾਂ ਸਾਲਾਂ ਦੀ ਦਕਿਆਨੂਸੀ ਸੋਚ ਸਾਡੀ ਮਾਨਸਿਕਤਾ 'ਚੋਂ ਮਨ.ਫੀ ਨਹੀਂ ਹੋਈ

ਅਸੀਂ ਕਿੰਨੇ ਵੀ ਦਮਗਜ਼ੇ ਮਾਰ ਲਈਏ ਕਿ ਅਸੀਂ ਇੱਕ ਅਗਾਂਹਵਧੂ ਸਮਾਜ ਦਾ ਹਿੱਸਾ ਹਾਂ, ਪਰ ਹਕੀਕਤ ਇਹ ਹੈ ਕਿ ਅਜੇ ਵੀ ਹਜ਼ਾਰਾਂ ਸਾਲਾਂ ਦੀ ਦਕਿਆਨੂਸੀ ਸੋਚ ਸਾਡੀ ਮਾਨਸਿਕਤਾ 'ਚੋਂ ਮਨ.ਫੀ ਨਹੀਂ ਹੋਈ। ਧਰਮ ਅਤੇ ਜਾਤ ਸਾਡੀ ਮਾਨਸਿਕਤਾ ਅਤੇ ਵਿਹਾਰ ਦਾ ਹਿੱਸਾ ਹਨ। ਸਾਡੀ ਆਪਣੀ ਨਿਆਂਪਾਲਿਕਾ ਦੇ ਸਭ ਤੋਂ ਉੱਚੇ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਵੀ ਅਸੀਂ ਜਾਤੀਵਾਦੀ ਨਜ਼ਰੀਏ ਨਾਲ ਹੀ ਦੇਖਦਿਆਂ ਸੋਸ਼ਲ ਮੀਡੀਆ 'ਤੇ ਉਸ ਲਈ ਤਰ੍ਹਾਂ ਤਰ੍ਹਾਂ ਦੇ ਅਪਸ਼ਬਦ ਵਰਤਦੇ ਹਾਂ। ਫਿਰ ਜਦੋਂ ਚੀ.ਫ ਜਸਟਿਸ 'ਤੇ ਜੁੱਤੀ ਸੁੱਟਣ ਵਾਲਾ ਵਿਅਕਤੀ ਇਹ ਕਹਿੰਦਾ ਹੈ ਕਿ 'ਮੈਨੂੰ ਤਾਂ ਇਹ ਆਦੇਸ਼ ਪਰਮਾਤਮਾ ਤੋਂ ਮਿਲਿਆ ਹੈ' ਤਾਂ ਤੁਸੀਂ ਸੋਚਣ ਲੱਗ ਜਾਂਦੇ ਹੋ ਕਿ ਇਹ ਕਿਹੋ ਜਿਹਾ ਤੇ ਕਿਸ ਦਾ ਪਰਮਾਤਮਾ ਹੈ, ਜੋ ਕਿਸੇ ਨੂੰ ਆਪਣੇ ਹੀ ਸਿਰਜੇ ਦੂਜੇ ਮਨੁੱਖ ਨੂੰ ਜੁੱਤੀ ਮਾਰਨ ਦਾ ਆਦੇਸ਼ ਦਿੰਦਾ ਹੈ। ਜੁੱਤੀ ਸੁੱਟਣ ?ਵਾਲੇ ਵਕੀਲ ਰਾਕੇਸ਼ ਕਿਸ਼ੋਰ ਵੱਲੋਂ ਮੁਆ.ਫੀ ਮੰਗੇ ਜਾਣਾ ਤਾਂ ਦੂਰ ਸਗੋਂ ਉਸ ਨੇ ਤਾਂ ਵੱਖ-ਵੱਖ ਮੀਡੀਆ ਚੈਨਲਾਂ 'ਤੇ ਇੰਟਰਵਿਊਜ਼ ਦੇ ਕੇ ਆਪਣੇ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਕੋਸ਼ਿਸ਼ ਕੀਤੀ ਹੈ। ਓਧਰ ਮੀਡੀਆ ਨੇ ਵੀ ਸੁਪਰੀਮ ਕੋਰਟ ਦੇ ਚੀ.ਫ ਜਸਟਿਸ ਨਾਲ ਅਜਿਹੇ ਮਾੜੇ ਵਿਹਾਰ 'ਤੇ ਤਿੱਖੇ ਸਵਾਲ ਖੜ੍ਹੇ ਕਰਨ ਦੀ ਬਜਾਏ ਜੁੱਤੀ ਸੁੱਟਣ ਵਾਲੇ ਦੀਆਂ ਇੰਟਰਵਿਊਜ਼ ਚਲਾਈਆਂ ਹਨ। ਕਰਨਾਟਕ ਸਰਕਾਰ ਨੇ ਜੁੱਤੀ ਸੁੱਟਣ ਦੇ ਮਾਮਲੇ 'ਚ 8 ਅਕਤੂਬਰ ਨੂੰ ਬੰਗਲੂਰੂ ਦੇ ਵਿਧਾਨ ਸੌਦਾ (ਵਿਧਾਨ ਸਭਾ) ਪੁਲੀਸ ਸਟੇਸ਼ਨ 'ਚ ਜ਼ੀਰੋ ਐੱਫ ਆਈ ਆਰ ਦਰਜ ਕਰਵਾਈ ਜਦੋਂਕਿ ਪੰਜਾਬ ਸਰਕਾਰ ਨੇ ਪਹਿਲ ਕਰਦਿਆਂ ਚੀ.ਫ ਜਸਟਿਸ ਵਿਰੁੱਧ ਇਤਰਾਜ਼ਯੋਗ ਪੋਸਟਾਂ ਪਾਉਣ ਵਾਲੇ ਸੌ ਤੋਂ ਵੱਧ ਸੋਸ਼ਲ ਮੀਡੀਆ ਹੈਂਡਲਾਂ ਖ਼ਿਲਾ.ਫ ਸ਼ਾਂਤੀ ਭੰਗ ਕਰਨ, ਵੱਖ-ਵੱਖ ਭਾਈਚਾਰਿਆਂ ਵਿਚਕਾਰ ਨ.ਫਰਤ ਫੈਲਾਉਣ, ਨਿਆਂਇਕ ਅਦਾਰਿਆਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਅਤੇ ਐੱਸ ਸੀ/ਐੱਸ ਟੀ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਐੱਫ ਆਈ ਆਰ ਦਰਜ ਕਰਨ ਦੇ ਆਦੇਸ਼ ਦਿੱਤੇ। ਚੀ.ਫ ਜਸਟਿਸ ਹੀ ਨਹੀਂ, ਹਰਿਆਣਾ ਦੇ ਉੱਚ ਪੁਲੀਸ ਅਧਿਕਾਰੀ ਵਾਈ ਪੂਰਨ ਕੁਮਾਰ ਦੇ ਖ਼ੁਦਕੁਸ਼ੀ ਨੋਟ ਵਿੱਚ ਉਨ੍ਹਾਂ ਸਾਰੇ ਹਾਲਾਤ ਦਾ ਜ਼ਿਕਰ ਹੈ ਕਿ ਉੱਚ ਜਾਤੀ ਦੇ ਸੀਨੀਅਰ ਅਧਿਕਾਰੀਆਂ ਹੱਥੋਂ ਕਿਵੇਂ ਉਸ ਨੂੰ ਕਦਮ-ਕਦਮ 'ਤੇ ਜ਼ਲੀਲ ਹੋਣਾ ਪਿਆ। ਦੋ ਧੀਆਂ ਦੇ ਪਿਤਾ ਲਈ ਮੌਤ ਨੂੰ ਗਲ਼ ਲਾਉਣਾ ਕੋਈ ਸੌਖਾ ਤਾਂ ਨਹੀਂ ਹੋਵੇਗਾ ਪਰ ਜਾਤ- ਪਾਤ ਕਾਰਨ ਉਸ ਨੂੰ ਜੋ ਅਪਮਾਨ ਲਗਾਤਾਰ ਸਹਿਣਾ ਪਿਆ, ਇੱਕ ਹੱਦ 'ਤੇ ਆ ਕੇ ਉਸ ਲਈ ਹੋਰ ਬਰਦਾਸ਼ਤ ਕਰਨਾ ਔਖਾ ਹੋ ਗਿਆ। ਇਸ ਵਧੀਕੀ ਨੂੰ ਜੱਗ-ਜ਼ਾਹਰ ਕਰਨ ਲਈ ਉਸ ਨੂੰ ਜ਼ਿੰਦਗੀ ਦੀ ਬਜਾਏ ਮੌਤ ਦਾ ਰਾਹ ਚੁਣਨਾ ਪਿਆ ਪਰ ਦੋਸ਼ੀਆਂ ਖ਼ਿਲਾ.ਫ ਢੁੱਕਵੀਂ ਕਾਰਵਾਈ ਲਈ ਪਰਿਵਾਰ ਨੂੰ ਅਜੇ ਵੀ ਜਦੋਜਹਿਦ ਕਰਨੀ ਪੈ ਰਹੀ ਹੈ। ਸਿੱਖਿਆ ਹਾਸਲ ਕਰ ਕੇ ਆਪਣੀ ਮਿਹਨਤ ਸਦਕਾ ਉੱਚ ਅਹੁਦਿਆਂ 'ਤੇ ਪਹੁੰਚਣ ਵਾਲੇ ਦਲਿਤ ਵਰਗ ਦੇ ਇਨ੍ਹਾਂ ਦੋ ਅਧਿਕਾਰੀਆਂ ਦੀ ਹੋਣੀ ਅਤੇ ਉਨ੍ਹਾਂ ਨਾਲ ਹੁੰਦੇ ਵਿਹਾਰ ਤੋਂ ਦਲਿਤ ਵਰਗ ਦੇ ਗ਼ਰੀਬ, ਨਿਤਾਣੇ ਅਤੇ ਅਨਪੜ੍ਹ ਲੋਕਾਂ ਨਾਲ ਹੁੰਦੇ ਵਿਹਾਰ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਹਿਮਾਚਲ ਪ੍ਰਦੇਸ਼ ਵਿੱਚ ਦਲਿਤ ਵਰਗ ਦੇ ਬਾਰ੍ਹਾਂ ਸਾਲਾ ਮਾਸੂਮ ਨੂੰ ਇਸ ਕਾਰਨ ਆਪਣੀ ਜਾਨ ਗੁਆਉਣੀ ਪਈ ਕਿ ਉੱਚ ਵਰਗ ਦੀ ਇੱਕ ਔਰਤ ਨੇ ਉਸ 'ਤੇ ਆਪਣਾ ਘਰ 'ਭਿੱਟ ਦੇਣ' ਦਾ ਦੋਸ਼ ਲਾਇਆ ਸੀ। ਇਸ ਬੱਚੇ ਨੇ ਗ਼ਲਤੀ ਨਾਲ ਉਸ ਦੇ ਵਿਹੜੇ 'ਚ ਪੈਰ ਧਰ ਲਿਆ ਸੀ, ਜਿਸ ਪਿੱਛੋਂ ਕੁੱਟਮਾਰ ਕਰਕੇ ਉਸ ਨੂੰ ਪਸ਼ੂਆਂ ਦੇ ਵਾੜੇ 'ਚ ਬੰਦ ਕਰ ਦਿੱਤਾ ਗਿਆ। ਘਰ ਨੂੰ 'ਪਵਿੱਤਰ' ਕਰਨ ਲਈ ਬੱਚੇ ਦੇ ਮਾਪਿਆਂ ਤੋਂ ਬੱਕਰੀ ਦੀ ਬਲੀ ਮੰਗੀ ਗਈ ਪਰ ਮਾਸੂਮ ਇਸ ਨਮੋਸ਼ੀ ਅਤੇ ਪਰਿਵਾਰ ਦੀ ਮਾੜੀ ਆਰਥਿਕਤਾ ਕਰਕੇ ਇਹ ਮੰਗ ਪੂਰੀ ਨਾ ਕਰ ਸਕਣ ਕਾਰਨ ਜ਼ਹਿਰ ਨਿਗਲ ਗਿਆ, ਜਿਸ ਪਿੱਛੋਂ ਉਸ ਦੀ ਮੌਤ ਹੋ ਗਈ। ਇਹ ਸਾਰਾ ਕੁਝ ਇੱਕੀਵੀਂ ਸਦੀ ਵਿੱਚ ਵਾਪਰ ਰਿਹਾ ਹੈ। ਦੂਰ-ਦੁਰਾਡੇ ਦੇ ਪੱਛੜੇ ਇਲਕਿਆਂ ਤੋਂ ਲੈ ਕੇ ਦੇਸ਼ ਦੇ ਚੀ.ਫ ਜਸਟਿਸ ਤੱਕ ਕੋਈ ਵੀ ਦਲਿਤ ਇਸ ਵਰਤਾਰੇ ਦੀ ਮਾਰ ਹੇਠ ਆ ਸਕਦਾ ਹੈ। ਸਾਡਾ ਸੰਵਿਧਾਨ ਸਾਰਿਆਂ ਨੂੰ ਬਰਾਬਰ ਅਧਿਕਾਰ ਦਿੰਦਾ ਹੈ, ਜਿਸ 'ਚ ਜਾਤ-ਪਾਤ ਜਾਂ ਊਚ-ਨੀਚ ਲਈ ਕੋਈ ਜਗ੍ਹਾ ਨਹੀਂ, ਪਰ ਅਮਲੀ ਤੌਰ 'ਤੇ ਸਮਾਜ ਵਿੱਚ ਇਹ ਸਾਰੇ ਵਿਤਕਰੇ ਮੌਜੂਦ ਹਨ। ਜੇਕਰ ਇਸ ਵਰਗ ਦੇ ਪੜ੍ਹੇ-ਲਿਖੇ ਅਤੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਵਿਅਕਤੀ ਵੀ ਸਮਾਜ ਦੀ ਸੰਕੀਰਨ ਮਾਨਸਿਕਤਾ ਅੱਗੇ ਬੇਵੱਸ ਹੋ ਜਾਂਦੇ ਹਨ ਤਾਂ ਆਮ ਵਿਅਕਤੀ ਦੀ ਬੇਵੱਸੀ ਦਾ ਅੰਦਾਜ਼ਾ ਲਗਾਉਣਾ ਔਖਾ ਨਹੀਂ। ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਹੋਣ ਦਾ ਦਾਅਵਾ ਕਰਨ ਦੇ ਬਾਵਜੂਦ ਹਕੀਕੀ ਤੌਰ 'ਤੇ ਅਸੀਂ ਅਜੇ ਉਸ ਮੁਕਾਮ 'ਤੇ ਨਹੀਂ ਪਹੁੰਚ ਸਕੇ ਜਿੱਥੇ ਮਨੁੱਖ ਦਾ ਮਨੁੱਖ ਵਜੋਂ ਸਤਿਕਾਰ ਹੋਵੇ। ਸਦੀਆਂ ਤੋਂ ਹੁੰਦੇ ਆਏ ਇਸ ਵਿਤਕਰੇ ਦੇ ਦਾ.ਗਾਂ ਨੂੰ ਧੋਣ ਲਈ ਪਤਾ ਨਹੀਂ ਸਾਨੂੰ ਅਜੇ ਹੋਰ ਕਿੰਨੀਆਂ ਸਦੀਆਂ ਦੀ ਉਡੀਕ ਕਰਨੀ ਪਵੇਗੀ !

# ਬੱਚਿਆਂ ਦੀ ਸੁਰੱਖਿਆ ਸਭ ਤੋਂ ਪਹਿਲਾਂ- ਮਾਲੇਰਕੋਟਲਾ ਵਿੱਚ ਸੇਫ ਸਕੂਲ ਵਾਹਨ ਪਾਲਿਸੀ

**ਮਲੇਰਕੋਟਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਜੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ, ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਦੀ ਅਗਵਾਈ ਹੇਠ ਇਸ ਹਫ਼ਤੇ ਦੌਰਾਨ ਮਲੇਰਕੋਟਲਾ ਦੇ ਵੱਖ-ਵੱਖ ਸਕੂਲਾਂ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ।

ਜ਼ਿਲ੍ਹਾ ਪੱਧਰੀ ਟੀਮ ਵੱਲੋਂ ਸੋਮਵਾਰ ਤੋਂ ਵੀਰਵਾਰ ਤੱਕ ਕਰੀਬ 105 ਸਕੂਲ ਬੱਸਾਂ ਦੀ ਜਾਂਚ ਕੀਤੀ ਗਈ, ਜਿਨ੍ਹਾਂ ਵਿੱਚੋਂ 18 ਬੱਸਾਂ ਦੇ ਚਲਾਨ ਜਾਰੀ ਕੀਤੇ ਗਏ। ਚਲਾਨ ਮੁੱਖ ਤੌਰ 'ਤੇ ਫਸਟ ਏਡ ਬਾਕਸ, ਅੱਗ ਬੁਝਾਊ ਯੰਤਰ, ਵਾਹਨ ਟੈਕਸ ਤੇ ਨੰਬਰ ਪਲੇਟ ਆਦਿ ਵਿੱਚ ਕਮੀਆਂ ਕਾਰਨ ਕੀਤੇ ਗਏ। ਚੈਕਿੰਗ ਦੌਰਾਨ ਸਕੂਲ ਪ੍ਰਬੰਧਕਾਂ ਅਤੇ ਡਰਾਈਵਰਾਂ ਨੂੰ ਸਖ਼ਤ ਚਿਤਾਵਨੀ ਦਿੰਦਿਆਂ ਕਿਹਾ ਗਿਆ ਕਿ 15 ਦਿਨਾਂ ਅੰਦਰ ਸਾਰੀਆਂ ਕਮੀਆਂ ਪੂਰੀਆਂ ਕੀਤੀਆਂ ਜਾਣ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਸੰਧੂ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਸਭ ਤੋਂ ਵੱਡੀ ਪ੍ਰਾਥਮਿਕਤਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਨੇ ਸਾਰੇ ਸਕੂਲਾਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਕਿ ਹਰ ਬੱਸ ਵਿੱਚ ਲੇਡੀ ਅਟੈਂਡੈਂਟ ਦੀ ਤਾਇਨਾਤੀ ਯਕੀਨੀ ਬਣਾਈ ਜਾਵੇ, ਡਰਾਈਵਰਾਂ ਕੋਲ ਪੂਰੇ ਦਸਤਾਵੇਜ਼ ਹੋਣ, ਅਤੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਬਿਨਾਂ ਕਿਸੇ ਛੂਟ ਦੇ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਾਹਨ ਦਾ ਤੁਰੰਤ ਚਲਾਨ ਜਾਰੀ ਕੀਤਾ ਜਾਵੇਗਾ।

ਇਸ ਚੈਕਿੰਗ ਟੀਮ ਵਿੱਚ ਸਹਾਇਕ ਖੇਤਰੀ ਟਰਾਂਸਪੋਰਟ ਅਫ਼ਸਰ ਸ਼ਹਿਨਾਜ ਪ੍ਰਵੀਨ ਲੀਗਲ ਅਫ਼ਸਰ ਬਬੀਤਾ ਕੁਮਾਰੀ, ਬਾਲ ਕੌਂਸਲਰ ਰਵਿੰਦਰ ਕੌਰ ਸੋਸ਼ਲ ਵਰਕਰ ਗੁਰਜੰਟ ਸਿੰਘ, ਟ੍ਰੈਫਿਕ ਇੰਚਾਰਜ ਬਲਬੀਰ ਸਿੰਘ , ਅਧਿਆਪਕ ਮੁਹੰਮਦ ਬਸ਼ੀਰ, ਗੁਰੂਵੀਰ ਸਿੰਘ ਅਤੇ ਜ਼ਿਲ੍ਹਾ ਪ੍ਰੋਗਰਾਮ ਦਫ਼ਤਰ ਪਰਗਟ ਸਿੰਘਸਮੇਤ ਹੋਰ ਅਧਿਕਾਰੀ ਅਤੇ ਸਟਾਫ ਸ਼ਾਮਲ ਸਨ।

# ਹਰਿਆਣਾ 'ਚ ਆਈ.ਪੀ.ਐਸ. ਅਧਿਕਾਰੀ ਦੀ ਖੁਦਕੁਸ਼ੀ ਦੀ ਦੁਖਦਾਈ ਘਟਨਾ ਦੇ ਵਿਰੋਧ 'ਚ ਕੈਬਨਿਟ ਮੰਤਰੀ ਵੱਲੋਂ ਕੈਂਡਲ ਮਾਰਚ ਦੀ ਅਗਵਾਈ



**ਜਲੰਧਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਾਗਬਾਨੀ ਮੰਤਰੀ ਮੋਹਿੰਦਰ ਭਗਤ ਨੇ ਹਰਿਆਣਾ ਵਿਖੇ ਸੀਨੀਅਰ ਆਈ.ਪੀ.ਐਸ. ਅਧਿਕਾਰੀ ਵਾਈ. ਪੂਰਨ ਕੁਮਾਰ ਦੀ ਖੁਦਕੁਸ਼ੀ ਦੀ ਦੁਖਦਾਈ ਘਟਨਾ ਦੇ ਵਿਰੋਧ ਵਿੱਚ ਐਤਵਾਰ ਨੂੰ ਜਲੰਧਰ ਵਿੱਚ ਕੈਂਡਲ ਮਾਰਚ ਦੀ ਅਗਵਾਈ ਕੀਤੀ ਅਤੇ ਦਲਿਤ ਅਧਿਕਾਰੀਆਂ ਅਤੇ ਨਾਗਰਿਕਾਂ ਦੀ ਸੁਰੱਖਿਆ ਵਿੱਚ ਅਸਫ਼ਲ ਰਹਿਣ 'ਤੇ ਭਾਜਪਾ ਸਰਕਾਰਾਂ ਦੀ ਨਿੰਦਾ ਕੀਤੀ ।

ਇਹ ਮਾਰਚ, ਜੋ ਸ਼੍ਰੀ ਰਾਮ ਚੌਕ ਤੋਂ ਸ਼ੁਰੂ ਹੋਇਆ ਅਤੇ ਲਵ ਕੁਸ਼ ਚੌਕ ਵਿਖੇ ਸਮਾਪਤ ਹੋਇਆ, ਵਿੱਚ ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂਆਂ ਅਤੇ ਸਿਵਲ ਸੁਸਾਇਟੀ ਦੇ ਮੈਂਬਰਾਂ ਨੇ ਹਿੱਸਾ ਲਿਆ। ਕੈਬਨਿਟ ਮੰਤਰੀ, ਜਿਨ੍ਹਾਂ ਦੇ ਨਾਲ ਮੇਅਰ ਵਿਨੀਤ ਧੀਰ, ਡਿਪਟੀ ਮੇਅਰ ਮਲਕੀਤ ਸਿੰਘ, ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਵਿਕਾਸ ਬੈਂਕ ਦੇ ਚੇਅਰਮੈਨ ਪਵਨ ਕੁਮਾਰ ਟੀਨੂੰ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਅੰਮ੍ਰਿਤਪਾਲ ਸਿੰਘ, ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਲਿਮਟਿਡ ਦੇ ਚੇਅਰਮੈਨ ਮੰਗਲ ਸਿੰਘ ਬੱਸੀ, ਪੰਜਾਬ ਲਘੂ ਉਦਯੋਗ ਅਤੇ ਐਕਸਪੋਰਟ ਕਾਰਪੋਰੇਸ਼ਨ ਦੇ ਵਾਈਸ ਚੇਅਰਮੈਨ ਦਿਨੇਸ਼ ਢੱਲ ਅਤੇ ਸੀਨੀਅਰ 'ਆਪ' ਆਗੂ ਰਾਜਵਿੰਦਰ ਕੌਰ ਥਿਆੜਾ ਵੀ ਮੌਜੂਦ ਸਨ, ਨੇ ਇਸ ਘਟਨਾ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਅਤੇ ਮ੍ਰਿਤਕ ਅਧਿਕਾਰੀ ਅਤੇ ਉਸਦੇ ਪਰਿਵਾਰ ਲਈ ਇਨਸਾਫ਼ ਦੀ ਮੰਗ ਕੀਤੀ।

ਸ੍ਰੀ ਭਗਤ ਨੇ ਕਿਹਾ ਕਿ ਅਧਿਕਾਰੀ, ਜੋ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਸੀ, ਨੂੰ ਸਿਸਟਮ ਵੱਲੋਂ ਇੰਨਾ ਜ਼ਿਆਦਾ ਤੰਗ-ਪ੍ਰੇਸ਼ਾਨ ਕੀਤਾ ਗਿਆ ਕਿ ਉਸਨੂੰ ਆਪਣੀ ਜਾਨ ਲੈਣ ਲਈ ਮਜਬੂਰ ਹੋਣਾ ਪਿਆ।ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਦਾ ਰੁਖ਼ ਨਾ ਸਿਰਫ਼ ਪ੍ਰਸ਼ਾਸਨਿਕ ਉਦਾਸੀਨਤਾ ਨੂੰ ਦਰਸਾਉਂਦਾ ਹੈ ਬਲਕਿ ਇਸ ਦੀ ਦਲਿਤ ਵਿਰੋਧੀ ਮਾਨਸਿਕਤਾ ਨੂੰ ਵੀ ਉਜਾਗਰ ਕਰਦਾ ਹੈ।

ਇਸੇ ਤਰ੍ਹਾਂ ਉਨ੍ਹਾਂ ਚੀਫ਼ ਜਸਟਿਸ ਆਫ ਇੰਡੀਆ, ਜੋ ਕਿ ਦਲਿਤ ਭਾਈਚਾਰੇ ਨਾਲ ਸਬੰਧਤ ਹਨ, 'ਤੇ ਹਾਲ ਹੀ ਵਿੱਚ ਹੋਏ ਹਮਲੇ ਦੇ ਯਤਨ ਨੂੰ ਵੀ ਇਸ ਪੱਖਪਾਤ ਦੀ ਇੱਕ ਹੋਰ ਪ੍ਰੇਸ਼ਾਨ ਕਰਨ ਵਾਲੀ ਉਦਾਹਰਣ ਦੱਸਿਆ।

ਕੇਂਦਰ ਅਤੇ ਹਰਿਆਣਾ ਦੀਆਂ ਭਾਜਪਾ ਸਰਕਾਰਾਂ 'ਤੇ ਵਿਤਕਰੇ ਨੂੰ ਸ਼ਹਿ ਦੇਣ ਦਾ ਦੋਸ਼ ਲਾਉਂਦਿਆਂ ਕੈਬਨਿਟ ਮੰਤਰੀ ਨੇ ਕਿਹਾ ਕਿ ਅਜਿਹੀਆਂ ਘਟਨਾਵਾਂ ਨੇ ਦਲਿਤ ਭਾਈਚਾਰਿਆਂ ਵਿੱਚ ਦੇਸ਼ ਵਿਆਪੀ ਰੋਸ ਪੈਦਾ ਕਰ ਦਿੱਤਾ ਹੈ।ਉਨ੍ਹਾਂ ਨੇ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਅਤੇ ਇਨਸਾਫ਼ ਯਕੀਨੀ ਬਣਾਉਣ ਲਈ ਅਪਰਾਧਿਕ ਮਾਮਲਾ ਦਰਜ ਕਰਨ ਦੀ ਅਪੀਲ ਕੀਤੀ।

# ਕਿਸਾਨ ਆਪਣੀ ਮਰਜੀ ਨਾਲ ਬਿਨਾਂ ਕਿਸੇ ਮਨਜ਼ੂਰੀ ਤੇ ਪ੍ਰੇਸ਼ਾਨੀ ਦੇ ਵੇਚ ਸਕਦੇ ਹਨ ਰੇਤਾ - ਵਿਧਾਇਕ ਨਰਿੰਦਰ ਪਾਲ ਸਿੰਘ ਸਵਨਾ



**ਫਾਜ਼ਿਲਕਾ,16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜਾਂ ਦੀ ਮਾਰ ਹੇਠ ਆਏ ਸਰਹੱਦੀ ਪਿੰਡਾਂ ਨੂੰ ਮੁੜ ਤੋਂ ਲੀਹ ਤੇ ਲਿਆਉਣ ਲਈ ਮੁੱਖ ਮੰਤਰੀ ਪੰਜਾਬ ਸ. ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਚਨਬੱਧ ਹੈ ਹੜਾਂ ਦੀ ਮਾਰ ਹੇਠ ਆਏ ਪਿੰਡਾਂ ਜਿਨਾਂ ਦੇ ਖੇਤਾਂ ਵਿੱਚ 5 ਤੋਂ 7 ਫੁੱਟ ਰੇਤਾ ਜਮਾ ਹੋ ਗਿਆ ਸੀ, ਵਾਸਤੇ ਪੰਜਾਬ ਸਰਕਾਰ ਵੱਲੋਂ ਜਿਸ ਦਾ ਖੇਤ ਉਸ ਦੀ ਰੇਤ ਮੁਹਿਮ ਦਾ ਐਲਾਨ ਕੀਤਾ ਗਿਆ ਸੀ ਇਸ ਦਾ ਮਕਸਦ ਜਿਸ ਕਿਸਾਨ ਦੇ ਖੇਤ ਵਿੱਚ ਜੋ ਰੇਤਾ ਜਮਾ ਹੈ ਉਹ ਆਪਣੀ ਮਰਜ਼ੀ ਨਾਲ ਵੇਚ ਸਕਦਾ ਹੈ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਹੜ ਪ੍ਰਭਾਵਿਤ ਪਿੰਡਾਂ ਦਾ ਦੌਰਾ ਕਰਨ ਮੌਕੇ ਕੀਤਾ

ਵਿਧਾਇਕ ਸ਼੍ਰੀ ਸਵਨਾ ਨੇ ਕਿਹਾ ਕਿ ਫਾਜ਼ਿਲਕਾ ਦੇ ਸਰਹਦੀ ਪਿੰਡਾਂ ਵਿੱਚੋ ਰੇਤਾ ਚੁੱਕਣ ਦਾ ਕੰਮ ਜਾਰੀ ਹੈ ਉਨ੍ਹਾਂ ਹੜਾਂ ਦੀ ਮਾਰ ਹੇਠ ਆਏ ਪਿੰਡਾਂ ਦੇ ਕਿਸਾਨਾ ਨੂੰ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਬਿਨਾਂ ਕਿਸੇ ਦਖਲ ਅੰਦਾਜੀ ਅਤੇ ਪਰੇਸ਼ਾਨੀ ਦੇ ਰੇਤਾ ਵੇਚ ਸਕਦੇ ਹਨ ਉਨ੍ਹਾਂ ਕਿਹਾ ਕਿ ਕਿਸੇ ਕਿਸਾਨ ਨੂੰ ਇਸ ਲਈ ਵੱਖਰੇ ਤੌਰ ਤੇ ਕੋਈ ਪ੍ਰਵਾਨਗੀ ਲੈਣ ਦੀ ਜਰੂਰਤ ਨਹੀਂ ਹੋਵੇਗੀ ਪਾਣੀ ਉਤਰਨ ਤੋਂ ਬਾਅਦ ਜੋ ਰੇਤਾ ਕਿਸਾਨਾਂ ਦੀਆਂ ਜਮੀਨਾਂ ਵਿੱਚ ਆ ਗਿਆ ਹੈ ਉਸ ਨੂੰ ਵੇਚਣ ਦੀ ਕਿਸਾਨਾਂ ਨੂੰ ਛੂਟ ਹੋਵੇਗੀ

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਖੜੀ ਹੈ ਤੇ ਕਿਸਾਨਾਂ ਦੇ ਕਿਸੇ ਤਰ੍ਹਾਂ ਵੀ ਹੜਾਂ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਵਚਨਬੱਧ ਹੈ

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕਿਸਾਨਾਂ ਦੀਆਂ ਫਸਲਾਂ, ਪਸ਼ੂ ਪਾਲਕਾਂ ਦੇ ਪਸ਼ੂਆਂ, ਮਕਾਨਾਂ ਅਤੇ ਹੋਰ ਤਰ੍ਹਾਂ ਦੇ ਨੁਕਸਾਨਾਂ ਦੇ ਲਈ ਮੁਆਵਜ਼ਾ ਦਿੱਤਾ ਜਾਵੇਗਾ ਉਨਾਂ ਕਿਹਾ ਕਿ ਮੁਆਵਜ਼ਾ ਦੇਣ ਦੀ ਕਾਰਵਾਈ ਜਲਦ ਹੀ ਆਰੰਭੀ ਜਾਵੇਗੀ

ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਸਰਕਾਰ ਵੱਲੋਂ ਅਗਲੀ ਫ਼ਸਲ ਦੀ ਬਿਜਾਈ ਲਈ ਮੁਫ਼ਤ ਬੀਜ ਵੀ ਮੁਹਈਆ ਕਰਵਾਏ ਜਾਣਗੇ ਤਾਂ ਜੋ ਝੋਨੇ ਦੀ ਫ਼ਸਲ ਦੇ ਹੋਏ ਨੁਕਸਾਨ ਦੀ ਜਿਨ੍ਹਾਂ ਹੋ ਸਕੇ ਭਰਪਾਈ ਕੀਤੀ ਜਾ ਸਕੇ

# ਵਿਧਾਇਕ ਬੱਗਾ ਦੀ ਪ੍ਰਧਾਨਗੀ 'ਚ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ



**ਲੁਧਿਆਣਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਗਾਮੀ ਦਿਵਾਲੀ ਦੇ ਪਵਿੱਤਰ ਤਿਉਂਹਾਰ ਦੇ ਮੱਦੇਨਜ਼ਰ, ਸਮਾਜ ਵਿਰੋਧੀ ਅਨਸਰਾਂ ਨੂੰ ਸਖ਼ਤ ਸੰਦੇਸ਼ ਦੇਣ ਅਤੇ ਲੋਕਾਂ ਵਿੱਚ ਕਾਨੂੰਨ ਵਿਵਸਥਾ ਦਾ ਭਰੋਸਾ ਬਰਕਰਾਰ ਰੱਖਣ ਲਈ ਵਿਧਾਇਕ ਮਦਨ ਲਾਲ ਬੱਗਾ ਦੀ ਪ੍ਰਧਾਨਗੀ ਹੇਠ ਸੀਨੀਅਰ ਪੁਲਿਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਵਿਧਾਇਕ ਬੱਗਾ ਦੇ ਸਥਾਨਕ ਦਫ਼ਤਰ ਵਿਖੇ ਮੀਟਿੰਗ ਦੌਰਾਨ, ਕੌਂਸਲਰ ਅਮਨ ਬੱਗਾ, ਕੌਂਸਲਰ ਮਨਜੀਤ ਸਿੰਘ ਢਿੱਲੋ, ਕੌਂਸਲਰ ਅਸ਼ੋਕ ਕੁਮਾਰ, ਏ.ਡੀ.ਸੀ.ਪੀ. ਸਮੀਰ ਵਰਮਾ, ਏ.ਸੀ.ਪੀ. ਨੌਰਥ ਕਿੱਕਰ ਸਿੰਘ ਤੋਂ ਇਲਾਵਾ ਪੁਲਿਸ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।ਵਿਧਾਇਕ ਮਦਨ ਲਾਲ ਬੱਗਾ ਵੱਲੋਂ, ਆਉਣ ਵਾਲੀ ਦਿਵਾਲੀ ਦੇ ਤਿਉਹਾਰ ਨੂੰ ਮੁੱਖ ਰੱਖਦਿਆਂ ਪੁਲਿਸ ਪ੍ਰਸ਼ਾਸ਼ਨ ਨੂੰ ਚੌਕਸ ਰਹਿਣ ਅਤੇ ਸਮਾਜਿਕ ਤਾਣੇ-ਬਾਣੇ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਸ਼ਰਾਰਤੀ ਅਨਸਰਾਂ 'ਚ ਕਾਨੂੰਨ ਦਾ ਭੈਅ, ਆਮ ਲੋਕਾਂ ਵਿੱਚ ਸੁਰੱਖਿਆ ਅਤੇ ਅਮਨ-ਕਾਨੂੰਨ ਨੂੰ ਬਣਾਈ ਰੱਖਣ ਦੀ ਭਾਵਨਾ ਪੈਦਾ ਕਰਨਾ ਹੈ।

ਪੁਲਿਸ ਪ੍ਰਸ਼ਾਸ਼ਨ ਦੇ ਸੀਨੀਅਰ ਅਧਿਕਾਰੀਆਂ ਵੱਲੋਂ ਸਾਂਝੇ ਤੌਰ 'ਤੇ ਵਿਧਾਇਕ ਬੱਗਾ ਨੂੰ ਭਰੋਸਾ ਦਿੰਦਿਆਂ ਕਿਹਾ ਕਿ ਸਮਾਜ ਵਿਰੋਧੀ ਅਨਸਰਾਂ ਵਿੱਚ ਕਾਨੂੰਨ ਦਾ ਡਰ ਕਾਇਮ ਰੱਖਣ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੀ ਚੌਕਸੀ ਅਤੇ ਮੌਜੂਦਗੀ ਦਾ ਭਰੋਸਾ ਦਿਵਾਉਣ ਲਈ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਨਾਕਾਬੰਦੀ ਕੀਤੀ ਗਈ ਹੈ ਅਤੇ 24 ਘੰਟੇ ਗਸ਼ਤ ਕੀਤੀ ਜਾ ਰਹੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਾਨੂੰ ਝੂਠੀਆਂ ਖ਼ਬਰਾਂ 'ਤੇ ਯਕੀਨ ਨਹੀਂ ਕਰਨਾ ਚਾਹੀਦਾ ਅਤੇ ਪੁਲਿਸ ਫੋਰਸ 'ਤੇ ਭਰੋਸਾ ਕਰਕੇ ਪ੍ਰਸ਼ਾਸਨ ਦਾ ਸਮਰਥਨ ਕਰਨਾ ਚਾਹੀਦਾ ਹੈ।

# ਐਸ.ਡੀ.ਐਮ. ਅਬੋਹਰ ਵਲੋਂ ਦਾਣਾ ਮੰਡੀ ਦਾ ਦੌਰਾ

**ਅਬੋਹਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਡੀ.ਐਮ. ਅਬੋਹਰ ਸ੍ਰੀ ਕ੍ਰਿਸ਼ਨਾ ਪਾਲ ਰਾਜਪੂਤ ਵੱਲੋਂ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਕਿਸਾਨ ਵੀਰਾਂ ਨੂੰ ਮੰਡੀ ਵਿਖੇ ਕੋਈ ਦਿੱਕਤ ਨਾ ਆਵੇ, ਇਸ ਲਈ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਗਏ ਕਿ ਮੰਡੀ ਵਿਖੇ ਫਸਲ ਦੀ ਆਮਦ ਹੋਣ



ਉਪਰੰਤ ਨਾਲੋ-ਨਾਲ ਫਸਲ ਦੀ ਖਰੀਦ ਕਰਵਾਈ ਜਾਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਫਸਲ ਦੀ ਨਿਰਵਿਘਨ ਖਰੀਦ ਹੋ ਸਕੇ ਉਹ ਵੀ ਲਗਾਤਾਰ ਮੰਡੀ ਦਾ ਦੌਰਾ ਕਰ ਰਹੇ ਹਨ ਤੇ ਕਿਸਾਨਾਂ ਨਾਲ ਗਲਬਾਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਬੰਧਤ ਸਮੂਹ ਅਧਿਕਾਰੀਆਂ ਨੂੰ ਪਾਬੰਦ ਕੀਤਾ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਕਿਸਾਨ ਵੀਰਾਂ ਨੂੰ ਮੰਡੀ ਵਿਖੇ ਦਿੱਕਤ ਨਾ ਆਉਣ ਦਿੱਤੀ ਜਾਵੇ।

# ਕਾਮਰੇਡ ਸੇਖੋਂ ਨੇ ਮੁੱਖ ਮੰਤਰੀ ਵੱਲੋਂ 'ਦੇਸ਼ ਸੇਵਕ' ਦੀ ਸ਼ਲਾਘਾ ਕਰਨ ਦਾ ਕੀਤਾ ਸਵਾਗਤ

**ਜਲੰਧਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੋਜਾਨਾ ਦੇਸ਼ ਸੇਵਕ ਪੰਜਾਬੀ ਅਖਬਾਰ ਚਲਾਉਣ ਵਾਲੀ ਸੰਸਥਾ " ਬਾਬਾ ਸੋਹਣ ਸਿੰਘ ਭਕਨਾ ਟਰੱਸਟ " ਦੇ ਚੇਅਰਮੈਨ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਅੱਜ ਇੱਥੇ ਇਸ ਪੱਤਰਕਾਰ ਨਾਲ ਵਿਸ਼ੇਸ਼ ਤੌਰ ਤੇ ਗੱਲਬਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਰੋਜ਼ਾਨਾ ਦੇਸ਼ ਸੇਵਕ ਦੀ ਭਰਪੂਰ ਪ੍ਰਸ਼ੰਸਾ ਕਰਨ ਦਾ ਸਵਾਗਤ ਕਰਦਿਆਂ ਹੋਇਆ ਕਿਹਾ ਕਿ ਸ. ਮਾਨ ਸ਼ੁਰੂ ਤੋਂ ਹੀ ਦੇਸ਼ ਸੇਵਕ ਨਾਲ ਜੁੜੇ ਹੋਏ ਹਨ। ਕਾਮਰੇਡ ਸੇਖੋਂ ਨੇ ਦੱਸਿਆ ਕਿ ਪਿਛਲੇ ਸਮੇਂ ਜਦੋਂ ਸੀਪੀਆਈ ( ਐਮ ) ਦਾ ਇੱਕ ਡੈਪੂਟੇਸ਼ਨ ਕੁਝ ਜਰੂਰੀ ਮੰਗਾਂ ਵਾਸਤੇ ਮੁੱਖ ਮੰਤਰੀ ਨੂੰ ਮਿਲਿਆ ਸੀ ਤਾਂ ਉਨਾਂ ਨੇ ਦੱਸਿਆ ਕਿ ਉਹ ਤਾਂ ਸਿਆਸਤ ਵਿੱਚ ਆਉਣ ਤੋਂ ਵੀ ਪਹਿਲਾਂ ਦੇ ਇਸ ਅਖਬਾਰ ਨਾਲ ਜੁੜੇ ਹੋਏ ਹਨ। ਸ. ਮਾਨ ਨੇ ਉਸ ਸਮੇਂ ਨੂੰ ਯਾਦ ਕੀਤਾ ਕਿ ਜਦੋਂ ਅਜੇ ਦੇਸ਼ ਸੇਵਕ ਸ਼ੁਰੂ ਹੀ ਹੋਇਆ ਸੀ ਅਤੇ ਬਾਬਾ ਸੋਹਣ ਸਿੰਘ ਭਕਨਾ ਭਵਨ ਦੀ ਹਾਲੇ ਉਸਾਰੀ ਹੀ ਹੋ ਰਹੀ ਸੀ । ਉਨ੍ਹਾਂ ਦੱਸਿਆ ਕਿ ਉਸ ਸਮੇਂ ਹੀ ਮੈਂ ਅਤੇ ਹਰਭਜਨ ਮਾਨ ਇੱਥੇ ਆਇਆ ਕਰਦੇ ਸੀ ਅਤੇ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਜੀ ਨੂੰ ਮਿਲਿਆ ਕਰਦੇ ਸੀ। ਉਹਨਾਂ ਦੱਸਿਆ ਕਿ ਕਾਮਰੇਡ ਸੁਰਜੀਤ ਜੀ ਨੇ ਸਾਨੂੰ ਵੀ ' ਦੇਸ਼ ਸੇਵਕ ' ਅਤੇ ਬਾਬਾ ਸੋਹਣ ਸਿੰਘ ਭਕਨਾ ਭਵਨ ਦੀ ਉਸਾਰੀ ਵਿੱਚ ਹਿੱਸਾ ਪਾਉਣ ਲਈ ਕਿਹਾ ਸੀ ਅਤੇ ਅਸੀਂ ਵੀ ਕਾਮਰੇਡ ਸੁਰਜੀਤ ਜੀ ਦੇ ਆਦੇਸ਼ ਅਨੁਸਾਰ ਜਿਤਨਾ ਹੋ ਸਕਿਆ ਆਪਣਾ ਯੋਗਦਾਨ ਪਾਇਆ ਸੀ। ਕਾਮਰੇਡ ਸੇਖੋਂ ਨੇ ਸਪਸ਼ਟ ਕੀਤਾ ਕਿ ਅਸੀਂ ਜਿੱਥੇ ਸ. ਭਗਵੰਤ ਸਿੰਘ ਮਾਨ ਵੱਲੋਂ ਦੇਸ਼ ਸੇਵਕ ਪ੍ਰਤੀ ਉਨਾਂ ਦੀਆਂ ਹਾਂ ਪੱਖੀ ਭਾਵਨਾਵਾਂ ਅਤੇ ਵਿਚਾਰਾਂ ਦਾ ਸਵਾਗਤ ਕਰਦੇ ਹਾਂ ਅਤੇ ਉਨਾਂ ਦੀ ਸਰਕਾਰ ਦੇ ਚੰਗੇ ਕੰਮਾਂ ਦੀ ਹਿਮਾਇਤ ਕਰਦੇ ਹਾਂ ਉੱਥੇ ਮੁੱਖ ਮੰਤਰੀ ਦੇ ਤੌਰ ਤੇ ਉਨਾਂ ਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਲਗਾਤਾਰ ਵਿਰੋਧ ਵੀ ਕਰ ਰਹੇ ਹਾਂ ਅਤੇ ਇਹਨਾਂ ਵਿਰੁੱਧ ਸੰਘਰਸ਼ ਕਰ ਰਹੇ ਹਾਂ । ਕਾਮਰੇਡ ਸੇਖੋਂ ਨੇ ਗੱਲਬਾਤ ਦੌਰਾਨ ਇਹ ਵੀ ਦੱਸਿਆ ਕਿ ਉਹ ਜਲਦੀ ਹੀ ਪੰਜਾਬ ਦੇ ਕਈ ਭਖਵੇਂ ਮਸਲਿਆਂ ਬਾਰੇ ਮੁੱਖ ਮੰਤਰੀ ਨਾਲ ਮੀਟਿੰਗ ਵੀ ਕਰਨਗੇ।

# ਕਮਿਸ਼ਨਰੇਟ ਪੁਲਿਸ ਜਲੰਧਰ ਨੇ 30 ਗੁੰਮ ਤੇ ਖੋਏ ਹੋਏ ਮੋਬਾਇਲ ਫੋਨ ਟਰੇਸ ਕਰਕੇ ਅਸਲ ਮਾਲਕਾਂ ਵਾਪਸ ਸੌਂਪੇ

**ਜਲੰਧਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਜਲੰਧਰ ਕਮਿਸ਼ਨਰੇਟ ਪੁਲਿਸ ਨੇ ਸੀ.ਈ.ਆਈ.ਆਰ. (359♣) ਪੋਰਟਲ ਦੀ ਸਹਾਇਤਾ ਨਾਲ 30 ਗੁੰਮ ਅਤੇ ਖੋਏ ਹੋਏ ਮੋਬਾਇਲ ਫੋਨ ਸਫ਼ਲਤਾਪੂਰਵਕ ਬਰਾਮਦ ਕੀਤੇ ਹਨ।

ਇਹ ਕਾਰਵਾਈ ਪੁਲਿਸ ਕਮਿਸ਼ਨਰ, ਜਲੰਧਰ ਧਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਏ.ਡੀ.ਸੀ.ਪੀ. (ਓਪਰੇਸ਼ਨਸ) ਵਿਨੀਤ ਅਹਲਾਵਤ ਅਤੇ ਏ.ਸੀ.ਪੀ. (ਸਾਈਬਰ ਕ੍ਰਾਈਮ) ਰੂਪਦੀਪ ਕੌਰ ਦੇ ਸਹਿਯੋਗ ਨਾਲ ਕੀਤੀ ਗਈ। ਕਮਿਸ਼ਨਰੇਟ ਪੁਲਿਸ ਜਲੰਧਰ ਦੇ ਆਈ.ਟੀ.ਸਟਾਫ ਦੇ ਯਤਨਾਂ ਰਾਹੀਂ ਗੁੰਮ ਹੋਏ ਮੋਬਾਇਲਾਂ ਦੇ ਆਈ.ਐਮ.ਈ.ਆਈ. ਨੰਬਰਾਂ ਦਾ ਪਤਾ ਲਗਾਉਣ ਲਈ ਉੱਚਤਮ ਡਿਜੀਟਲ ਟ ?ਰੈਕਿੰਗ ਤਕਨੀਕਾਂ ਵਰਤੀਆਂ ਗਈਆਂ। ਪੂਰੀ ਜਾਂਚ ਤੋਂ ਬਾਅਦ ਵੱਖ-ਵੱਖ ਬ੍ਰਾਂਡਾਂ ਦੇ ਇਹ 30 ਮੋਬਾਈਲ ਫੋਨ ਉਨ੍ਹਾਂ ਦੇ ਅਸਲ ਮਾਲਕਾਂ ਨੂੰ ਵਾਪਸ ਦੇ ਦਿੱਤੇ ਗਏ।

ਸੀ.ਈ.ਆਈ.ਆਰ. ਪੋਰਟਲ, ਟੈਲੀਕਮਿਊਨੀਕੇਸ਼ਨ ਵਿਭਾਗ (4⚙") ਦੀ ਇਕ ਪਹਿਲ ਹੈ, ਜੋ ਗੁੰਮ ਜਾਂ ਚੋਰੀ ਹੋਏ ਮੋਬਾਇਲ ਫੋਨਾਂ ਨੂੰ ਬਲਾਕ ਕਰਨ, ਉਨ੍ਹਾਂ ਦੀ ਦੁਰਵਰਤੋਂ ਨੂੰ ਰੋਕਣ ਅਤੇ ਆਈ.ਐਮ.ਈ.ਆਈ. ਆਧਾਰਿਤ ਟਰੈਕਿੰਗ ਰਾਹੀਂ ਸਾਰੇ ਟੈਲੀਕਾਮ ਨੈੱਟਵਰਕਾਂ 'ਤੇ ਬਰਾਮਦਗੀ ਸੌਖੀ ਬਣਾਉਂਦਾ ਹੈ।

ਜਲੰਧਰ ਕਮਿਸ਼ਨਰੇਟ ਪੁਲਿਸ ਨੇ ਨਾਗਰਿਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਗੁੰਮ ਜਾਂ ਚੋਰੀ ਹੋਏ ਮੋਬਾਇਲ ਫੋਨਾਂ ਦੀ ਤੁਰੰਤ ਸੀ.ਈ.ਆਈ.ਆਰ. ਪੋਰਟਲ (https://ceir.gov.in) 'ਤੇ ਰਿਪੋਰਟ ਕਰਨ ਤਾਂ ਜੋ ਉਨ੍ਹਾਂ ਦੀ ਸਮੇਂ ਸਿਰ ਮਦਦ ਅਤੇ ਬਰਾਮਦਗੀ ਹੋ ਸਕੇ।

# ਫਸਲ ਦੀ ਰਹਿੰਦ ਖੂੰਹਦ ਸਾੜਨ ਦੀ ਪਹਿਲੀ ਘਟਨਾ, ਪਹਿਲਾ ਚਲਾਨ

**ਗੁਰਦਾਸਪੁਰ,16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਨਯੋਗ ਨੈਸ਼ਨਲ ਗ੍ਰੀਨ ਟ੍ਰਿਬਊਨਲ ਵੱਲੋਂ ਫਸਲਾਂ ਦੀ ਰਹਿੰਦ-ਖੂੰਹਦ ਨੂੰ ਸਾੜਨ 'ਤੇ ਪਬੰਦੀ ਲਗਾਈ ਗਈ ਹੈ, ਜਿਸ ਦੇ ਚੱਲਦਿਆਂ ਜ਼ਿਲ੍ਹੇ ਗੁਰਦਾਸਪੁਰ ਵਿੱਚ ਗਠਿਤ ਵੱਖ-ਵੱਖ ਟੀਮਾਂ ਵਲੋਂ ਸਖ਼ਤ ਨਜ਼ਰ ਰੱਖੀ ਜਾ ਰਹੀ ਹੈ।

ਅੱਜ ਪਿੰਡ ਨਾਸਰਕੇ ਦੇ ਕਿਸਾਨ ਵਲੋਂ ਪਰਾਲੀ/ਨਾੜ ਨੂੰ ਅੱਗ ਲਗਾਈ ਗਈ, ਜਿਸ ਕਾਰਨ ਉਸ ਕੋਲੋਂ 5,000 ਰੁਪਏ ਦਾ ਵਾਤਾਵਰਨ ਮੁਆਵਜ਼ਾ ਵਸੂਲ ਕੇ, ਰੈਵੀਨਿਊ ਰਿਕਾਰਡ ਵਿੱਚ ਰੈੱਡ ਐਂਟਰੀ ਦਰਜ ਕੀਤੀ ਗਈ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਲਵਿੰਦਰਜੀਤ ਸਿੰਘ, ਡਿਪਟੀ ਕਮਿਸ਼ਨਰ ਗੁਰਦਾਸਪੁਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਾਕ ਫਤਿਹਗੜ੍ਹ ਚੂੜੀਆਂ ਦੇ ਪਿੰਡ ਨਾਸਰਕੇ ਦੇ ਕਿਸਾਨ ਵੱਲੋਂ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਈ ਗਈ ਸੀ। ਜਿਸ ਕਾਰਨ ਕਿਸਾਨਾ ਕੋਲੋਂ 5,000 ਰੁਪਏ ਵਾਤਾਵਰਨ ਮੁਆਵਜ਼ਾ ਵਸੂਲ ਕੇ, ਰੈਵਨਿਊ ਰਿਕਾਰਡ ਵਿੱਚ ਰੈੱਡ ਐਂਟਰੀ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਜਿਨ੍ਹਾਂ ਕਿਸਾਨਾਂ ਨੇ ਝੋਨੇ ਦੀ ਪਰਾਲੀ ਦੀ ਸੰਭਾਲ ਬੇਲਰ ਨਾਲ ਗੱਠਾਂ ਬਣਾ ਕੇ ਕੀਤੀ ਹੈ , ਉਨ੍ਹਾਂ ਵਿਚੋਂ ਕੁਝ ਕਿਸਾਨ ਬਚ ਖੁਚ ਨੂੰ ਅੱਗ ਲਗਾ ਦਿੰਦੇ ਹਨ । ਇਹ ਲੱਗੀ ਅੱਗ ਸੈਟੇਲਾਈਟ ਦੀ ਪਕੜ ਵਿਚ ਆ ਜਾਂਦੀ ਹੈ। ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਖੇਤਾਂ ਵਿਚ ਬੇਲਰ ਨਾਲ ਪਰਾਲੀ ਦੀਆਂ ਗੱਠਾਂ ਬਣਾਉਣ ਉਪਰੰਤ ਬਚੀ ਰਹਿੰਦ ਖੂੰਹਦ ਨੂੰ ਅੱਗ ਨਾ ਲਗਾਉਣ ।

ਡਿਪਟੀ ਕਮਿਸ਼ਨਰ ਨੇ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਮਾਨਯੋਗ ਸੁਪਰੀਮ ਕੋਰਟ ਅਤੇ ਮਾਨਯੋਗ ਨੈਸ਼ਨਲ ਗਰੀਨ ਟ੍ਰਿਬਿਊਨਲ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਫਸਲ ਦੀ ਰਹਿੰਦ-ਖੂੰਹਦ/ਪਰਾਲੀ/ਨਾੜ ਨੂੰ ਅੱਗ ਨਾ ਲਗਾਉਣ ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਰਾਲੀ ਦੀ ਸਾਂਭ-ਸੰਭਾਲ ਲਈ ਲੋੜੀਂਦੀ ਖੇਤੀ ਮਸ਼ੀਨਰੀ ਉਪਲੱਬਧ ਹੈ। ਸਹਿਕਾਰੀ ਸੁਸਾਇਟੀਆਂ ਤੇ ਪੰਚਾਇਤਾਂ ਕੋਲੋਂ ਖੇਤੀ ਮਸ਼ੀਨਰੀ ਮੌਜੂਦ ਹੈ। ਜੇਕਰ ਫਿਰ ਵੀ ਕਿਸੇ ਕਿਸਾਨ ਨੂੰ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ, ਤਾਂ ਉਹ ਨੇੜਲੇ ਖੇਤੀਬਾੜੀ ਵਿਭਾਗ ਦੇ ਦਫ਼ਤਰ, ਐੱਸ.ਡੀ.ਐੱਮ. ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ।

ਡਿਪਟੀ ਕਮਿਸ਼ਨਰ ਨੇ ਅੱਗੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਝੋਨੇ ਦੀ ਫ਼ਸਲ ਦੀ ਕਟਾਈ ਤੋਂ ਬਾਅਦ ਫ਼ਸਲ ਦੀ ਰਹਿੰਦ ਖੂੰਹਦ ਨੂੰ ਨਾ ਸਾੜਨ ਲਈ ਲਗਾਤਾਰ ਜਾਗਰੂਕਤਾ ਮੁਹਿੰਮ ਵਿੱਢੀ ਗਈ ਹੈ ਅਤੇ ਉਹ ਖੁਦ ਪਿੰਡਾਂ ਵਿੱਚ ਜਾ ਕੇ ਕਿਸਾਨਾ ਨੂੰ ਪਰਾਲੀ ਨਾ ਸਾੜਨ ਦੀ ਅਪੀਲ ਕਰ ਰਹੇ ਹਨ।

ਇਸ ਮੌਕੇ ਉਨ੍ਹਾਂ ਪਰਾਲੀ ਨਾ ਸਾੜਨ ਦੇ ਸਬੰਧ ਵਿੱਚ ਗਠਿਤ ਟੀਮਾਂ/ਨੋਡਲ ਅਫ਼ਸਰਾਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਉਹ ਰੋਜ਼ਾਨਾ ਫੀਲਡ ਵਿੱਚ ਰਹਿਣ ਤਾਂ ਜੋ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਤੁਰੰਤ ਰੋਕਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਪ੍ਰਸ਼ਾਸ਼ਨ ਨਾਲ ਸਹਿਯੋਗ ਕਰਨ ਅਤੇ ਪਰਾਲੀ/ਨਾੜ ਨੂੰ ਅੱਗ ਨਾ ਲਾਉਣ।

# ਸਿੱਖਿਆ ਮੰਤਰੀ ਬੈਂਸ ਵੱਲੋਂ ਵਿੱਦਿਆ ਦਾ ਲੰਗਰ ਲਾਉਣ ਵਾਲੇ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ



**ਲੁਧਿਆਣਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਧਿਆਪਕ ਦਿਵਸ ਨੂੰ ਸਮਰਪਿਤ, ਜ਼ਿਲ੍ਹਾ ਪੱਧਰੀ ਮੈਗਾ ਸਮਾਗਮ ਮੌਕੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿੱਥੇ ਹਲਕਾ ਲੁਧਿਆਣਾ ਪੂਰਬੀ ਦੇ ਸਰਕਾਰੀ ਅਤੇ ਨਿੱਜੀ ਸਕੂਲਾਂ ਦੇ 4 ਹਜ਼ਾਰ ਤੋਂ ਵੱਧ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਸਥਾਨਕ ਮਲਹੋਤਰਾ ਰਿਜੋਰਟ, ਜਲੰਧਰ ਬਾਈਪਾਸ ਵਿਖੇ ਰੱਖੇ ਵਿਸ਼ਾਲ ਸਮਾਰੋਹ ਦੌਰਾਨ ਕੈਬਨਿਟ ਮੰਤਰੀ ਬੈਂਸ ਨੇ ਅਧਿਆਪਕਾਂ ਨੂੰ ਵਿੱਦਿਆ ਦਾ ਲੰਗਰ ਲਾਉਣ ਵਾਲੇ ਦਾਨੀ ਦੱਸਦਿਆਂ ਕਿਹਾ ਕਿ ਇਹ ਸਾਡੇ ਰਾਸ਼ਟਰ ਨਿਰਮਾਤਾ ਹਨ। ਉਨ੍ਹਾਂ ਦੱਸਿਆ ਕਿ ਚੰਗੇ ਅਧਿਆਪਨ ਰਾਹੀਂ ਜਿੱਥੇ ਬੱਚੇ ਡਾਕਟਰ, ਇੰਜੀਨੀਅਰ, ਵਕੀਲ ਤੇ ਹੋਰ ਵੱਖ-ਵੱਖ ਖੇਤਰਾਂ ਵਿੱਚ ਵੱਡੀਆਂ ਮੱਲਾਂ ਮਾਰਦੇ ਹਨ ਉੱਥੇ ਉਨ੍ਹਾਂ ਅਧਿਆਪਕਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਤੁਹਾਡੀ ਚੰਗੇਰੀ ਸਿੱਖਿਆ ਸਦਕਾ ਹੀ ਬਹੁਤ ਸਾਰੇ ਘਰਾਂ ਦੇ ਚੁੱਲ੍ਹੇ ਬਲਦੇ ਹਨ।

ਇਸ ਮੌਕੇ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਤੋਂ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ, ਵਿਧਾਇਕ ਚੌਧਰੀ ਮਦਨ ਲਾਲ ਬੱਗਾ, ਵਿਧਾਇਕ ਕੁਲਵੰਤ ਸਿੰਘ ਸਿੱਧੂ, ਪੰਜਾਬ ਮੀਡੀਅਮ ਇੰਡਸਟਰੀਜ਼ ਡਿਵੈਲਪਮੈਂਟ ਬੋਰਡ ਦੇ ਸੀਨੀਅਰ ਵਾਈਸ ਚੇਅਰਮੈਨ ਸ਼ਰਨਪਾਲ ਸਿੰਘ ਮੱਕੜ, ਚੇਅਰਮੈਨ ਗੁਰਜੀਤ ਸਿੰਘ ਗਿੱਲ, ਨਗਰ ਨਿਗਮ ਮੇਅਰ ਪ੍ਰਿੰਸੀਪਲ ਇੰਦਰਜੀਤ ਕੌਰ, ਵੱਖ ਵੱਖ ਵਾਰਡਾਂ ਦੇ ਕੌਂਸਲਰ ਸਹਿਬਾਨ, ਵਧੀਕ ਡਿਪਟੀ ਕਮਿਸ਼ਨਰ ਰੁਪਿੰਦਰਪਾਲ ਸਿੰਘ, ਐਸ.ਡੀ.ਐਮ. ਜਸਲੀਨ ਕੌਰ ਭੁੱਲਰ, ਜ਼ਿਲ੍ਹਾ ਸਿੱਖਿਆ ਅਫ਼ਸਰ ਡਿੰਪਲ ਮਦਾਨ ਵੀ ਮੌਜੂਦ ਸਨ।ਅਧਿਆਪਕ ਦਿਵਸ ਦੀ ਮਹੱਤਤਾ 'ਤੇ ਚਾਨਣ ਪਾਉਂਦਿਆਂ ਸਿੱਖਿਆ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਅਧਿਆਪਕ ਇੱਕ ਲਾਈਟ ਹਾਊਸ ਦੀ ਤਰ੍ਹਾਂ ਹੁੰਦੇ ਹਨ ਜੋ ਵਿਦਿਆਰਥੀਆਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਦੇ ਨਾਲ-ਨਾਲ ਚੰਗੇ ਸੰਸਕਾਰ ਭਰਨ ਲਈ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਇੱਕ ਅਧਿਆਪਕਾਂ ਵੱਲੋਂ ਪਾਏ ਵਡਮੁੱਲੇ ਯੋਗਦਾਨ ਲਈ ਸਤਿਕਾਰ ਦੇਣਾ ਚਾਹੀਦਾ ਹੈ ਉਨ੍ਹਾਂ ਸਪੱਸ਼ਟ ਕੀਤਾ ਕਿ ਅਧਿਆਪਕ ਦਿਵਸ ਮਨਾਉਣਾ ਸਮੇਂ ਦੀ ਲੋੜ ਹੈ ਅਤੇ ਇਨ੍ਹਾਂ ਦੇ ਸਹਿਯੋਗ ਤੋਂ ਬਗੈਰ ਕੋਈ ਵੀ ਸਮਾਜ ਤਰੱਕੀ ਦੇ ਰਾਹ ਵੱਲ ਨਹੀਂ ਤੁਰ ਸਕਦਾ ਉਨ੍ਹਾਂ ਕਿਹਾ ਕਿ ਅਧਿਆਪਕ ਮੋਮਬੱਤੀ ਵਾਂਗ ਹੁੰਦਾ ਹੈ ਜੋ ਕਿ ਦੂਜਿਆਂ ਲਈ ਰਸਤਾ ਰੋਸ਼ਨ ਕਰਨ ਲਈ ਆਪਣੇ-ਆਪ ਨੂੰ ਜਲਾਉਂਦਾ ਹੈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਅੱਗੇ ਕਿਹਾ ਕਿ ਵਿਧਾਇਕ ਗਰੇਵਾਲ ਵੱਲੋਂ ਸਮੇਂ-ਸਮੇਂ 'ਤੇ ਸਿੱਖਿਆ ਸਬੰਧੀ ਆਪਣੇ ਹਲਕੇ ਦੀਆਂ ਰੱਖੀਆਂ ਮੰਗਾਂ ਨੂੰ ਪੂਰਾ ਕੀਤਾ ਗਿਆ ਹੈ ਅਤੇ ਜਲਦ ਵਿਧਾਨ ਸਭਾ ਹਲਕਾ ਲੁਧਿਆਣਾ ਪੂਰਬੀ ਲਈ ਇੱਕ ਆਈ.ਟੀ.ਆਈ. ਅਤੇ ਟਿੱਬਾ ਰੋਡ 'ਤੇ ਸਰਕਾਰੀ ਸਕੂਲ ਦਾ ਨਿਰਮਾਣ ਕਰਵਾਇਆ ਜਾਵੇਗਾ।ਉਨ੍ਹਾਂ ਵਿਧਾਇਕ ਭੋਲਾ ਗਰੇਵਾਲ ਵੱਲੋਂ ਸਾਲ 2011 ਤੋਂ ਅਧਿਆਪਕਾਂ ਦੇ ਸਨਮਾਨ ਲਈ ਉਲੀਕੇ ਜਾ ਰਹੇ ਸਮਾਗਮਾਂ ਦੀ ਸ਼ਲਾਘਾ ਕਰਦਿਆਂ ਸੁਚਾਰੂ ਤੇ ਸਫਲ ਆਯੋਜਨ ਲਈ ਵਧਾਈ ਦਿੱਤੀ।

# ਸਾਹਿਤ ਦਾ ਮਨੋਰਥ ਸਿਰਫ਼ ਮਨੋਰੰਜਨ ਨਹੀਂ

## ਮਹਿੰਦਰ ਸਾਥੀ



• ਹਰਵਿੰਦਰ ਬਿਲਾਸਪੁਰ
98149-07020

ਜੇ ਕਿਧਰੇ ਤੁਹਾਨੂੰ 'ਖ਼ਾਲਸ' ਸ਼ਬਦ ਦੇ ਅਰਥ ਜਾਣਨ ਦੀ ਲੋੜ ਪੈ ਜਾਵੇ ਤਾਂ ਤੁਸੀਂ ਬਿਨਾਂ ਕਿਸੇ ਸੋਚ ਵਿਚਾਰ ਦੇ, ਮਹਿੰਦਰ ਸਾਥੀ ਦੀ ਤਸਵੀਰ ਆਪਣੇ ਮਾਨਸਿਕ ਪਟਲ 'ਤੇ ਚਿਤਰ ਸਕਦੇ ਹੋ। ਜਿੰਨਾ ਕੁ ਉਸ ਦਾ ਰੰਗ ਪੱਕਾ ਹੈ, ਉਸ ਤੋਂ ਵੀ ਜ਼ਿਆਦਾ ਉਹ ਆਪਣੇ ਇਰਾਦਿਆਂ ਅਤੇ ਅਸੂਲਾਂ- ਸਿਧਾਂਤਾਂ ਦਾ ਪੱਕਾ ਹੈ। ਪਹਿਲੀ ਨਜ਼ਰੇ ਵੇਖਣ ਨੂੰ ਹੀ ਉਸ ਦਾ ਸਰੀਰ ਲੋਹਮਈ ਲੱਗਦਾ ਹੈ। ਇਹ ਸ਼ਾਇਦ ਇਸ ਕਰਕੇ ਵੀ ਹੈ ਕਿ ਉਸ ਨੇ ਆਪਣੀ ਜ਼ਿੰਦਗੀ ਦੇ ਬਹੁਤ ਸਾਰੇ ਕੀਮਤੀ ਵਰ੍ਹੇ ਲੋਹੇ ਨਾਲ ਲੋਹਾ ਲੈਂਦਿਆਂ ਹੀ ਗੁਜ਼ਾਰੇ ਹਨ।

ਮਹਿੰਦਰ ਸਾਥੀ ਨੇ ਆਪਣੀ ਲੇਖਣੀ ਦਾ ਆਗ਼ਾਜ਼ ਹੋਰ ਨੌਜਵਾਨ ਮੁੰਡਿਆਂ ਵਾਂਗ ਇਸ਼ਕੀਆ ਕਵਿਤਾਵਾਂ ਲਿਖਣ ਨਾਲ ਕੀਤਾ ਪਰ ਛੇਤੀ ਹੀ ਉਹ ਨਕਸਲਬਾੜੀ ਲਹਿਰ ਦੇ ਪ੍ਰਭਾਵ ਹੇਠ ਆ ਗਿਆ ਅਤੇ ਲੋਕ ਪੱਖੀ ਸਾਹਿਤ ਦੀ ਰਚਨਾ ਕਰਨ ਲੱਗਿਆ। ਜਦੋਂ ਲਹਿਰ ਆਪਣੇ ਜੋਬਨ 'ਤੇ ਸੀ, ਉਹ ਉਦੋਂ ਵੀ ਇਨਕਲਾਬੀ ਸ਼ਾਇਰ ਸੀ ਅਤੇ ਅੱਜ ਹੈ। ਗ਼ਜ਼ਲ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤਕ ਰਾਤ ਬਾਕੀ ਹੈ' ਉਸਦੇ ਇਨਕਲਾਬੀ ਸਾਹਿਤਕ ਸਫ਼ਰ ਦਾ ਸਿਖ਼ਰ ਹੈ। ਲੋਕ ਸੰਘਰਸ਼ ਨਾਲ ਜੁੜੇ ਪ੍ਰੋਗਰਾਮਾਂ ਵਿਚ ਪੰਜਾਬੀ ਦੀਆਂ ਸਭ ਤੋਂ ਵੱਧ ਗਾਈਆਂ ਜਾਣ ਵਾਲੀਆਂ ਤਿੰਨ ਗ਼ਜ਼ਲਾਂ ਵਿੱਚੋਂ ਸਾਥੀ ਦੀ ਇਹ ਗ਼ਜ਼ਲ ਵੀ ਇਕ ਹੈ। ਦੂਸਰੀਆਂ ਦੋ ਗ਼ਜ਼ਲਾਂ ਇਕ ਡਾ. ਜਗਤਾਰ ਦੀ 'ਹਰ ਮੋੜ 'ਤੇ ਸਲੀਬਾਂ' ਅਤੇ ਦੂਸਰੀ ਸੁਰਜੀਤ ਪਾਤਰ ਹੁਰਾਂ ਦੀ 'ਕੁਝ ਕਿਹਾ ਤਾਂ...' ਹਨ। ਇਹ ਰਚਨਾ ਉਸ ਦੀ ਪਛਾਣ ਵਜੋਂ ਉਸ ਨਾਲ ਜੁੜ ਗਈ ਹੈ। ਮਹਿੰਦਰ ਸਾਥੀ ਦਾ ਕਿਰਦਾਰ ਸੁੱਚੇ ਨਗ ਵਰਗਾ ਹੈ। ਦੋਗਲਾਪਣ ਉਸ ਨੂੰ ਪਸੰਦ ਨਹੀਂ ਅਤੇ ਦੋਹਰੇ ਕਿਰਦਾਰ ਵਾਲਿਆਂ ਤੋਂ ਉਹ ਸੌ ਹੱਥ ਦੀ ਦੂਰੀ ਬਣਾ ਕੇ ਚੱਲਦਾ ਹੈ।

ਗ਼ਜ਼ਲ ਦੇ ਖੇਤਰ ਵਿਚ ਉਸ ਦਾ ਇਕ ਆਪਣਾ ਸਨਮਾਨਯੋਗ ਮੁਕਾਮ ਹੈ। ਨਵੇਂ ਸਿਖਾਂਦਰੂ ਮੁੰਡੇ ਅੱਜ ਵੀ ਉਸ ਕੋਲ ਗ਼ਜ਼ਲ ਦੇ ਨੁਕਤੇ ਸਿੱਖਣ ਆਉਂਦੇ ਹਨ। ਬਹੁਤ ਸਾਰੇ ਸਮਰੱਥ ਗ਼ਜ਼ਲਕਾਰ ਉਸਦੀ ਸੁਹਬਤ ਦਾ ਆਨੰਦ ਮਾਣਨ ਨੂੰ ਆਪਣੀ ਖ਼ੁਸ਼ਨਸੀਬੀ ਸਮਝਦੇ ਹਨ। ਨਵੇਂ ਸਿੱਖਿਆਰਥੀਆਂ 'ਚੋਂ ਮੁਰੀਦ ਸੰਧੂ, ਰਣਜੀਤ ਸਰਾਂਵਾਲੀ, ਦਲਜੀਤ ਕੁਸ਼ਲ,ਧਾਮੀ ਗਿੱਲ, ਗੁਰਦੀਪ ਲੋਪੋ, ਬੇਲੀ ਬਲਕਰਨ ਅਤੇ ਗੁਰਪ੍ਰੀਤ ਧਰਮਕੋਟ ਵਰਗੇ ਮੁੰਡੇ ਵਧੀਆ ਗ਼ਜ਼ਲ ਕਹਿਣ ਲੱਗੇ ਹਨ। ਇਹ ਸਿੱਖਿਆਰਥੀ ਮੁੰਡੇ ਇਕ ਤਰ੍ਹਾਂ ਨਾਲ ਉਸਦੀ ਜ਼ਿੰਦਗੀ ਨੂੰ ਰਵਾਂ ਰੱਖਣ ਲਈ ਵਸੀਲਾ ਬਣ ਰਹੇ ਹਨ। ਪਾਠਕਾਂ ਦੇ ਲਈ ਪੇਸ਼ ਹਨ ਇਸ ਮੁਲਾਕਾਤ ਦੇ ਕੁੱਝ ਅੰਸ਼-

**• ਸਾਥੀ ਜੀ, ਆਪਣੇ ਜਨਮ, ਬਚਪਨ ਅਤੇ ਮੁੱਢਲੀ ਪੜ੍ਹਾਈ ਬਾਰੇ ਦੱਸੋ?**

ਮੇਰਾ ਜਨਮ ਪਿਤਾ ਇੰਦਰ ਸਿੰਘ ਦੇ ਮਾਤਾ ਹਰਨਾਮ ਕੌਰ ਦੇ ਘਰ 6 ਜੂਨ 1936 ਨੂੰ ਹੋਇਆ। ਘਰ ਦੀ ਆਰਥਿਕ ਹਾਲਤ ਸੁਖਾਵੀਂ ਨਹੀਂ ਸੀ। ਪਿਤਾ ਜੀ ਕਮਾਈ ਕਰਨ ਦੇ ਲਈ ਸਿੰਘਾਪੁਰ ਚਲੇ ਗਏ ਪਰ ਦੂਜੀ ਸੰਸਾਰ ਜੰਗ ਦੀ ਚਪੇਟ ਵਿਚ ਆ ਗਏ। ਕਿੰਨੇ ਸਾਲ ਉਨ੍ਹਾਂ ਦਾ ਕੋਈ ਥਹੁ ਪਤਾ ਨਾ ਲੱਗਿਆ। ਇਸ ਦੌਰਾਨ ਮੈਨੂੰ ਮੇਰੇ ਨਾਨਕੇ ਮੁਕਤਸਰ ਲੈ ਗਏ ਅਤੇ ਮੇਰਾ ਪਾਲਣ ਪੋਸ਼ਣ ਕੀਤਾ। ਵੱਡਾ ਮਾਮਾ ਪੁਲਿਸ ਵਿਚ ਨੌਕਰ ਸੀ ਅਤੇ ਛੋਟਾ ਪ੍ਰਚਾਰਕ। ਮਾਮਾ ਜੀ ਹੁਰਾਂ ਨੇ ਮੈਨੂੰ ਗੁਰਮੁਖੀ ਸਿੱਖਣ ਲਈ ਇਕ ਗੁਰਦੁਆਰੇ ਪੜ੍ਹਨ ਲਾ ਦਿੱਤਾ।

ਦੂਜੀ ਸੰਸਾਰ ਜੰਗ ਦੇ ਖ਼ਾਤਮੇ ਦੇ ਕਈ ਸਾਲ ਬਾਅਦ ਜਪਾਨੀਆਂ ਦੀ ਕੈਦ 'ਚੋਂ ਰਿਹਾਅ ਹੋ ਕੇ ਪਿਤਾ ਜੀ ਘਰ ਵਾਪਿਸ ਆਏ ਤਾਂ ਸਾਰੇ ਟੱਬਰ ਨੇ ਸੁੱਖ ਦਾ ਸਾਹ ਲਿਆ। ਮੈਂ ਵੀ ਵਾਪਸ ਆਪਣੇ ਪਰਿਵਾਰ ਵਿਚ ਆ ਗਿਆ। ਕੁਝ ਕਾਰਨਾਂ ਕਰਕੇ ਪਿਤਾ ਜੀ, ਪਿੰਡ ਛੱਡ ਕੇ ਪਰਿਵਾਰ ਸਮੇਤ ਮੋਗੇ ਰਹਿਣ ਲੱਗੇ ਅਤੇ ਉੱਥੇ ਉਨ੍ਹਾਂ ਨੇ ਟਾਲ 'ਤੇ ਲੱਕੜਾਂ ਅਤੇ ਤੂੜੀ ਵੇਚਣ ਦਾ ਕੰਮ ਸ਼ੁਰੂ ਕਰ ਲਿਆ। ਮੈਨੂੰ ਖ਼ਾਲਸਾ ਸਕੂਲ ਮੋਗਾ ਵਿਖੇ ਪੜ੍ਹਨ ਲਾ ਦਿੱਤਾ। ਸਮੇਂ ਦਾ ਕੁੱਝ ਅਜਿਹਾ ਚੱਕਰ ਚੱਲਿਆ ਕਿ ਪਿਤਾ ਜੀ ਦਾ ਟਾਲ ਅਤੇ ਤੂੜੀ ਦਾ ਕੰਮ ਠੱਪ ਹੋ ਕੇ ਰਹਿ ਗਿਆ। ਆਰਥਿਕ ਤੰਗੀਆਂ ਨਾਲ ਘੁਲਦਿਆਂ ਬੜੀ ਮੁਸ਼ਕਲ ਨਾਲ ਅੱਠਵੀਂ ਪਾਸ ਕੀਤੀ। ਕਦੇ ਕਿਤਾਬਾਂ ਲਈ ਪੈਸੇ ਨਾ ਹੋਣੇ ਅਤੇ ਕਦੇ ਫੀਸ ਦੇਣ ਲਈ ਪੈਸੇ ਨਾ ਹੋਣੇ। ਆਖਰ ਤੰਗ ਆ ਕੇ ਮੈਂ ਨੌਂਵੀਂ ਕਲਾਸ ਵਿਚ ਪੜ੍ਹਾਈ ਛੱਡ ਦਿੱਤੀ ਅਤੇ ਰੁਜ਼ਗਾਰ ਦੀ ਭਾਲ ਕਰਨ ਲੱਗ ਗਿਆ। ਬਾਅਦ ਵਿਚ ਮੈਂ ਬੁਧੀਮਾਨੀ ਕਰ ਕੇ ਗਿਆਨੀ ਕਰ ਲਈ ਅਤੇ ਲਖਨਊ ਯੂਨੀਵਰਸਿਟੀ ਤੋਂ ਉਰਦੂ ਦਾ ਡਿਪਲੋਮਾ ਵੀ ਕੀਤਾ।

**• ਫੇਰ ਰੁਜ਼ਗਾਰ ਦਾ ਮਸਲਾ ਕਿਵੇਂ ਹੱਲ ਹੋਇਆ?**

ਸਕੂਲੋਂ ਹਟ ਰੁਜ਼ਗਾਰ ਦੀ ਭਾਲ ਲਈ ਇੱਧਰ-ਉੱਧਰ ਫਿਰਦਾ ਰਿਹਾ। ਫਿਰ ਟਰੱਕਾਂ ਦੀ ਰਿਪੇਅਰ ਦੀ ਵਰਕਸ਼ਾਪ ਵਿਚ ਕੰਮ ਸਿੱਖਣ ਲੱਗ ਗਿਆ। ਉਸ ਤੋਂ ਬਾਅਦ ਮੋਗਾ ਦੀ ਇਕ ਫੈਕਟਰੀ ਵਿਚ ਕੰਮ ਕਰਨ ਲੱਗਿਆ। ਕੁੱਝ ਸਮੇਂ ਬਾਅਦ ਮੇਰੇ ਵੱਡੇ ਭਰਾ ਨੇ ਕਿਸੇ ਨਾਲ ਰਲ ਕੇ ਇਕ ਬੰਦ ਪਈ ਫੈਕਟਰੀ ਨੂੰ ਚਲਾਉਣ ਦਾ ਠੇਕਾ ਲੈ ਲਿਆ। ਏਥੇ ਨਟ ਬੋਲਟ ਅਤੇ ਪਸ਼ੂਆਂ ਦੀਆਂ ਖੁਰੀਆਂ ਬਣਦੀਆਂ ਸਨ। ਸੋ ਕਾਫ਼ੀ ਸਮਾਂ ਏਥੇ ਟਰਨਰ ਵਜੋਂ ਕੰਮ ਕੀਤਾ। ਇੰਝ ਮੈਂ ਆਪਣੀ ਜ਼ਿੰਦਗੀ ਦੇ ਹੁਸੀਨ ਵਰ੍ਹੇ ਇਨ੍ਹਾਂ ਫੈਕਟਰੀਆਂ ਵਿਚ ਲੋਹੇ ਨਾਲ ਜ਼ੋਰ ਅਜਮਾਈ ਕਰਦਿਆਂ ਲੰਘਾਏ ਹਨ।

**• ਚੜ੍ਹਦੀ ਉਮਰੇ ਲੋਹੇ ਨਾਲ ਲੋਹਾ ਹੀ ਹੁੰਦੇ ਰਹੇ ਕਿ ਕਦੇ ਮਹਿਕਦੇ ਫੁੱਲਾਂ ਬਾਰੇ ਵੀ ਸੋਚਿਆ?**

(ਮੇਰੀ ਮੁਸਕਾਨ ਦਾ ਭੇਤ ਸਮਝਦੇ ਹੋਏ ਹੱਸ ਕੇ) ਓਏ ਆਹੋ ਹਰਵਿੰਦਰ, ਓਹ ਪਲ ਵੀ ਆਏ ਸਨ ਜਿਨ੍ਹਾਂ ਵੱਲ ਤੇਰਾ ਇਸ਼ਾਰਾ ਹੈ। ਇਕ ਕੁੜੀ ਜਿਹਦਾ ਨਾਂ ਸੀ ਕ੍ਰਿਸ਼ਨਾ ਸਾਡੇ ਗਵਾਂਢ ਆਪਣੀ ਕਿਸੇ ਰਿਸ਼ਤੇਦਾਰੀ ਵਿਚ ਵਿਆਹ ਆਈ ਸੀ। ਅੱਖਾਂ ਚਾਰ ਹੋਈਆਂ ਤਾਂ ਉਹ ਮੈਨੂੰ ਦਿਲ ਦੇ ਬੈਠੀ ਅਤੇ ਕਾਫ਼ੀ ਸਮਾਂ ਅਸੀਂ ਇਕ ਦੂਸਰੇ ਨੂੰ ਪਿਆਰ ਭਰੇ ਖ਼ਤ ਲਿਖਦੇ ਰਹੇ। ਆਖਰ ਉਸ ਦੇ ਘਰਦਿਆਂ ਨੂੰ ਪਤਾ ਲੱਗ ਗਿਆ। ਉਸ ਉੱਪਰ ਪਾਬੰਦੀਆਂ ਲੱਗ ਗਈਆਂ। ਮੈਂ ਕੁੱਝ ਨਾ ਕਰ ਸਕਿਆ। ਕੁਝ ਹੀ ਸਮੇਂ ਬਾਅਦ ਉਸਦਾ ਵਿਆਹ ਅਹਿਮਦਾਬਾਦ ਵੱਲ ਹੋ ਗਿਆ। ਬਾਅਦ ਵਿਚ ਕੋਸ਼ਿਸ ਕੀਤੀ ਇਕ ਦੋ ਵਾਰ ਮੁਲਾਕਾਤ ਦੀ ਪਰ ਕਾਮਯਾਬ ਨਾ ਹੋ ਸਕਿਆ। ਸੋ ਯਾਦਾਂ ਹੀ ਰਹਿ ਗਈਆਂ।

**• ਤੁਸੀਂ ਇਨਕਲਾਬੀ ਸ਼ਾਇਰ ਵਜੋਂ ਜਾਣੇ ਜਾਂਦੇ ਹੋ, ਸ਼ਾਇਰੀ ਵੱਲ ਕਿਵੇਂ ਆਏ?**

ਅਸਲ ਵਿਚ ਗੀਤ ਗ਼ਜ਼ਲਾਂ, ਕਿੱਸੇ ਪੜ੍ਹਨ ਦਾ ਸ਼ੌਕ ਮੈਨੂੰ ਬਚਪਨ ਤੋਂ ਹੀ ਸੀ। ਜਦ ਕ੍ਰਿਸ਼ਨਾ ਨਾਲ ਨੇੜਤਾ ਹੋਈ ਤਾਂ ਕੁੱਝ ਲਿਖਣ ਨੂੰ ਦਿਲ ਕੀਤਾ। ਉਸ ਸਮੇਂ ਮੈਂ ਕੁੱਝ ਇਸ਼ਕੀਆ ਕਵਿਤਾਵਾਂ ਲਿਖੀਆਂ ਜੋ ਉਸ ਸਮੇਂ ਛਪਦੇ ਕੁਝ ਮੈਗਜ਼ੀਨਾਂ ਵਿਚ ਛਪੀਆਂ ਵੀ। 1966 ਵਿਚ ਪਹਿਲੀ ਕਵਿਤਾ 'ਨਵੀਂ ਦੁਨੀਆ' ਰਸਾਲੇ ਵਿਚ ਛਪੀ ਸੀ। ਉਸ ਤੋਂ ਬਾਅਦ ਜਿਵੇਂ-ਜਿਵੇਂ ਸੋਝੀ ਆਉਂਦੀ ਗਈ, ਮਨੁੱਖ ਹੱਥੋਂ ਮਨੁੱਖ ਦੀ ਹੋ ਰਹੀ ਲੁੱਟ ਦੀ ਸਮਝ ਆਉਂਦੀ ਗਈ। ਕਿਰਤੀ ਲੋਕਾਂ ਦੇ ਦੁੱਖਾਂ ਦਰਦਾਂ ਦੀ ਸਮਝ ਆਉਣ ਲੱਗੀ। ਇਸ ਸਭ ਵਰਤਾਰੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਬਾਰੇ ਜਾਣਨ ਦਾ ਮੌਕਾ ਮਿਲਿਆ ਤਾਂ ਮੇਰੀ ਕਲਮ ਨੇ ਲੋਕ ਪੱਖੀ ਸਾਹਿਤ ਰਚਣਾ ਸ਼ੁਰੂ ਕਰ ਦਿੱਤਾ।

**• ਤੁਸੀਂ ਕਿਰਤੀ ਲੋਕਾਂ ਦੇ ਹੱਕ ਵਿਚ ਸਾਹਿਤ ਹੀ ਨਹੀਂ ਰਚਿਆ ਸਗੋਂ ਹੱਕਾਂ ਲਈ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਲੜੇ ਵੀ। ਇਹ ਜਜ਼ਬਾ ਕਿਵੇਂ ਪੈਦਾ ਹੋਇਆ?**

ਹਰਵਿੰਦਰ ਮੈਂ ਆਪ ਕਿਰਤੀ ਜਮਾਤ ਵਿੱਚੋਂ ਸੀ। ਸੋ ਇਸ ਜਮਾਤ ਦੇ ਦੁੱਖ ਦਰਦ ਮੇਰੇ ਆਪਣੇ ਸਨ। ਲੋੜ ਸੀ ਕਿਰਤੀ ਭਰਾਵਾਂ ਨੂੰ ਜਾਗਰੂਕ ਕਰਨ ਦੀ। ਫੈਕਟਰੀ ਵਿਚ ਕੰਮ ਕਰਦਿਆਂ, ਬੋਨਸ ਪਿੱਛੇ ਮਾਲਕਾਂ ਨਾਲ ਅਣਬਣ ਹੋ ਗਈ। ਉਹ ਮਜ਼ਦੂਰਾਂ ਨੂੰ ਬੋਨਸ ਦੇਣ ਲਈ ਤਿਆਰ ਨਹੀਂ ਸਨ। ਮੈਂ ਆਪਣੇ ਸਾਥੀ ਮਜ਼ਦੂਰਾਂ ਨੂੰ ਸੰਘਰਸ਼ ਲਈ ਪ੍ਰੇਰਿਆ। ਸਾਡੀ ਅਗਵਾਈ ਨੈਸਲੇ ਦੁੱਧ ਫੈਕਟਰੀ ਦੀ ਮਜ਼ਦੂਰ ਯੂਨੀਅਨ ਨੇ ਕੀਤੀ ਅਤੇ ਅਸੀਂ ਅਣਮਿੱਥੇ ਸਮੇਂ ਲਈ ਹੜਤਾਲ 'ਤੇ ਚਲੇ ਗਏ। ਕਾਫ਼ੀ ਜੱਦੋ-ਜਹਿਦ ਬਾਅਦ ਸੰਘਰਸ਼ ਦੀ ਜਿੱਤ ਹੋਈ ਅਤੇ ਮਜ਼ਦੂਰਾਂ ਨੂੰ ਬੋਨਸ ਦੇ ਦਿੱਤਾ ਗਿਆ। ਇਸ ਤੋਂ ਬਾਅਦ ਭਰਾ ਵਾਲੀ ਫੈਕਟਰੀ ਵਿਚ ਕੰਮ ਕਰਦਿਆਂ ਵੀ ਮਜ਼ਦੂਰ ਵਰਗ ਨਾਲ ਹੁੰਦੀ ਬੇਇਨਸਾਫ਼ੀ ਵਿਰੁੱਧ, ਭਰਾ ਵਿਰੁੱਧ ਸੰਘਰਸ਼ ਛੇੜ ਦਿੱਤਾ ਭਾਵੇਂ ਇਸ ਕਾਰਨ ਮੇਰੀ ਘਰੇਲੂ ਜ਼ਿੰਦਗੀ ਉੱਪਰ ਵੀ ਕਾਫ਼ੀ ਅਸਰ ਪਿਆ। ਆਖ਼ਰ ਇੱਥੇ ਵੀ ਮਾਲਕਾਂ ਨੂੰ ਝੁਕਣਾ ਪਿਆ ਅਤੇ ਮਜ਼ਦੂਰ ਸੰਘਰਸ਼ ਦੀ ਜਿੱਤ ਹੋਈ। ਅਸਲ ਵਿਚ ਵੇਖਿਆ ਜਾਵੇ ਤਾਂ ਮੇਰੀ ਸਾਰੀ ਜ਼ਿੰਦਗੀ ਹੀ ਸੰਘਰਸ਼ ਵਿਚ ਗੁਜ਼ਰੀ ਹੈ।

**• ਨਕਸਲਬਾੜੀ ਲਹਿਰ ਨਾਲ ਕਦੋਂ ਤੇ ਕਿਵੇਂ ਜੁੜੇ?**

ਭਰਾ ਦੇ ਠੇਕੇ ਵਾਲੀ ਫੈਕਟਰੀ ਵਿਚ ਕੰਮ ਕਰਦਿਆਂ ਠਾਣਾ ਸਿੰਘ ਨਾਂ ਦੇ ਦੋ ਬੰਦਿਆਂ ਨਾਲ ਮੇਲ ਹੋਇਆ। ਇਕ ਮਾੜੀ ਮੋਟੀ ਕਵਿਤਾ ਲਿਖ ਲੈਂਦਾ ਸੀ। ਓਸੇ ਨੇ ਹੀ ਮੈਨੂੰ ਮਹਿੰਦਰ ਸਿੰਘ ਤੋਂ ਮਹਿੰਦਰ ਸਾਥੀ ਦਾ ਨਾਂ ਦਿੱਤਾ ਅਤੇ ਉਸੇ ਨੇ ਹੀ ਭਲਾਇਆਣੇ ਵਾਲੇ ਇਨਕਲਾਬੀ ਠਾਣਾ ਸਿੰਘ ਨਾਲ ਜਾਣ ਪਛਾਣ ਕਰਵਾਈ। ਇਨ੍ਹਾਂ ਦਿਨਾਂ ਵਿਚ ਹੀ ਮੇਰੀ ਇਕ ਕਵਿਤਾ 'ਜਨਮ-ਜਨਮ ਦੇ ਸਾਥੀ ਮੇਰੇ' ਇਕ ਰਸਾਲੇ ਵਿਚ ਛਪੀ। ਇਹ ਨਜ਼ਮ ਜਦ ਘੋਲੀਏ ਵਾਲੇ ਗੁਰਦੀਪ ਨੇ ਪੜ੍ਹੀ ਤਾਂ ਬਹੁਤ ਪ੍ਰਭਾਵਿਤ ਹੋਇਆ ਅਤੇ ਮੇਰੇ ਨਾਲ ਸੰਪਰਕ ਸਾਧਿਆ।

ਇਹ ਉਹੀ ਇਨਕਲਾਬੀ ਨੌਜਵਾਨ ਗੁਰਦੀਪ ਘੋਲੀਆ ਸੀ ਜਿਸ ਨੇ ਗੁਰਪਾਲ ਸਿੰਘ ਪਾਲ ਦਾ ਗਾਇਆ ਬਹੁਤ ਮਸ਼ਹੂਰ ਗੀਤ 'ਪਾਲੀ ਪਾਣੀ ਖੂਹ ਤੋਂ ਭਰੇ' ਲਿਖਿਆ ਸੀ। ਇਸ ਤੋਂ ਬਾਅਦ ਮੇਰਾ ਮੇਲ ਬਹੁਤ ਸਾਰੇ ਰੂਪੋਸ਼ ਨਕਸਲਾਈਟਾਂ ਜਿਵੇਂ ਬੰਤ ਰਾਜੇਆਣਾ, ਮਾਣੂਕੇ ਵਾਲਾ ਚਰਨ ਆਦਿ ਨਾਲ ਹੋ ਗਿਆ। ਬਸ ਜ਼ਮੀਨ ਤਾਂ ਪਹਿਲਾਂ ਹੀ ਤਿਆਰ ਸੀ। ਬੀਜ ਦੀ ਲੋੜ ਸੀ ਜੋ ਇਨ੍ਹਾਂ ਇਨਕਲਾਬੀ ਯੋਧਿਆਂ ਦੇ ਮੇਲ ਨੇ ਬੀਜ ਦਿੱਤਾ ਤੇ ਮੈਂ ਲਹਿਰ ਵਿਚ ਕੁੱਦ ਪਿਆ।

**• ਉਦੋਂ ਲਹਿਰ ਦੇ ਨੌਜਵਾਨਾਂ ਪ੍ਰਤੀ ਸਰਕਾਰ ਦਾ ਕੀ ਰਵਈਆ ਸੀ?**

ਬਗ਼ਾਵਤ ਨੂੰ ਖ਼ਤਮ ਕਰਨ ਲਈ ਸਟੇਟ ਹਰ ਹੀਲਾ ਵਰਤਦੀ ਹੈ। ਫੜੇ ਗਏ ਮੁੰਡਿਆਂ 'ਤੇ ਅੰਨ੍ਹੇਵਾਹ ਤਸ਼ੱਦਦ ਹੋਇਆ। ਕਈ ਨਕਸਲੀ ਆਗੂ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰ ਮੁਕਾਏ ਗਏ। ਲਹਿਰ ਨੂੰ ਤੋੜਨ ਲਈ ਸਟੇਟ ਹਰ ਢੰਗ ਵਰਤ ਰਹੀ ਸੀ। ਕਾਰਕੁੰਨਾਂ ਵਿੱਚੋਂ ਹੀ ਚੋਗਾ ਪਾ ਕੇ ਮੁਖ਼ਬਰ ਬਣਾਉਣ ਦੀ ਕੋਸ਼ਿਸ਼ ਕੀਤੀ ਜਾਂਦੀ। ਸੀ. ਆਈ. ਡੀ. ਵੱਲੋਂ ਮੇਰੇ ਤਕ ਵੀ ਪਹੁੰਚ ਕੀਤੀ ਗਈ ਅਤੇ ਮੁਖ਼ਬਰ ਬਣਨ ਲਈ 25000 ਰੁਪਏ ਜੋ ਉਸ ਵਕਤ ਕਾਫ਼ੀ ਮੋਟੀ ਰਕਮ ਹੁੰਦੀ ਸੀ, ਦੀ ਪੇਸ਼ਕਸ਼ ਕੀਤੀ ਗਈ ਪਰ ਮੈਂ ਇਹ ਕਹਿ ਕੇ ਠੁਕਰਾ ਦਿੱਤੀ ਕਿ ਮੈਨੂੰ ਭਾਵੇਂ ਫਾਂਸੀ ਲਾਓ ਜਾਂ ਗੋਲੀ ਮਾਰ ਦਿਓ, ਬਿੰਦ ਝੱਟ ਨੂੰ ਮਾਰਦੇ, ਹੁਣੇ ਮਾਰ ਦਿਓ, ਪਰ ਮੇਰੇ ਕੋਲੋਂ ਗ਼ੱਦਾਰੀ ਦੀ ਆਸ ਨਾ ਰੱਖਿਓ।

**• ਤੁਹਾਨੂੰ ਵੀ ਕਦੇ ਪੁਲਿਸ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ?**

26 ਜਨਵਰੀ,1971 ਨੂੰ ਮੁੰਡਿਆਂ ਨੇ ਅਜੈਬ ਸਿੰਘ ਕੋਕਰੀ ਦਾ ਕਤਲ ਕਰ ਦਿੱਤਾ। ਇਹ ਸਮਝਿਆ ਜਾਂਦਾ ਸੀ ਕਿ ਇਸ ਅਜੈਬ ਸਿੰਘ ਕੋਕਰੀ ਨੇ ਹੀ ਸਾਂਡਰਸ ਕਤਲ ਕਾਂਡ ਵਿਚ ਸਰਦਾਰ ਭਗਤ ਸਿੰਘ ਹੁਰਾਂ ਦੇ ਖ਼ਿਲਾਫ਼ ਗਵਾਹੀ ਦਿੱਤੀ ਸੀ। ਪੁਲਿਸ ਦਾ ਖ਼ਾਸ-ਮ-ਖ਼ਾਸ ਸੀ। ਬਸ ਫੇਰ ਕੀ ਸੀ, ਮੁੰਡਿਆਂ ਦੀ ਫੜੋ ਫੜੀ ਸ਼ੁਰੂ ਹੋ ਗਈ। ਕਮਿਊਨੀਕੇਸ਼ਨ ਦੀ ਘਾਟ ਲਹਿਰ ਦੀ ਮੁੱਢ ਤੋਂ ਹੀ ਕਮਜ਼ੋਰੀ ਬਣੀ ਰਹੀ ਸੀ। ਸਮਝਿਆ ਜਾਂਦਾ ਸੀ ਕਿ ਇਹ ਕਾਂਡ ਬੰਤ ਰਾਜੇਆਣਾ ਅਤੇ ਉਸਦੇ ਸਾਥੀਆਂ ਨੇ ਅੰਜ਼ਾਮ ਦਿੱਤਾ ਸੀ। ਪਰ ਕਾਰਵਾਈ ਤੋਂ ਪਹਿਲਾਂ ਜ਼ਮੀਨੀ ਪੱਧਰ 'ਤੇ ਇਸ ਦੀ ਕੋਈ ਤਿਆਰੀ ਨਹੀਂ ਕੀਤੀ ਗਈ ਸੀ। ਹੇਠਲੇ ਕਾਡਰ ਨੂੰ ਇਸ ਬਾਰੇ ਉੱਕਾ ਹੀ ਨਹੀਂ ਪਤਾ ਸੀ, ਨਹੀਂ ਤਾਂ ਰੂਪੋਸ਼ ਹੋਇਆ ਜਾ ਸਕਦਾ ਸੀ। ਪੁਲਿਸ ਨੇ ਮੁੰਡਿਆਂ ਨੂੰ ਅਚਾਨਕ ਆ ਦਬੋਚਿਆ ਸੀ। ਮੈਂ ਵੀ ਅੜਿੱਕੇ ਆ ਗਿਆ। ਇਕ ਦਿਨ ਮੈਨੂੰ ਹੌਲਦਾਰ ਨੇ ਸਵਾਲ ਕੀਤਾ 'ਥੋੜੇ ਨਾਮ ਨਾਲ 'ਸਾਥੀ' ਤਾਂ ਮੂਹਰੇ ਲੱਗਦਾ ਹੁੰਦਾ। ਤੇਰੇ ਨਾਂ ਨਾਲ ਪਿੱਛੇ ਕਿਵੇਂ?'

ਕੋਲ ਖੜ੍ਹਾ ਥਾਣੇਦਾਰ ਬੋਲਿਆ, 'ਓਏ ਏਹੇ ਕਵਿਤਾ ਕੁਵਤਾ ਲਿਖਦਾ ਹੁੰਦਾ। ਤੇਰੇ ਸਮਝ ਨੀ ਆਉਣਾ, ਛੱਡ ਪਰੇ।ਤੂੰ ਇਹਦੇ ਤਾਉਣੀ ਲਾਉਣ ਦੀ ਤਿਆਰੀ ਕਰ।'

'ਅੱਛਾ, ਗਾਣੇ ਗੂਣੇ ਤਾਂ ਮੈਂ ਵੀ ਲਿਖ ਲੈਨਾ' ਹੌਲਦਾਰ ਮਾੜੇ ਮੋਟੇ ਥਰਡ ਕਲਾਸ ਗਾਣੇ ਲਿਖ ਲੈਂਦਾ ਸੀ।

'ਸੁਣਾਓ ਫਿਰ ਕੁਛ' ਮੈਨੂੰ ਲੱਗਿਆ ਅੱਜ ਦੀ ਕੁੱਟ ਤੋਂ ਬਚ ਜਾਵਾਂਗਾ।

ਫੇਰ ਹੌਲਦਾਰ ਆਪਣੇ ਊਟ ਪਟਾਂਗ ਥਰਡ ਕਲਾਸ ਗਾਣੇ ਸੁਣਾਉਣ ਲੱਗਿਆ। ਮੈਨੂੰ ਛੇਤੀ ਹੀ ਮਹਿਸੂਸ ਹੋ ਗਿਆ ਕਿ ਹੌਲਦਾਰ ਦੇ ਗੀਤ ਸੁਣਨ ਨਾਲੋਂ ਤਾਂ ਕੁੱਟ ਖਾਣੀ ਹੀ ਚੰਗੀ ਸੀ। ਫੇਰ ਇਕ ਦਿਨ ਬੰਤ ਰਾਜਿਆਣੇ ਦੇ ਪੁਲਿਸ ਮੁਕਾਬਲੇ ਵਿਚ ਸ਼ਹੀਦ ਹੋਣ ਦੀ ਖ਼ਬਰ ਆਈ। ਬਾਅਦ ਵਿਚ ਪਤਾ ਲੱਗਿਆ ਕਿ ਉਹ ਫ਼ਿਰੋਜ਼ਪੁਰ ਆਈ ਟੀ ਆਈ ਵਿੱਚੋਂ ਫੜਿਆ ਗਿਆ ਸੀ ਅਤੇ ਪੁਲਿਸ ਨੇ ਉਸ ਨੂੰ ਤਸੀਹੇ ਦੇ-ਦੇ ਕੇ ਮਾਰਿਆ ਸੀ। ਇਹ ਵੀ ਪਤਾ ਲੱਗਿਆ ਕਿ ਉਸ ਨੇ ਆਪਣੇ ਆਖ਼ਰੀ ਮੌਕੇ ਇਨਕਲਾਬ ਜ਼ਿੰਦਾਬਾਦ ਦੇ ਨਾਅਰੇ ਲਗਾਏ ਸਨ। ਉਸ ਦੇ ਸ਼ਹੀਦ ਹੋਣ ਬਾਅਦ ਸਾਡੇ ਉੱਤੇ ਪੁਲਿਸ ਦਾ ਕਹਿਰ ਬੰਦ ਹੋ ਗਿਆ।

ਖ਼ੈਰ ਉਸ ਤੋਂ ਬਾਅਦ ਵੀ ਕਈ ਵਾਰ ਪੁਲਿਸ ਨੇ ਫੜਿਆ ਅਤੇ ਕਈ ਵਾਰ ਛੱਡਿਆ। ਐਮਰਜੈਂਸੀ ਵੇਲੇ ਵੀ ਜੇਲ੍ਹ ਕੱਟੀ ਪਰ ਉਦੋਂ ਕੋਈ ਔਖਿਆਈ ਨਹੀਂ ਆਈ। ਅਸੀਂ ਤਿੰਨ ਜਣੇ ਨਕਸਲੀ ਸੀ ਅਤੇ ਬਾਕੀ ਅਕਾਲੀ ਦਲ ਦੇ ਕਾਰਕੁੰਨ। ਜਥੇਦਾਰ ਤੋਤਾ ਸਿੰਘ ਵੀ ਸਾਡੇ ਨਾਲ ਹੀ ਸੀ। ਅਕਾਲੀਆਂ ਨੂੰ ਮੁਲਾਕਾਤੀਆਂ ਵੱਲੋਂ ਲਿਆਂਦੇ ਗਏ ਕੜਾਹ ਪ੍ਰਸ਼ਾਦ, ਸੇਬ, ਕੇਲਿਆਂ 'ਚੋਂ ਅਸੀਂ ਵੀ ਹਿੱਸਾ ਵੰਡਾਉਂਦੇ ਸਾਂ। ਜੇਲ੍ਹ 'ਚੋਂ ਬਾਹਰ ਆਇਆ ਤਾਂ ਮੇਰਾ ਵਜ਼ਨ ਵੱਧ ਗਿਆ ਸੀ।

**• ਲਹਿਰ ਦੇ ਖਤਮ ਹੋਣ ਦੇ ਕੀ ਕਾਰਨ ਸਨ ਅਤੇ ਬਾਕੀ ਰਹਿੰਦੇ ਆਗੂਆਂ ਦਾ ਕੀ ਬਣਿਆ?**

ਲਹਿਰ ਦੇ ਖ਼ਤਮ ਹੋਣ ਦੇ ਕਈ ਕਾਰਨ ਸਨ। ਇਕ ਤਾਂ ਮੈਂ ਪਹਿਲਾਂ ਹੀ ਜ਼ਿਕਰ ਕੀਤਾ ਹੈ ਕਿ ਉੱਪਰਲੇ ਕਾਡਰ ਤੋਂ ਹੇਠਲੇ ਕਾਡਰ ਤਕ ਕਮਿਊਨੀਕੇਸ਼ਨ ਦੀ ਘਾਟ ਸੀ। ਦੂਸਰਾ ਵੱਡਾ ਕਾਰਨ ਮੈਂ ਲੀਡਰਸ਼ਿਪ ਦੀ ਹਉਮੈ ਨੂੰ ਸਮਝਦਾ ਹਾਂ। ਤੀਸਰਾ, ਸਾਨੂੰ ਸਾਡੇ ਅਸਲ ਨਿਸ਼ਾਨੇ ਬਾਰੇ ਗਿਆਨ ਦਾ ਨਾ ਹੋਣਾ ਸੀ। ਅਸੀਂ ਆਪਣੇ ਅਸਲ ਦੁਸ਼ਮਣ ਤੋਂ ਅਣਜਾਣ ਸਾਂ। ਅਸੀਂ ਤਾਂ ਹੋਮ ਗਾਰਡੀਏ ਅਤੇ ਪੁਲਿਸ ਵਾਲਿਆਂ ਨੂੰ ਹੀ ਆਪਣਾ ਦੁਸ਼ਮਣ ਸਮਝਦੇ ਰਹੇ। ਚੌਥਾ ਲੋਕਾਂ ਵੱਲੋਂ ਸਾਥ ਨਾ ਮਿਲਣਾ ਸੀ। ਲੋਕਾਂ ਨੂੰ ਲਹਿਰ ਨਾਲ ਹਮਦਰਦੀ ਤਾਂ ਸੀ ਪਰ ਉਹ ਖੁੱਲ੍ਹ ਕੇ ਅੱਗੇ ਨਾ ਆ ਸਕੇ। ਜੇ ਕਿਧਰੇ ਅਜਿਹਾ ਹੋ ਜਾਂਦਾ ਤਾਂ ਨਤੀਜੇ ਹੋਰ ਹੁੰਦੇ।

ਜਦ ਲਹਿਰ ਮੱਠੀ ਪਈ, ਕੁੱਝ ਲੀਡਰ ਜੁਗਾੜਬੰਦੀ ਕਰ ਪੱਛਮੀ ਦੇਸ਼ਾਂ ਵਿਚ ਸੈਟਲ ਹੋ ਗਏ। ਲਹਿਰ ਦੀ ਜੁਆਨੀ ਵੇਲੇ ਤੱਤੀਆਂ-ਤੱਤੀਆਂ ਕਵਿਤਾਵਾਂ ਲਿਖਣ ਵਾਲੇ ਕੁੱਝ ਕੁ ਠੰਢੇ ਠਾਰ ਹੋ ਕਾਲਜਾਂ ਯੂਨੀਵਰਸਿਟੀਆਂ 'ਚ ਪੜ੍ਹਾਉਣ ਲੱਗ ਗਏ। ਬਾਕੀ ਬਚੇ ਮੇਰੇ ਅਰਗੇ, ਥੋੜੇ ਸਾਹਮਣੇ ਈ ਆ।।ਮੈਂ ਦੋਗਲਾਪਣ ਬਿਲਕੁੱਲ ਪਸੰਦ ਨਹੀਂ ਕਰਦਾ ਅਤੇ ਨਾ ਹੀ ਕਿਸੇ ਗੱਲੋਂ ਕਦੇ ਡਰਿਆ ਹਾਂ। ਏ. ਕੇ. ਸੰਤਾਲੀਆਂ ਦੇ ਦੌਰ ਦੌਰਾਨ, ਜਦੋਂ ਬਹੁਤੀਆਂ ਕਲਮਾਂ ਡਰ ਕੇ ਖ਼ਾਮੋਸ਼ ਹੋ ਗਈਆਂ ਸਨ, ਮੇਰੀ ਕਲਮ ਮਜ਼ਲੂਮਾਂ ਦੇ ਹੱਕ ਵਿਚ ਓਦੋਂ ਵੀ ਡੱਟੀ ਰਹੀ।

**• ਆਪਣੀਆਂ ਲਿਖਤਾਂ ਅਤੇ ਲਿਖਣ ਪ੍ਰਕਿਰਿਆ ਬਾਰੇ ਦੱਸੋ। ਤੁਹਾਡੀਆਂ ਕਿੰਨੀਆਂ ਕਿਤਾਬਾਂ ਪ੍ਰਕਾਸ਼ਿਤ ਹੋਈਆਂ ਹਨ?**

ਮੈਂ ਨਜ਼ਮ, ਰੁਬਾਈਆਂ ਅਤੇ ਗ਼ਜ਼ਲ ਲਿਖੀ ਹੈ। ਮੈਂ ਸਦਾ ਮਜ਼ਦੂਰ ਅਤੇ ਕਿਰਸਾਨ ਦੀ ਹੁੰਦੀ ਆਰਥਿਕ ਲੁੱਟ ਖਸੁੱਟ, ਧੀਆਂ ਭੈਣਾਂ ਨਾਲ ਨਿੱਤ ਰੋਜ਼ ਹੁੰਦੇ ਬਲਾਤਕਾਰ ਅਤੇ ਹੋਰ ਸਮਾਜਿਕ ਬੁਰਾਈਆਂ ਖ਼ਿਲਾਫ਼ ਲਿਖਿਆ ਹੈ ਅਤੇ ਬਿਨਾਂ ਕਿਸੇ ਡਰ ਤੋਂ ਲਿਖਿਆ ਹੈ। ਮੇਰੀ ਪਹਿਲੀ ਕਾਵਿ ਪੁਸਤਕ 'ਜਲਾਵਤਨ ਰੁੱਤ ਪਰਤੇਗੀ' 1990 ਵਿਚ ਪ੍ਰਕਾਸ਼ਿਤ ਹੋਈ ਸੀ। ਗ਼ਜ਼ਲ ਸੰਗ੍ਰਹਿ 'ਜਦੋਂ ਤਕ ਰਾਤ ਬਾਕੀ ਹੈ' 2012 ਵਿਚ ਅਤੇ ਕਾਵਿ ਸੰਗ੍ਰਹਿ 'ਦੀਪ ਦਰਪਣ' ਪਿੱਛੇ ਜਿਹੇ ਹੀ ਪ੍ਰਕਾਸ਼ਿਤ ਹੋਇਆ ਹੈ। ਇਸ ਤੋਂ ਬਿਨਾਂ ਕੋਈ ਚਾਰ ਪੰਜ ਪੁਸਤਕਾਂ ਦਾ ਮੈਟਰ ਅਣਛਪਿਆ ਪਿਆ ਹੈ। ਲਿਖਣ ਲਈ ਮੇਰੇ ਕੋਲ ਸਮਾਂ ਹੀ ਸਮਾਂ ਹੈ।

**• ਅੱਜ ਦੇ ਸਾਹਿਤਕਾਰ ਨੂੰ ਕੀ ਸੁਨੇਹਾ ਦੇਣਾ ਚਾਹੋਗੇ?**

ਅੱਜ ਦੇ ਸਾਹਿਤਕਾਰ ਨੂੰ ਮੇਰਾ ਇਹੀ ਸੁਨੇਹਾ ਹੈ ਕਿ ਭਾਵੇਂ ਘੱਟ ਲਿਖੋ ਪਰ ਸਾਰਥਿਕ ਲਿਖੋ। ਤੁਹਾਡੀ ਰਚਨਾ ਵਿੱਚੋਂ ਕੋਈ ਸੰਦੇਸ਼ ਮਿਲਦਾ ਹੋਵੇ। ਨਿਰਾ ਮਨੋਰੰਜਨ ਤਕ ਸੀਮਤ ਸਾਹਿਤ, ਸਾਹਿਤ ਨਹੀਂ ਹੁੰਦਾ। ਤੁਹਾਡੇ ਰਚੇ ਸਾਹਿਤ ਨਾਲ ਲੋਕਾਂ ਦਾ ਸਿੱਧੇ ਜਾਂ ਅਸਿੱਧੇ ਢੰਗ ਨਾਲ ਫ਼ਾਇਦਾ ਹੁੰਦਾ ਹੋਵੇ। •

**ਪਰਿਵਾਰਕ ਜ਼ਿੰਦਗੀ ਬਾਰੇ ਦੱਸੋ?**

ਮੈਂ ਤੇ ਮੇਰੀ ਪਤਨੀ ਰਾਮ ਦੁਲਾਰੀ ਏਥੇ ਮੋਗਾ ਵਿਖੇ ਰਹਿੰਦੇ ਹਾਂ। ਇਕ ਬੇਟੀ ਹੈ ਜੋ ਆਰਮੀ ਆਫ਼ਿਸਰ ਹੈ। ਉਸ ਦਾ ਆਪਣਾ ਹੱਸਦਾ ਵੱਸਦਾ ਪਰਿਵਾਰ ਹੈ। ਹੋਰ ਮੇਰੇ ਧੀਆਂ ਪੁੱਤ ਮੇਰੇ ਸ਼ਾਗਿਰਦ ਹਨ ਜੋ ਮੈਨੂੰ ਇਕੱਲੇਪਣ ਦਾ ਅਹਿਸਾਸ ਨਹੀਂ ਹੋਣ ਦਿੰਦੇ।



ਰੂਬਰੂ

*ਅੱਜ ਦੇ ਸਾਹਿਤਕਾਰ ਨੂੰ ਮੇਰਾ ਇਹੀ ਸੁਨੇਹਾ ਹੈ ਕਿ ਭਾਵੇਂ ਘੱਟ ਲਿਖੋ ਪਰ ਸਾਰਥਿਕ ਲਿਖੋ। ਤੁਹਾਡੀ ਰਚਨਾ ਵਿੱਚੋਂ ਕੋਈ ਸੰਦੇਸ਼ ਮਿਲਦਾ ਹੋਵੇ। ਨਿਰਾ ਮਨੋਰੰਜਨ ਤਕ ਸੀਮਤ ਸਾਹਿਤ, ਸਾਹਿਤ ਨਹੀਂ ਹੁੰਦਾ। ਤੁਹਾਡੇ ਰਚੇ ਸਾਹਿਤ ਨਾਲ ਲੋਕਾਂ ਦਾ ਫ਼ਾਇਦਾ ਹੁੰਦਾ ਹੋਵੇ...*

# ਚੁਣੌਤੀਆਂ ਲਈ ਰਹੋ ਤਿਆਰ

*ਦੁਨੀਆ ਦੀ ਭੀੜ ਵਿੱਚੋਂ ਓਹੀ ਇਨਸਾਨ ਅੱਗੇ ਨਿਕਲੇ ਹਨ ਜਿਨ੍ਹਾਂ ਨੇ ਚੁਣੌਤੀਆਂ ਨਾਲ ਮੱਥਾ ਲਾਇਆ ਹੈ। ਇਹ ਚੁਣੌਤੀਆਂ ਅਗਲੇ ਕਿਸੇ ਮੋੜ 'ਤੇ ਫਿਰ ਹਿੱਕ ਤਾਣ ਕੇ ਆਣ ਖੜ੍ਹਦੀਆਂ ਹਨ...*



• ਰਹਪਿੰਦਰ ਸਿੰਘ, 9815428027

ਜ਼ਿੰਦਗੀ ਕਦੇ ਸਿੱਧੀ ਨਹੀਂ ਚੱਲਦੀ ਦੋਸਤੋ। ਇਹ ਲੰਘਦੀ ਵੱਖ-ਵੱਖ ਪੜਾਵਾਂ ਵਿੱਚੋਂ, ਵੱਖ-ਵੱਖ ਪ੍ਰਸਥਿਤੀਆਂ ਵਿੱਚੋਂ। ਜਿਸ ਵਿਚ ਉਤਰਾਅ ਚੜ੍ਹਾਅ ਦਾ ਆਉਣਾ ਸੁਭਾਵਿਕ ਹੀ ਨਹੀਂ ਜ਼ਰੂਰੀ ਵੀ ਹੈ। ਜ਼ਿੰਦਗੀ ਦੀਆਂ ਸੜਕਾਂ 'ਤੇ ਚੁਣੌਤੀਆਂ ਦੇ ਖੱਡੇ ਆਉਣੇ ਲਾਜ਼ਮੀ ਹਨ ਨਹੀਂ ਤਾਂ ਇਹ ਰਾਹੀ ਨੂੰ ਬੇਪਰਵਾਹ ਤੇ ਅਵੇਸਲਾ ਬਣਾ ਦੇਣਗੀਆਂ। ਕੋਈ ਵੀ ਮਨੁੱਖ ਅਜਿਹਾ ਨਹੀਂ ਹੋਇਆ ਜਿਸਦੀ ਜ਼ਿੰਦਗੀ ਵਿਚ ਕੋਈ ਚੁਣੌਤੀ ਨਾ ਆਈ ਹੋਵੇ। ਫ਼ਰਕ ਸਿਰਫ਼ ਐਨਾ ਹੈ ਕਿ ਉਸ ਨੇ ਇਸ ਚੁਣੌਤੀ ਨੂੰ ਸਵੀਕਾਰਿਆ ਹੈ ਜਾਂ ਨਹੀਂ। ਦੁਨੀਆ ਦੀ ਭੀੜ ਵਿੱਚੋਂ ਉਹੀ ਇਨਸਾਨ ਅੱਗੇ ਨਿਕਲੇ ਹਨ ਜਿਨ੍ਹਾਂ ਨੇ ਚੁਣੌਤੀਆਂ ਨਾਲ ਮੱਥਾ ਲਾਇਆ ਹੈ ਤੇ ਉਨ੍ਹਾਂ ਨਾਲ ਦੋ ਹੱਥ ਕੀਤੇ ਹਨ। ਹਾਂ ਕਈ ਵਾਰ ਇਹ ਚੁਣੌਤੀਆਂ ਸਾਨੂੰ ਹਟ ਪਿੱਛੇ ਆਖ ਕੇ ਪਿੱਛੇ ਸੁੱਟ ਦਿੰਦੀਆਂ ਹਨ ਪਰ ਅਗਲੇ ਕਿਸੇ ਮੋੜ 'ਤੇ ਫਿਰ ਹਿੱਕ ਤਾਣ ਕੇ ਆਣ ਖੜ੍ਹਦੀਆਂ ਹਨ। ਇਹ ਅਜਿਹਾ ਵਾਰ ਕਰਦੀਆਂ ਹਨ ਜੋ ਸਾਡੀ ਕਲਪਨਾ ਤੋਂ ਪਰੇ ਹੁੰਦਾ ਹੈ। ਜਿਸ ਨਾਲ ਅਸੀਂ ਧੁਰੋਂ ਟੁੱਟ ਜਾਂਦੇ ਹਾਂ। ਇਕ ਦੁਖਾਂਤ ਦਾ ਕਿੱਲ ਸਾਡੇ ਜ਼ਿਹਨ ਵਿਚ ਆ ਠੁਕਦਾ ਹੈ।

ਕਦੇ ਵੀ ਇਨ੍ਹਾਂ ਚੁਣੌਤੀਆਂ ਵਿਚ ਘਬਰਾਓ ਨਾ। ਇਨ੍ਹਾਂ ਨੂੰ ਖਿੜੇ ਮੱਥੇ ਸਵੀਕਾਰ ਕਰੋ। ਉੱਥੇ ਹੀ ਡਿੱਗ ਕੇ ਸੱਟਾਂ ਦੇ ਰੋਣੇ ਨਾ ਰੋਵੋ। ਇਕ ਨਿੱਕੇ ਜਿਹੇ ਦੁੱਖ ਨੂੰ ਦੁੱਖਾਂ ਦਾ ਪਹਾੜ ਨਾ ਬਣਾਓ। ਇਨ੍ਹਾਂ ਸੱਟਾਂ ਦੇ ਦਰਦ ਨੂੰ ਮਹਿਸੂਸ ਕਰੋ ਤੇ ਇਨ੍ਹਾਂ ਨੂੰ ਮੁੜ ਉੱਠਣ ਦੀ ਸ਼ਕਤੀ ਵਿਚ ਤਬਦੀਲ ਕਰੋ। ਜ਼ਿੰਦਗੀ ਵਿਚ ਆਈਆਂ ਚੁਣੌਤੀਆਂ ਸਾਨੂੰ ਘੜਦੀਆਂ ਹਨ ਸਾਨੂੰ ਤਰਾਸ਼ਦੀਆਂ ਹਨ। ਇਨ੍ਹਾਂ ਨੂੰ ਦੂਣੇ-ਚੌਣੇ ਹੋ ਕੇ ਮਿਲੋ। ਇਹ ਸਾਨੂੰ ਤਿਆਰ ਕਰਦੀਆਂ ਹਨ ਉਸ ਮੰਜ਼ਿਲ ਲਈ, ਜਿਸ ਦੀ ਮਾਲਕੀਅਤ ਅਸੀਂ ਲੈਣਾ ਚਾਹੁੰਦੇ ਹਾਂ। ਇਨ੍ਹਾਂ ਚੁਣੌਤੀਆਂ ਦੀਆਂ ਮੁੱਕੀਆਂ ਸਾਡੇ ਹੌਸਲੇ ਦੇ ਸੀਨੇ ਨੂੰ ਹੋਰ ਮਜ਼ਬੂਤ ਬਣਾਉਂਦੀਆਂ ਹਨ। ਇਹ ਸਾਨੂੰ ਪਰਖਦੀਆਂ ਹਨ ਕਿ ਅਸੀਂ ਸਚਮੁੱਚ ਉਸ ਮੰਜ਼ਿਲ ਦੇ ਕਾਬਿਲ ਹਾਂ? ਜਿਸ ਲਈ ਅਸੀਂ ਇਸ ਨਾਲ ਨਿਰੰਤਰ ਜੂਝ ਰਹੇ ਹਾਂ। ਜ਼ਿੰਦਗੀ ਵਿਚ ਚੁਣੌਤੀਆਂ ਨੂੰ ਪਾਰ ਕਰ ਕੇ ਸਰ ਕੀਤੀਆਂ ਮੰਜ਼ਿਲਾਂ ਨੂੰ ਪਾਉਣ ਦਾ ਸਵਾਦ ਹੀ ਵੱਖਰਾ ਹੈ। ਜਿਸ ਦੀ ਖ਼ੂਹੀ ਵਿੱਚੋਂ ਮਿਹਨਤ, ਸ਼ਹਿਣਸ਼ੀਲਤਾ ਤੇ ਸੱਚਾਈ ਡਲ੍ਹਕਾਂ ਮਾਰਦੀ ਹੈ। ਚੁਣੌਤੀਆਂ ਅੰਤ ਸਾਡਾ ਹੌਸਲਾ ਵੇਖ ਕੇ ਸਾਡੇ ਅੱਗੇ ਸੀਸ ਝੁਕਾ ਦਿੰਦੀਆਂ ਹਨ ਤੇ ਸਾਨੂੰ 'ਜੀ ਆਇਆਂ ਨੂੰ' ਆਖਦੀਆਂ ਹਨ ਉਨ੍ਹਾਂ ਰੁਤਬਿਆਂ ਲਈ ਜਿਨ੍ਹਾਂ ਦੇ ਅਸਲੀ ਹੱਕਦਾਰ ਅਸੀਂ ਖ਼ੁਦ ਹੁੰਦੇ ਹਾਂ। •

# ਉਮੀਦ ਅਤੇ ਵਿਸ਼ਵਾਸ ਸਹਾਰੇ ਚੱਲਦੀ ਹੈ ਜ਼ਿੰਦਗੀ

• ਪ੍ਰੋ. ਧਰਮਜੀਤ ਸਿੰਘ ਮਾਨ
9478460084



ਆਪਣੀ ਤੇਜ਼ ਬੁੱਧੀ ਸਦਕਾ ਇਨਸਾਨ ਨੇ ਜ਼ਿੰਦਗੀ ਦੇ ਹਰ ਇਕ ਗੁੱਝੇ ਭੇਤ ਨੂੰ ਫਰੋਲ ਕੇ ਉਸ ਦੇ ਅੰਦਰ ਦੀ ਸੱਚਾਈ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਹੈ, ਜਿਸ ਵਿਚ ਉਹ ਕਾਫੀ ਹੱਦ ਤਕ ਕਾਮਯਾਬ ਵੀ ਹੋਇਆ ਹੈ। ਪਰ ਭਵਿੱਖ ਨੂੰ ਜਾਣਨ ਦਾ ਭੇਤ ਉਸ ਲਈ ਅਜੇ ਤਕ ਇਕ ਬੁਝਾਰਤ ਬਣਿਆ ਹੋਇਆ ਹੈ। ਬੀਤ ਚੁੱਕੇ ਸਮੇਂ ਦਾ ਤਜਰਬਾ ਅਤੇ ਵਰਤਮਾਨ ਸਮੇਂ ਦੀ ਸੱਚਾਈ ਜ਼ਿੰਦਗੀ ਬਤੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਭਵਿੱਖ ਦੀ ਸਫ਼ਲਤਾ ਉਮੀਦ ਅਤੇ ਵਿਸ਼ਵਾਸ 'ਤੇ ਟਿਕੀ ਹੋਣ ਕਰਕੇ ਇਨਸਾਨ ਹਮੇਸ਼ਾ ਆਸਵੰਦ ਰਹਿੰਦਾ ਹੈ।

ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਜ਼ਿੰਦਗੀ ਪ੍ਰਤੀ ਸਕਾਰਾਤਮਿਕ ਰੱਖਦੇ ਹਨ। ਹਰ ਰੋਜ਼ ਸਵੇਰ ਦਾ ਸੂਰਜ ਇਕ ਨਵੀਂ ਉਮੀਦ ਲੈ ਕੇ ਆਉਂਦਾ ਹੈ। ਪੂਰੇ ਦਿਨ ਦਾ ਥੱਕਿਆ ਟੁੱਟਿਆ ਇਨਸਾਨ ਰਾਤ ਨੂੰ ਮੰਜੇ 'ਤੇ ਪੈ ਕੇ ਪੂਰੇ ਦਿਨ ਦਾ ਜੋੜ ਘਟਾਓ ਕਰਨ ਤੋਂ ਬਾਅਦ ਅਗਲੇ ਦਿਨ ਕੁੱਝ ਚੰਗਾ ਹੋਣ ਦੀ ਉਮੀਦ ਲੈ ਕੇ ਸੌਂ ਜਾਂਦਾ ਹੈ। ਕੁੱਝ ਚੰਗਾ ਹੋਣਾ ਹੈ ਜਾਂ ਨਹੀਂ ਇਹ ਤਾਂ ਉਸ ਪਰਮਾਤਮਾ ਨੂੰ ਪਤਾ ਹੈ ਪਰ ਭਵਿੱਖ ਵਿਚ ਚੰਗਾ ਹੋਣ ਦੀ ਉਮੀਦ ਅਤੇ ਵਿਸ਼ਵਾਸ ਨੇ ਅਗਲੇ ਦਿਨ ਜ਼ਿੰਦਾਦਿਲ ਹੋ ਕੇ ਜਿਊਣ ਦੀ ਆਸ ਜ਼ਰੂਰ ਜਗਾ ਦਿੱਤੀ ਹੈ। ਇਹ ਹੀ ਜ਼ਿੰਦਗੀ ਦੀ ਡੋਰ ਹੈ, ਜੋ ਲਗਾਤਾਰ ਇਸ ਮਨੁੱਖ ਨੂੰ ਚੱਲਦਾ ਅਤੇ ਜਿਉਂਦਾ ਰੱਖਦੀ ਹੈ। ਬੇਆਸ ਮਨ ਜਿੱਥੇ ਸਰੀਰ ਨੂੰ ਨਿਰਜਿੰਦ ਕਰ ਦਿੰਦਾ ਹੈ ਉੱਥੇ ਚੰਗੇ ਨਤੀਜਿਆਂ ਦੇ ਆਉਣ ਦੀ ਉਮੀਦ ਅਤੇ ਵਿਸ਼ਵਾਸ ਇਨਸਾਨ ਨੂੰ ਹਮੇਸ਼ਾ ਅੱਗੇ ਵਧਦੇ ਰਹਿਣ ਦਾ ਸਬਕ ਦਿੰਦੇ ਹਨ।

ਗੰਭੀਰ ਬਿਮਾਰੀ ਦੇ ਸ਼ਿਕਾਰ ਇਕ ਨੌਜਵਾਨ ਨੂੰ ਡਾਕਟਰਾਂ ਨੇ ਇਹ ਕਹਿ ਕੇ ਘਰ ਵਾਪਸ ਮੋੜ ਦਿੱਤਾ ਕਿ ਬਿਮਾਰੀ ਲਾ ਇਲਾਜ ਪੱਧਰ 'ਤੇ ਪਹੁੰਚ ਗਈ ਹੋਣ ਕਰਕੇ ਇਲਾਜ ਕਰਨਾ ਸੰਭਵ ਨਹੀਂ, ਇਸ ਲਈ ਜਿੰਨਾ ਕੁ ਸਮਾਂ ਹੈ ਘਰ ਲਿਜਾ ਕੇ ਸੇਵਾ ਕਰ ਲਈ ਜਾਵੇ। ਥੋੜ੍ਹਾ ਬਹੁਤਾ ਤੁਰਨ ਦੀ ਹਿੰਮਤ ਰੱਖਦੇ ਨੌਜਵਾਨ ਨੇ ਆਪਣੇ ਜ਼ਿੰਦਗੀ ਦੇ ਸਫ਼ਰ ਦਾ ਅੰਤ ਹੁੰਦਾ ਦੇਖ ਕੁਝ ਜ਼ਰੂਰੀ ਕੰਮ ਕਾਰ ਨਿਪਟਾਉਣੇ ਸ਼ੁਰੂ ਕਰ ਦਿੱਤੇ। ਦਿਨ ਗੁਜ਼ਰਦੇ ਗਏ, ਨੌਜਵਾਨ ਆਪਣੀ ਬਿਮਾਰੀ ਦੇ ਦਰਦ ਨੂੰ ਵਿਸਾਰ ਆਪਣੇ ਕੰਮਾਂ ਨੂੰ ਜ਼ਰੂਰਤ ਮੁਤਾਬਿਕ ਨਿਪਟਾਉਂਦਾ ਚਲਿਆ ਗਿਆ। ਡਾਕਟਰਾਂ ਦੁਬਾਰਾ ਦਿੱਤਾ ਗਿਆ ਆਖਰੀ ਵਕਤ ਦਾ ਸਮਾਂ ਵੀ ਲੰਘ ਗਿਆ। ਨੌਜਵਾਨ ਜ਼ਿੰਦਗੀ ਨੂੰ ਹਰ ਰੋਜ਼ ਅਗਲੇ ਦਿਨ ਦੀ ਉਮੀਦ ਅਤੇ ਵਿਸ਼ਵਾਸ ਮੁਤਾਬਕ ਜਿਉਂਦਾ ਰਿਹਾ। ਬੇਸ਼ੱਕ ਬਿਮਾਰੀ ਤਾਂ ਸਰੀਰ ਵਿੱਚੋਂ ਖ਼ਤਮ ਨਹੀਂ ਹੋਈ ਲੇਕਿਨ ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਜ਼ਿੰਦਗੀ ਜਿਊਣ ਦੀ ਸੱਚਾਈ ਨੇ ਨਿਰਜਿੰਦ ਸਰੀਰ ਨੂੰ ਦੁਬਾਰਾ ਸੁਰਜੀਤ ਕਰ ਦਿੱਤਾ। ਇਹ ਉਮੀਦ ਅਤੇ ਵਿਸ਼ਵਾਸ ਦੀ ਤਾਕਤ ਹੈ। ਬੇਆਸ ਮਨੁੱਖ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਮਾਣਨ ਤੋਂ ਅਸਮਰੱਥ ਹੋ ਜਾਂਦਾ ਹੈ। ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਟਿਕੀ ਜ਼ਿੰਦਗੀ ਦੇ ਰਹੱਸ ਨੂੰ ਬੁਝਣਾ ਬੇਸ਼ੱਕ ਨਾ ਮੁਮਕਿਨ ਹੈ ਪਰ ਇਹ ਉਮੀਦ ਹੀ ਹੈ ਜਿਸ ਦੇ ਸਹਾਰੇ ਜ਼ਿੰਦਗੀ ਦਾ ਪੂਰਾ ਆਨੰਦ ਲਿਆ ਜਾ ਸਕਦਾ ਹੈ।

*ਉਮੀਦ ਅਤੇ ਵਿਸ਼ਵਾਸ ਦਾ ਆਪਸ ਵਿਚ ਬਹੁਤ ਕਰੀਬੀ ਰਿਸ਼ਤਾ ਹੈ। ਔਖੇ ਸਮੇਂ ਇਹ ਇਨਸਾਨ ਲਈ ਸੰਜੀਵਨੀ ਦਾ ਕੰਮ ਕਰਦੇ ਹਨ। ਆਸਵੰਦ ਰਵੱਈਆ ਹੌਸਲੇ ਨਾਲ ਜ਼ਿੰਦਗੀ ਜਿਊਣ ਦੀ ਮਿਸਾਲ ਬਣਦਾ ਹੈ...*

ਉਮੀਦ ਅਤੇ ਵਿਸ਼ਵਾਸ ਬਰਕਰਾਰ ਹੈ ਤਾਂ ਮੰਜ਼ਿਲ ਵੱਲ ਕਦਮ ਆਪ ਮੁਹਾਰੇ ਹੀ ਵੱਧਦੇ ਜਾਣਗੇ। ਵੱਡੀਆਂ-ਵੱਡੀਆਂ ਮੁਸੀਬਤਾਂ ਦਾ ਝੰਬਿਆ ਇਨਸਾਨ ਉਮੀਦ ਅਤੇ ਵਿਸ਼ਵਾਸ ਦੇ ਸਹਾਰੇ ਆਪਣੇ ਯਤਨਾਂ ਨੂੰ ਲਗਾਤਾਰ ਜਾਰੀ ਰੱਖਦਾ ਹੈ। ਮੰਜ਼ਿਲ ਮਿਲਣ ਦੀ ਉਮੀਦ ਇਨਸਾਨ ਦੀਆਂ ਥੱਕੀਆਂ ਲੱਤਾਂ ਨੂੰ ਲੰਬਾ ਪੈਂਡਾ ਤੈਅ ਕਰਨ ਦੀ ਤਾਕਤ ਦਿੰਦੀ ਹੈ। ਉਮੀਦ ਤੋਂ ਉਪਜਿਆ ਆਤਮ ਬਲ ਔਖੀਆਂ ਘੜੀਆਂ ਨੂੰ ਵੀ ਸੁਖਾਲਾ ਕਰ ਦਿੰਦਾ ਹੈ। ਜਿਵੇਂ ਬੁੱਝਦੀ ਅੱਗ ਦਾ ਇਕ ਚੰਗਿਆੜਾ ਵੱਡੇ-ਵੱਡੇ ਭਾਂਬੜਾਂ ਦਾ ਕਾਰਨ ਬਣ ਜਾਂਦਾ ਹੈ ਠੀਕ ਉਸੇ ਤਰ੍ਹਾਂ ਦਿਲ ਦੇ ਕਿਸੇ ਖੂੰਜੇ 'ਚ ਪਿਆ ਕੋਈ ਆਸਵੰਦ ਵਿਚਾਰ ਬੁਝੀ ਹੋਈ ਜ਼ਿੰਦਗੀ ਨੂੰ ਦੁਬਾਰਾ ਰੌਸ਼ਨ ਕਰ ਦਿੰਦਾ ਹੈ। ਮੁਸ਼ਕਿਲ ਹਾਲਾਤ ਵਿਚ ਉਮੀਦ ਅਤੇ ਵਿਸ਼ਵਾਸ ਹੀ ਟੁੱਟਦੇ ਹੌਸਲਿਆਂ ਨੂੰ ਥੰਮ੍ਹਦੇ ਹਨ। ਇਹ ਉਮੀਦ ਅਤੇ ਵਿਸ਼ਵਾਸ ਹੀ ਹਨ ਜੋ ਇਨਸਾਨ ਨੂੰ ਜ਼ਿੰਦਗੀ ਦੇ ਵੱਖ-ਵੱਖ ਰਸਤਿਆਂ ਤੋਂ ਵਾਕਫ਼ ਕਰਵਾਉਂਦੇ ਹਨ ਅਤੇ ਰਾਹ ਦਸੇਰਾ ਬਣਦੇ ਹਨ। •

## ਪੁਸਤਕ ਚਰਚਾ

ਪਹਿਲਾ ਨਕਸਲੀ ਪੁਸਤਕ ਬੱਪਾਦਿਤਯਾ ਪਾਲ ਦੁਆਰਾ ਰਚਿਤ ਕਾਨੂੰ ਸਾਨਿਆਲ ਦੀ ਜੀਵਨ ਕਥਾ ਹੈ। ਪੁਸਤਕ 'ਚ ਲੇਖਕ ਨੇ ਸਾਨਿਆਲ ਦੇ ਜੀਵਨ ਬਿਰਤਾਂਤ ਰਾਹੀਂ ਨਕਸਲਵਾਦੀ ਅੰਦੋਲਨ ਦੀ ਵਿਆਖਿਆ ਵੀ ਕੀਤੀ ਹੈ। ਇਹ ਅੰਦੋਲਨ 1967 ਦੀ ਬਸੰਤ ਰੁੱਤ 'ਚ ਪੱਛਮੀ ਬੰਗਾਲ ਦੇ ਪੇਂਡੂ ਇਲਾਕੇ ਨਕਸਲਵਾੜੀ 'ਚ ਇਕ ਕਿਸਾਨ ਵਿਦਰੋਹ ਦੇ ਰੂਪ 'ਚ ਸ਼ੁਰੂ ਹੋਇਆ। ਇਸ ਅੰਦੋਲਨ ਨੂੰ ਸਰਕਾਰ ਹਮੇਸ਼ਾ ਹੀ ਲੋਕਤੰਤਰ ਨੂੰ ਖ਼ਤਰੇ ਦੇ ਰੂਪ 'ਚ ਦੇਖਦੀ ਰਹੀ। ਲੇਖਕ ਨੇ ਪੁਸਤਕ ਨੂੰ ਉੱਨੀ ਅਧਿਆਇਆਂ 'ਚ ਵੰਡ ਕੇ ਪਾਠਕਾਂ ਦੇ ਸਨਮੁਖ ਕੀਤਾ ਹੈ। ਪੁਸਤਕ ਦੇ ਅੰਤਲੇ ਪੰਨਿਆਂ 'ਤੇ ਕੁਝ ਇਤਿਹਾਸਕ ਦਸਤਾਵੇਜ਼ ਅਤੇ ਖ਼ਬਰਾਂ ਦੀਆਂ ਕਾਤਰਾਂ, ਪੁਸਤਕ 'ਚ ਆਏ ਔਖੇ ਸ਼ਬਦਾਂ ਦੇ ਅਰਥ, ਕਾਨੂੰ ਸਾਨਿਆਲ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਅਤੇ ਸੰਦਰਭ ਗ੍ਰੰਥ ਸੂਚੀ ਪ੍ਰਕਾਸ਼ਤ ਕੀਤੀ ਗਈ ਹੈ। ਪੁਸਤਕ ਦੇ ਅਧਿਐਨ ਤੋਂ ਬਾਅਦ ਇੰਜ ਲੱਗਦਾ ਹੈ ਕਿ ਸਾਨਿਆਲ ਦੀ ਜੀਵਨ ਕਥਾ ਉਸ ਦੇ ਕੀਤੇ ਕੰਮਾਂ ਨਾਲ ਇੰਨੀ ਇਕ-ਮਿਕ ਹੋ ਗਈ ਜਾਪਦੀ ਹੈ ਕਿ ਨਕਸਲਵਾਦੀ ਅੰਦੋਲਨ ਅਤੇ ਸਾਨਿਆਲ ਦੇ ਜੀਵਨ ਨੂੰ ਵੱਖੋ-ਵੱਖ ਕਰਨਾ ਬਹੁਤ ਔਖਾ ਜਾਪਦਾ ਹੈ।

ਪੁਸਤਕ ਦਾ ਮੂਲ ਲੇਖਕ ਦੱਸਦਾ ਹੈ, ਕਾਨੂੰ ਸਾਨਿਆਲ ਦੀ ਕਹਾਣੀ ਅਜਿਹੀ ਦੁਰਲਭ ਕਹਾਣੀ ਹੈ ਜਿਸ ਨੂੰ ਪੜ੍ਹਨਾ ਯਾਨੀ ਨਕਸਲੀ ਅੰਦੋਲਨ ਦੇ ਇਤਿਹਾਸ ਨੂੰ, ਜਿਸ ਨੂੰ ਭਾਰਤੀ ਸੰਸਥਾਵਾਂ ਨੇ ਦੇਸ਼ ਦੀ ਅੰਦੂਰਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ ਮੰਨਿਆ ਹੈ, ਫਿਰ ਤੋਂ ਅਨੁਭਵ ਕਰਨਾ ਹੈ। ਪੁਸਤਕ ਕਾਨੂੰ ਸਾਨਿਆਲ ਦੇ ਬਚਪਨ ਤੋਂ ਲੈ ਕੇ ਨਕਸਲਬਾੜੀ ਦੇ ਦਿਨਾਂ ਅਤੇ ਉਸ ਤੋਂ ਵੀ ਅੱਗੇ ਦੀ ਕਹਾਣੀ ਬਿਆਨ ਕਰਦੀ ਹੈ। ਕਮਿਊਨਿਸਟ ਵਿਦਰੋਹ ਦੇ ਰੂਪ 'ਚ ਸਾਨਿਆਲ ਦੀ ਕ੍ਰਮਗਤ ਵਿਕਾਸ ਤੇ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ ਅਤੇ ਨਕਸਲ ਅੰਦੋਲਨ ਦੀ ਪਿੱਠਭੂਮੀ ਦੀ ਪ੍ਰਸੰਗਿਕਤਾ ਦੇ ਨਾਲ-ਨਾਲ ਉਸ ਦੇ ਵਿਭਿੰਨ ਚਰਣਾਂ 'ਤੇ ਰੋਸ਼ਨੀ ਪਾਉਂਦੀ ਹੈ। ਪੁਸਤਕ ਨੂੰ ਅਨੁਵਾਦ ਕਰਦਿਆਂ ਨਿਰਮਲਜੀਤ ਨੇ ਮੂਲ ਪਾਠ ਨੂੰ ਬਹੁਤ ਸੰਜੀਦਗੀ ਨਾਲ ਅਨੁਵਾਦਿਆ ਹੈ। ਉਸ ਦਾ ਕੰਮ ਸ਼ਲਾਘਾਯੋਗ ਹੈ। ਸੋ ਹੱਥਲੀ ਪੁਸਤਕ 'ਪਹਿਲਾ ਨਕਸਲੀ..' ਦੇ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੁਸਤਕ ਨਿਸ਼ਚੇ ਹੀ ਕਾਨੂੰ ਸਾਨਿਆਲ ਅਤੇ ਨਕਸਲਬਾੜੀ ਲਹਿਰ ਦੇ ਵਿਕਾਸ ਅਤੇ ਨਿਘਾਰ ਬਾਰੇ ਅਹਿਮ ਦਸਤਾਵੇਜ਼ ਹੈ। ਪੁਸਤਕ ਨੂੰ ਅਣਗੌਲਿਆ ਕਰਨਾ ਸਮਝਦਾਰੀ ਨਹੀਂ ਹੋਵੇਗੀ।





• ਜਸਵਿੰਦਰ ਦੂਹੜਾ

| | | | |
|---|---|---|---|
| ਪੁਸਤਕ | ਪਹਿਲਾ ਨਕਸਲੀ (ਜੀਵਨੀ | ਪੰਨੇ | 281 |
| ਲੇਖਕ | ਬੱਪਾਦਿਤਯਾ ਪਾਲ , 98787-64729 | ਅਨੁਵਾਦਕ | ਨਿਰਮਲਜੀਤ |
| ਪ੍ਰਕਾਸ਼ਕ | ਲੋਕਗੀਤ ਪ੍ਰਕਾਸ਼ਨ , ਚੰਡੀਗੜ੍ਹ। | ਮੁੱਲ | 300/- |

'ਸ਼ਬਦ ਸੂਰਮੇ ਚਾਨਣ ਦੇ ਵਣਜਾਰੇ' ਦਰਜਨਾਂ ਪੁਸਤਕਾਂ ਦੇ ਲੇਖਕ ਡਾ. ਅਮਰ ਕੋਮਲ ਦੁਆਰਾ ਲਿਖੀ ਅਤੇ ਡਾ. ਬਲਦੇਵ ਸਿੰਘ ਬੱਦਨ ਦੁਆਰਾ ਸੰਪਾਦਿਤ ਕੀਤੀ ਪੁਸਤਕ ਹੈ ਜਿਸ ਵਿਚ ਡਾ. ਅਮਰ ਕੋਮਲ ਦੁਆਰਾ ਸਾਹਿਤਕ ਖੇਤਰ ਦੀਆਂ 37 ਪ੍ਰਸਿੱਧ ਹਸਤੀਆਂ ਦੇ ਕਾਵਿ ਰੇਖਾ ਚਿੱਤਰ ਸਿਰਜੇ ਗਏ ਹਨ। ਡਾ. ਕੋਮਲ ਕਿਉਂਕਿ ਬਹੁਪੱਖੀ ਲੇਖਕ ਹੈ ਇਸ ਕਰਕੇ ਉਸ ਦੀ ਇਨ੍ਹਾਂ ਕਲਮਕਾਰਾਂ ਨਾਲ ਨਿੱਜੀ ਤੌਰ 'ਤੇ ਕਿਸੇ ਨਾ ਕਿਸੇ ਰੂਪ ਵਿਚ ਸਾਂਝ ਜ਼ਰੂਰ ਹੋਵੇਗੀ ਇਸੇ ਕਰਕੇ ਹੀ ਉਨ੍ਹਾਂ ਦੀ ਸ਼ਖ਼ਸੀਅਤ ਬਾਰੇ ਡਾ. ਕੋਮਲ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਰਗੀ ਜਾਣਕਾਰੀ ਕਵਿਤਾ ਦੇ ਰੂਪ ਵਿਚ ਪਾਠਕਾਂ ਦੇ ਸਨਮੁੱਖ ਕੀਤੀ ਹੈ। ਇਹ ਜਾਣਕਾਰੀ ਵੀ ਕੋਈ ਓਪਰੀ ਕਿਸਮ ਦੀ ਨਹੀਂ ਸਗੋਂ ਕਿਸੇ ਵੀ ਸ਼ਖ਼ਸੀਅਤ ਬਾਰੇ ਲਿਖਦਿਆਂ ਲੇਖਕ ਨੇ ਉਸ ਦੀ ਸ਼ਖ਼ਸੀਅਤ ਦੇ ਬਹੁਤ ਸਾਰੇ ਪੱਖਾਂ ਨੂੰ ਘੋਖ ਵਿਚਾਰ ਕੇ ਕਾਵਿਕ ਰੂਪ ਦਿੱਤਾ ਹੈ। ਹਰੇਕ ਲੇਖਕ ਦੇ ਨਾਂ ਨਾਲ ਕੋਈ ਨਾ ਕੋਈ ਸਾਹਿਤਕ ਵਿਸ਼ੇਸ਼ਣ ਵੀ ਲਗਾਇਆ ਗਿਆ ਹੈ ਜਿਵੇਂ ਸ੍ਰੀਮਤੀ ਕੈਲਾਸ਼ਪੁਰੀ (ਰਸ ਭਿੰਨੀ ਖ਼ੁਸ਼ਬੋ), ਜਗਦੇਵ ਸਿੰਘ ਜੱਸੋਵਾਲ (ਸੱਭਿਆਚਾਰ ਦਾ ਸਰਚਸ਼ਮਾ), ਸੁਖਦੇਵ ਮਾਦਪੁਰੀ (ਮਹਿਕ ਪੰਜਾਬ ਦੀ), ਡਾ. ਆਤਮ ਹਮਰਾਹੀ (ਜ਼ਹੀਨ ਪ੍ਰਤਿਭਾ ਦਾ ਬੁਲਾਰਾ), ਮੋਹਨ ਭੰਡਾਰੀ (ਮੂਨ ਦੀ ਅੱਖ), ਜਸਬੀਰ ਭੁੱਲਰ (ਕਲਮ ਦਾ ਕਿਰਤੀ), ਸੁਲੱਖਣ ਮੀਤ (ਖ਼ਾਮੋਸ਼ ਮੁਹੱਬਤ), ਮਨਮੋਹਨ ਸਿੰਘ ਦਾਊ (ਸਾਹਿਤ ਦਾ ਚੌਮੁਖੀਆ) ਪਰਮਜੀਤ ਕੌਰ ਸਰਹਿੰਦ (ਸਾਹਿਤ ਦੀ ਮਕਰੰਦੀ ਆਭਾ), ਵਰਿੰਦਰ ਵਾਲੀਆ (ਹਰ ਸੰਗ ਟੁਰਦਾ ਪਰਛਾਵਾਂ) ਇਸ ਤੋਂ ਇਲਾਵਾ ਬਾਕੀ ਸਾਹਿਤਕਾਰਾਂ ਦੇ ਨਾਂ ਨਾਲ ਵੀ ਉਪਮਾਮਈ ਸ਼ਬਦ ਲਾ ਕੇ ਉਨ੍ਹਾਂ ਦੀ ਸ਼ਖ਼ਸੀਅਤ ਦੇ ਰੂ-ਬ-ਰੂ ਸਿਰਲੇਖ ਦੇ ਰੂਪ ਵਿਚ ਹੀ ਪਾਠਕਾਂ ਨੂੰ ਲੇਖਕ ਨੇ ਸਹਿਜ ਰੂਪ ਵਿਚ ਹੀ ਕਰ ਦਿੱਤਾ ਹੈ।

ਕਾਵਿ-ਰੇਖਾ ਚਿੱਤਰ ਉਲੀਕਦਿਆਂ ਹਰੇਕ ਰੇਖਾ ਚਿੱਤਰ ਦੇ ਨਵੇਂ ਪੈਰ੍ਹੇ ਵਿਚ ਸਬੰਧਿਤ ਸ਼ਖ਼ਸੀਅਤ ਦਾ ਨਾਂ ਦੇ ਕੇ ਫਿਰ ਉਸ ਦੇ ਕਿਸੇ ਵਿਲੱਖਣ ਗੁਣ ਜਾਂ ਪ੍ਰਾਪਤੀ ਨੂੰ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ। ਇੰਨੀਆਂ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦੇਣ ਲਈ ਲੇਖਕ ਤੇ ਸੰਪਾਦਕ ਵਧਾਈ ਦੇ ਪਾਤਰ ਹਨ।





• ਡਾ. ਸਰਦੂਲ ਸਿੰਘ ਔਜਲਾ

| | | | |
|---|---|---|---|
| ਪੁਸਤਕ | ਸ਼ਬਦ ਸੂਰਮੇ ਚਾਨਣ ਦੇ ਵਣਜਾਰੇ (ਸ਼ਬਦ ਚਿੱਤਰ) | ਪੰਨੇ | 174 |
| ਲੇਖਕ | ਡਾ. ਅਮਰ ਕੋਮਲ | ਸੰਪਾਦਕ | ਡਾ. ਬਲਦੇਵ ਸਿੰਘ ਬੱਦਨ |
| ਪ੍ਰਕਾਸ਼ਕ | ਲਕਸ਼ਯ ਪਬਲੀਕੇਸ਼ਨਜ਼, ਦਿੱਲੀ। | ਮੁੱਲ | 250/- |

ਹਰਿਆਣਾ ਦੀ ਚਰਚਿਤ ਕਵਿੱਤਰੀ ਅਰਕਮਲ ਕੌਰ ਲੰਬੇ ਸਮੇਂ ਤੋਂ ਕਵਿਤਾ ਦੇ ਅੰਗ-ਸੰਗ ਵਿਚਰ ਰਹੀ ਹੈ। ਚਿਰ ਹੋਇਆ ਉਸਦੀਆਂ ਕਵਿਤਾਵਾਂ ਤੇ ਕਵਿਤਾ ਦੀ ਕਿਤਾਬ ਪਹਿਲਾਂ ਵੀ ਪੜ੍ਹਨ ਦਾ ਅਵਸਰ ਮਿਲਿਆ ਸੀ। ਇਹ ਪੁਸਤਕ ਉਸਦੀ ਕਵਿਤਾ ਦਾ ਅਗਲਾ ਪੜ੍ਹਾਅ ਹੈ, ਜਿਸ ਵਿਚ ਉਸ ਦੀਆਂ ਢੇਰ ਸਾਰੀਆਂ ਕਵਿਤਾਵਾਂ ਸ਼ਾਮਿਲ ਹਨ। ਉਸ ਦੀ ਵਿਭਿੰਨ ਵਿਸ਼ਿਆਂ ਤੇ ਪਕੜ ਹੈ। ਕਵਿਤਾ ਕਹਿਣ ਦਾ ਉਸ ਦਾ ਆਪਣਾ ਅੰਦਾਜ਼ ਹੈ। ਕੋਈ ਵੀ ਕਵੀ ਜਾਂ ਸਾਹਿਤਕਾਰ ਜੇ ਆਪਣੀਆਂ ਰਚਨਾਵਾਂ ਵਿਚ ਮੌਲਿਕਤਾ ਬਰਕਰਾਰ ਰੱਖਦਾ ਹੈ ਤਾਂ ਉਸ ਨੂੰ ਪਹਿਲੀ ਪੱਧਰ 'ਤੇ ਹੀ ਕੁਝ ਨੰਬਰ ਦੇਣੇ ਬਣ ਜਾਂਦੇ ਹਨ। ਸਫ਼ਾ ਇਕਤਾਲੀ 'ਤੇ ਉਸ ਦੀ ਇਕ ਕਵਿਤਾ ਨੂੰ ਉਦਾਹਰਣ ਵਜੋਂ ਲੈਂਦੇ ਹਾਂ-ਮੈਂ ਕੁਝ ਭਾਲਦੀ ਰਹਿੰਦੀ ਹਾਂ।

ਕਵਿਤਾ ਉਸ ਲਈ ਜੀਉਣ ਦਾ ਇਕ ਸਾਧਨ ਵੀ ਹੈ ਤੇ ਕਿਸੇ ਸੂਹੀ ਸਵੇਰ ਦੀ ਆਸ ਦਾ ਪ੍ਰਤੀਕ ਵੀ--ਕਵਿਤਾ ਲਈ ਤੜਫ ਤੇ ਇਸ ਨੂੰ ਨਿਭਾਉਣ ਦੇ ਆਹਰ ਵਿਚ ਉਹ ਨਿਰੰਤਰ ਕਵਿਤੀ ਕਹਿੰਦੀ ਤੁਰੀ ਜਾਂਦੀ ਹੈ--ਸੋਚਦੀ ਹੈ, ਰੁਕਦੀ ਵੀ ਹੈ ਪਰ ਕਵਿਤਾ ਦਾ ਵਹਾਅ ਉਸ ਦੇ ਰਸਤੇ ਦੀ ਰੁਕਾਵਟ ਨਹੀਂ ਬਣਦਾ। ਉਸ ਅੰਦਰ ਕਵਿਤਾਵਾਂ ਦਾ ਖ਼ਜ਼ਾਨਾ ਹੈ। ਹਵਾ ਵਾਂਗ ਸ਼ੂਕਦੀ ਉਹ ਪੂਰਣ ਆਜ਼ਾਦੀ ਨਾਲ ਆਸਮਾਨ ਦੇ ਤਾਰਿਆਂ ਨੂੰ ਛੂਹਣ ਦੀ ਕੋਸ਼ਿਸ਼ ਵਿਚ ਰਹਿੰਦੀ ਹੈ। ਹਰ ਇਕ ਸਿਰਜਣਹਾਰ ਆਪਣੀਆਂ ਰਚਨਾਵਾਂ ਦਾ ਪਹਿਲਾ ਪੜਚੋਲਕ ਹੁੰਦਾ ਹੈ ਤੇ ਕੋਈ ਵੀ ਨਿਰਣਾ ਉਸੇ ਦੇ ਹੱਥ-ਵੱਸ ਹੁੰਦਾ ਹੈ। ਲੇਕਿਨ ਜਦੋਂ ਪਾਠਕ ਕੋਲ ਰਚਨਾ ਅੱਪੜ ਜਾਂਦੀ ਹੈ, ਤਾਂ ਕਵੀ ਜਾਂ ਰਚਨਕਾਰ ਖਾਰਿਜ ਹੋ ਜਾਂਦਾ ਹੈ। ਹੁਣ ਅਰਕਮਲ ਦੀਆਂ ਕਵਿਤਾਵਾਂ ਪਾਠਕ ਦੀਆਂ ਹਨ।

ਪਾਠਕ ਆਪੋ ਆਪਣੀ ਸੋਚ ਤੇ ਉਮੰਗ ਅਨੁਸਾਰ ਇਨ੍ਹਾਂ ਦਾ ਪਾਠ ਕਰ ਸਕਦਾ ਹੈ। ਗਿੱਲਾ ਮੁੱਢ, ਟੁੱਟੀ ਤਾਣੀ, ਸੂਹੀ ਸਵੇਰ, ਖੂਹ, ਉਮਰ ਕੈਦ, ਦਸਤੂਰ, ਗੂੰਜ, ਪਿੰਜਰਾ, ਘੁੰਮਣਘੇਰੀ, ਲੁੱਡੋ, ਮੂਕ ਸਵਾਲ, ਸਤਰੰਜ, ਚਿਰਾਗ਼ਾਂ ਕੋਲ, ਦੌੜ-ਸਾਰੀਆਂ ਹੀ ਕਵਿਤਾਵਾਂ ਪਾਠਕ ਧਿਆਨ ਨਾਲ ਤਾਂ ਪੜ੍ਹੇਗਾ ਹੀ, ਪ੍ਰੰਤੂ ਆਲੋਚਕ ਆਪਣੇ ਹਿਸਾਬ ਨਾਲ ਇਨ੍ਹਾਂ ਦੀ ਪਰਖ-ਪੜਚੋਲ ਕਰੇਗਾ। ਭਵਿੱਖ 'ਚ ਅਰਕਮਲ ਕੌਰ ਤੋਂ ਬਹੁਤ ਉਮੀਦਾਂ ਹਨ।





| | | | |
|---|---|---|---|
| ਪੁਸਤਕ | ਸੂਹੀ ਸਵੇਰ (ਕਵਿਤਾ) | ਪੰਨੇ | 264 |
| ਲੇਖਿਕਾ | ਅਰਕਮਲ ਕੌਰ | ਮੁੱਲ | 300/- |
| ਪ੍ਰਕਾਸ਼ਕ | ਹਰਿਆਣਾ ਪੰਜਾਬੀ ਸਾਹਿਤ ਅਕਾਦਮੀ, ਪੰਚਕੂਲਾ। | | |

ਜਿਵੇਂ ਕਿ ਕਿਤਾਬ ਦੇ ਟਾਈਟਲ ਤੋਂ ਹੀ ਜ਼ਾਹਿਰ ਹੈ ਕਿ ਇਹ ਕਹਾਣੀਕਾਰ ਦੀਆਂ ਕਹਾਣੀਆਂ ਦੀ ਸਮੀਖਿਆ ਵਜੋਂ ਹੋਂਦ ਵਿਚ ਆਈ ਪੁਸਤਕ ਹੈ। ਵਿਦਵਾਨ ਲੇਖਿਕਾ ਨੇ ਆਪਣੀ ਲਗਨ ਤੇ ਮਿਹਨਤ ਨਾਲ ਨਵੇਂ, ਪੁਰਾਣੇ ਆਲੋਚਕਾਂ ਤੋਂ ਡਾ. ਨੜਾਲਾ ਦੀਆਂ ਕਹਾਣੀਆਂ ਦੇ ਸੰਦਰਭ ਵਿਚ ਲੇਖ ਲਿਖਵਾ ਕੇ ਇਸ ਨੂੰ ਸੰਪਾਦਤ ਕੀਤਾ ਹ। ਜਿੱਥੇ ਕਿਸੇ ਰਚਨਾਕਾਰ ਦੀਆਂ ਰਚਨਾਵਾਂ ਦਾ ਮੁੱਲ ਪਾਠਕਾਂ ਨੇ ਮੋੜਣਾ ਹੁੰਦਾ ਹੈ ਉੱਥੇ ਆਲੋਚਕਾਂ ਦੀ ਭੂਮਿਕਾ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ।

ਡਾ. ਵੀਰਪਾਲ ਕੌਰ ਦੇ ਨਿਬੰਧ ਦੇ ਕੁਝ ਵੇਰਵੇ ਪਾਠਕ ਦਾ ਧਿਆਨ ਮੰਗਦੇ ਹਨ, ਉਹ ਕਹਾਣੀਕਾਰ ਦੀ ਇਕ ਕਹਾਣੀ ਦਾ ਜ਼ਿਕਰ ਕਰਦਿਆਂ ਦੱਸਦੀ ਹੈ ਕਿ ਕਹਾਣੀ ਦਾ ਕੇਂਦਰੀ ਪਾਤਰ ਜ਼ਿੰਦਗੀ-ਮੌਤ ਦੀ ਲੜਾਈ ਲੜਦਾ ਕਿੰਜ ਹਿੰਦੂ, ਮੁਸਲਮਾਨ ਅਤੇ ਸਿੱਖ ਲੋਕਾਂ ਤੋਂ ਪਿਆਰ ਤੇ ਨਫ਼ਰਤ, ਮੋਹ ਅਤੇ ਕਪਟ ਦੇ ਭਾਵਾਂ ਨਾਲ ਦੋ-ਚਾਰ ਹੁੰਦਾ ਹੈ। ਉਹ ਕਹਾਣੀ ਦੇ ਇਕ ਡਾਇਲਾਗ ਨਾਲ ਵੀ ਪਾਠਕਾਂ ਦੀ ਸਾਂਝ ਪੁਆਉਂਦੀ ਹੈ—ਮੈਂ ਦਾੜ੍ਹੀ ਕੇਸ ਰੱਖ ਕੇ ਸਿੰਘ ਵੇਸ ਵਿਚ ਆ ਗਿਆ ਸਾਂ। ਸਿਰ 'ਤੇ ਪਰਨਾ ਬੰਨ੍ਹਦਾ, ਭਾਵੇਂ ਲੋਕ ਮੈਨੂੰ ਪੰਡਿਤ ਹੀ ਸੱਦਦੇ। ਅਸੀ ਬਹੁਤਿਆਂ ਨੇ ਬੇਸ਼ੱਕ ਸੰਤਾਲੀ ਦੀ ਤ੍ਰਾਸਦੀ ਤਾਂ ਅੱਖੀ ਨਹੀਂ ਦੇਖੀ ਪਰ ਪੜ੍ਹੀ ਸੁਣੀ ਜ਼ਰੂਰ ਹੈ, ਪ੍ਰੰਤੂ ਪੰਜਾਬ ਦਾ ਕਾਲਾ ਦੌਰ ਤੇ ਦਿੱਲੀ ਦੇ ਕਤਲੇਆਮ ਨੂੰ ਤਾਂ ਅਸੀ ਆਪਣੇ ਤਨਾਂ-ਮਨਾਂ 'ਤੇ ਹੰਢਾਇਆ ਹੈ। ਇਕ ਕਥਾਕਾਰ ਸੁਚੇਤ ਤੇ ਅਚੇਤ ਪੱਧਰ 'ਤੇ ਸੁਣੀਆਂ, ਦੇਖੀਆਂ ਜਾਂ ਮਾਨਸਿਕ ਰੂਪ ਵਿਚ ਹੰਢਾਈਆਂ ਕਹਾਣੀਆਂ ਦੀ ਟੀਸ ਤੇ ਦਰਦ ਨੂੰ ਪ੍ਰਸਤੁਤ ਕਰਦਾ ਹੈ। ਪ੍ਰੋ. ਕੁਲਵੰਤ ਸਿੰਘ ਔਜਲਾ ਆਪਣੇ ਲਘੂ ਨਿਬੰਧ ਵਿਚ ਕਥਾਕਾਰ ਦੀਆਂ ਕਹਾਣੀਆਂ ਦੀ ਮਾਨਵੀ ਸੰਵੇਦਨਾ ਸੰਗ ਧੜਕਦੀ ਜ਼ਿੰਦਗੀ ਦੇ ਰੰਗ ਨੂੰ ਆਪਣੀ ਸਮੀਖਿਆ ਦਾ ਆਧਾਰ ਬਣਾਉਂਦਿਆਂ ਆਪਣੀ ਗੱਲ ਕਰਦਾ ਹੈ। ਪੁਸਤਕ ਦੀ ਪਹਿਲੀ ਕਹਾਣੀ ਚੱਕਰਵਿਊ ਪਤੀ ਪਤਨੀ ਦੇ ਝਗੜੇ ਦੇ ਮਾਧਿਅਮ ਨਾਲ ਮਾਨਵੀ ਰਿਸ਼ਤਿਆਂ ਦੀ ਵੇਦਨਾ ਤੇ ਵਿਸੰਗਤੀ ਨੂੰ ਭਾਵਨਾ ਤੇ ਭਾਵਸ਼ਾਲੀ ਨਜ਼ਰੀਏ ਤੋਂ ਚਿਤਰਦੀ ਹੈ। ਸਾਰੇ ਹੀ ਆਲੋਚਕਾਂ ਨੇ ਬਰਾਬਰ ਮਿਹਨਤ ਕੀਤੀ ਹੈ ਤੇ ਕਹਾਣੀਕਾਰ ਦੀਆਂ ਕਹਾਣੀਆਂ ਦਾ ਨਿੱਠ ਕੇ ਪਾਠ ਵੀ ਕੀਤਾ ਜਾਪਦਾ ਹੈ, ਇਹ ਪੁਸਤਕ ਗਲਪ ਸਾਹਿਤ ਦੇ ਪਾਠਕ ਤੇ ਖੋਜਾਰਥੀਆਂ ਲਈ ਕਾਫੀ ਮਦਦਗਾਰ ਸਾਬਤ ਹੋਵੇਗੀ। ਸੰਪਾਦਕ ਤੇ ਲੇਖਕ ਵਧਾਈ ਦੇ ਪਾਤਰ ਬਣਦੇ ਹਨ।





• ਸੁਖਮਿੰਦਰ ਸੇਖੋਂ

| | | | |
|---|---|---|---|
| ਪੁਸਤਕ | ਡਾ. ਕਰਮਜੀਤ ਸਿੰਘ ਨੜਾਲਾ ਦੀ ਕਹਾਣੀ ਸੰਵੇਦਨਾ ਤੇ ਦ੍ਰਿਸ਼ਟੀਕੋਣ | ਪੰਨੇ | 148 |
| ਸੰਪਾਦਕ | ਗੁਰਬਿੰਦਰ ਕੌਰ ਬਰਾੜ , 98553-95161 | ਮੁੱਲ | 200/- |
| ਪ੍ਰਕਾਸ਼ਕ | ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ। | | |

# ਪਰਿਵਾਰ 'ਚ ਵਾਪਰੀ ਇਕ ਖ਼ੂਨੀ ਖੇਡ

*ਮਾਰ ਖਾ ਕੇ ਨਿਸਾਰ ਘਰ ਪਹੁੰਚਿਆ ਤਾਂ ਸਾਰੀ ਗੱਲ ਜਾਣ ਕੇ ਉਸਦੀ ਮਾਂ ਸ਼ਾਹਜਹਾਂ ਭੜਕ ਉੱਠੀ। ਉਸਨੇ ਆਪਣੇ ਤਿੰਨੇ ਬੇਟਿਆਂ ਨਿਸਾਰ, ਸਿਕੰਦਰ ਅਤੇ ਰਾਸ਼ਿਦ ਨੂੰ ਕਿਹਾ ਕਿ ਅੱਜ ਮੁਸ਼ਰੱਤ ਅਤੇ ਉਸਦੇ ਘਰ ਵਾਲਿਆਂ ਨੂੰ ਸਬਕ ਸਿਖਾ ਹੀ ਦਿਓ। ਮਾਂ ਦੇ ਉਕਸਾਵੇ 'ਤੇ ਤਿੰਨੇ ਛੁਰੀਆਂ ਲੈ ਕੇ ਮੁਸ਼ਰੱਤ ਦੇ ਘਰ ਪਹੁੰਚ ਗਏ ਸਨ। ਉਹਨਾਂ ਦਾ ਇਰਾਦਾ ਤਾਹਿਰ ਨੂੰ ਵੀ ਸਬਕ ਸਿਖਾਉਣ ਦਾ ਸੀ, ਪਰ ਉਹ ਉਹਨਾਂ ਦੀ ਆਵਾਜ਼ ਪਛਾਣ ਕੇ ਭੱਜ ਗਿਆ ਸੀ।*



"ਅੰਮੀ, ਉਸ ਨਾਲ ਤਾਂ ਮੇਰਾ ਇਕ ਪਲ ਵੀ ਰਹਿਣਾ ਮੁਸ਼ਕਿਲ ਹੈ। ਉਹ ਜੋ ਵੀ ਕਮਾਉਂਦਾ ਹੈ, ਆਪਣੇ ਸ਼ੌਂਕ ਵਿਚ ਫੂਕ ਦਿੰਦਾ ਹੈ। ਉਲਟਾ ਉਹ ਮੇਰੇ ਕੋਲ ਰੱਖੇ ਪੈਸੇ ਵੀ ਮਾਰ-ਕੁੱਟ ਕਰਕੇ ਖੋਹ ਲੈਂਦਾ ਹੈ। ਮੈਂ ਕੀ ਪਕਾਵਾਂ ਅਤੇ ਆਪਣੇ ਬੱਚੇ ਨੂੰ ਕੀ ਖੁਆਵਾਂ।"

"ਬੇਟੀ, ਜ਼ਿੰਦਗੀ ਵਿਚ ਬਹੁਤ ਪ੍ਰੇਸ਼ਾਨੀਆਂ ਆਉਂਦੀਆਂ ਹਨ, ਉਹਨਾਂ ਤੋਂ ਘਬਰਾਉਣਾ ਨਹੀਂ, ਡੱਟ ਕੇ ਮੁਕਾਬਲਾ ਕਰਨਾ ਸਿੱਖੋ। ਅਸੀਂ ਇਕ ਵਾਰ ਫਿਰ ਇਕਬਾਲ ਨੂੰ ਸਮਝਾਉਣ ਦੀ ਕੋਸ਼ਿਸ਼ ਕਰਾਂਗੇ।" ਰੋਸ਼ਨ ਨੇ ਸਮਝਾਇਆ ਤਾਂ ਮੁਨੀਕ ਚੁੱਪ ਹੋ ਗਈ। ਦਰਅਸਲ ਉਹ ਵੀ ਆਪਣਾ ਘਰ ਨਹੀਂ ਵਿਗਾੜਨਾ ਚਾਹੁੰਦੀ ਸੀ।

ਸ਼ਾਮ ਨੂੰ ਜਦੋਂ ਇਕਬਾਲ ਆਪਣੇ ਕਮਰੇ ਵਿਚ ਪਹੁੰਚਿਆ ਤਾਂ ਉਸਨੂੰ ਮੁਨੀਕ ਨਾ ਮਿਲੀ। ਪਤਨੀ-ਬੱਚੇ ਨੂੰ ਲਾਪਤਾ ਦੇਖ ਕੇ ਉਸਦਾ ਨਸ਼ਾ ਉਡ ਗਿਆ। ਉਹ ਸਮਝ ਗਿਆ ਕਿ ਗੁੱਸੇ ਵਿਚ ਮੁਨੀਕ ਆਪਣੇ ਪੇਕੇ ਚਲੀ ਗਈ ਹੋਵੇਗੀ।

ਇਕਬਾਲ ਸਿੱਧਾ ਨਿਊ ਮੁਸਤਫਾਬਾਦ ਸਥਿਤ ਆਪਣੇ ਸਹੁਰੇ ਪਹੁੰਚਿਆ ਤਾਂ ਉਥੇ ਉਸਨੂੰ ਮੁਨੀਕ ਮਿਲ ਗਈ।

ਸੱਸ-ਸਹੁਰੇ ਨੇ ਇਕਬਾਲ ਨੂੰ ਨਸ਼ਾ ਛੱਡਣ ਦੀ ਗੱਲ ਸਮਝਾ ਕੇ ਉਸਦੇ ਨਾਲ ਮੁਨੀਕ ਨੂੰ ਭੇਜ ਦਿੱਤਾ।

ਇਕਬਾਲ ਤਾਂ ਜਿਵੇਂ ਚੀਕਣਾ ਘੜਾ ਬਣ ਚੁੱਕਾ ਸੀ। ਕਿਸੇ ਨੂੰ ਵੀ ਸਮਝਾਉਣ ਦਾ ਉਸ 'ਤੇ ਕੋਈ ਅਸਰ ਨਹੀਂ ਹੁੰਦਾ ਸੀ। ਸੱਸ-ਸਹੁਰੇ ਅਤੇ ਪਤਨੀ ਨਾਲ ਵਾਅਦਾ ਕਰਨ ਦੇ ਬਾਵਜੂਦ ਉਸਨੇ ਨਸ਼ਾ ਕਰਨਾ ਨਹੀਂ ਛੱਡਿਆ।

ਮਹੀਨੇ ਬੀਤ ਗਏ।

ਮੁਨੀਕ ਨੇ ਜਦੋਂ ਸਮਝ ਲਿਆ ਕਿ ਉਸਦਾ ਪਤੀ ਪੂਰੀ ਤਰ੍ਹਾਂ ਨਸ਼ੇ ਵਿਚ ਗੁਲਾਮ ਹੋ ਚੁੱਕਾ ਹੈ, ਕਿਸੇ ਵੀ ਤਰ੍ਹਾਂ ਹੁਣ ਸੁਧਰਨ ਵਾਲਾ ਨਹੀਂ, ਫਿਰ ਮਜਬੂਰ ਹੋ ਕੇ ਉਸਨੇ ਤਲਾਕ ਲੈ ਲਿਆ।

ਇਕਬਾਲ ਨੂੰ ਬੀਵੀ-ਬੇਟੀ ਤੋਂ ਜ਼ਿਆਦਾ ਨਸ਼ਾ ਪਿਆਰਾ ਸੀ। ਇਸ ਕਰਕੇ ਉਸਨੇ ਖੁਸ਼ੀ-ਖੁਸ਼ੀ ਤਲਾਕ ਦੇ ਦਿੱਤਾ। ਮੁਨੀਕ ਆਪਣੇ ਬੇਟੇ ਅਦਨਾਨ ਨੂੰ ਲੈ ਕੇ ਪੇਕੇ ਆਈ। ਇਹ ਗੱਲ ਕਰੀਬ ਦੋ ਸਾਲ ਪਹਿਲਾਂ ਦੀ ਹੈ।

23 ਸਾਲ ਦੀ ਉਮਰ ਵਿਚ ਹੀ ਮੁਨੀਕ ਤਲਾਕਸ਼ੁਦਾ ਹੋ ਕੇ ਆਪਣੇ ਮਾਂ-ਬਾਪ ਦੇ ਨਾਲ ਰਹਿਣ ਲੱਗ ਪਈ ਸੀ। ਤਲਾਕ ਉਸਨੇ ਖੁਸ਼ੀ ਨਾਲ ਨਹੀਂ, ਮਜਬੂਰ ਹੋ ਕੇ ਲਿਆ ਸੀ। ਇਸ ਦਾ ਉਸਨੂੰ ਦੁੱਖ ਵੀ ਸੀ। ਇਸ ਕਰਕੇ ਉਹ ਹਰ ਸਮੇਂ ਗੁੰਮ ਰਹਿੰਦੀ ਸੀ। ਉਸਨੂੰ ਭਵਿੱਖ ਦੀ ਚਿੰਤਾ ਖਾਂਦੀ ਜਾ ਰਹੀ ਸੀ।

ਰੋਸ਼ਨ ਆਪਣੀ ਬੇਟੀ ਦੇ ਦਰਦ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਇਸ ਕਰਕੇ ਉਹ ਉਸਨੂੰ ਹਮੇਸ਼ਾ ਹੌਂਸਲਾ ਦਿੰਦੇ ਰਹਿੰਦੇ ਸਨ।

ਸ਼ਰਾਫਤ ਦੇ ਰਿਸ਼ਤੇ ਦੇ ਚਾਚਾ ਸੀ- ਇਸਰਾਰ ਖਾਂ। ਉਹ ਨਿਊ ਮੁਸਤਫਾਬਾਦ ਦੀ ਗਲੀ ਨੰਬਰ 18 ਵਿਚ ਰਹਿੰਦੇ ਸਨ। ਇਸਰਾਰ ਖਾਂ ਦਾ ਇਰਾਦਾ ਸੀ, ਜਿੰਨੀ ਜਲਦੀ ਹੋ ਸਕੇ ਮੁਨੀਕ ਦਾ ਘਰ ਦੁਬਾਰਾ ਵਸ ਜਾਵੇ। ਇਸ ਦੇ ਲਈ ਉਹ ਕੋਸ਼ਿਸ਼ ਕਰ ਰਿਹਾ ਸੀ। ਉਹਨਾਂ ਨੇ ਮੁਨੀਕ ਦੇ ਦੂਜੇ ਵਿਆਹ ਦੀ ਗੱਲ ਗਲੀ ਨੰਬਰ 20 ਵਿਚ ਰਹਿਣ ਵਾਲੇ ਤਾਹਿਰ ਨਾਲ ਚਲਾਈ। 40 ਸਾਲਾ ਤਾਹਿਰ ਆਟੋ ਰਿਕਸ਼ਾ ਚਲਾਉਂਦਾ ਸੀ। ਹਾਲਾਂਕਿ ਮੁਨੀਕ ਦੀ ਉਮਰ ਦੇ ਹਿਸਾਬ ਨਾਲ ਤਾਹਿਰ ਦੀ ਉਮਰ ਜ਼ਿਆਦਾ ਸੀ, ਫਿਰ ਵੀ ਸ਼ਰਾਫਤ ਅਤੇ ਰੋਸ਼ਨ ਵਿਆਹ ਦੇ ਲਈ ਤਿਆਰ ਹੋ ਗਏ। ਕਰੀਬ 8-9 ਮਹੀਨੇ ਪਹਿਲਾਂ ਉਹਨਾਂ ਦੋਹਾਂ ਦਾ ਨਿਕਾਹ ਵੀ ਹੋ ਗਿਆ।

ਤਾਹਿਰ ਦੀ ਵੀ ਇਹ ਦੂਜੀ ਸ਼ਾਦੀ ਸੀ। ਉਸਦਾ ਪਹਿਲਾ ਨਿਕਾਹ ਖਜੂਰੀ ਖਾਸ ਨਿਵਾਸਣ ਆਸ਼ਿਆ ਨਾਲ ਹੋਇਆ ਸੀ। ਆਸ਼ਿਆ ਤੋਂ ਉਸਦੇ ਚਾਰ ਬੱਚੇ ਸਨ। ਤਿੰਨ ਬੇਟੀਆਂ ਸ਼ਾਹੀਨ (20), ਨਾਦਰੀਨ (18), ਫਰਹੀਨ (15) ਅਤੇ ਕਿ ਬੇਟਾ ਤਾਜੀਮ (12)। ਤਾਹਿਰ ਦਾ ਖੁਸ਼ਹਾਲ ਪਰਿਵਾਰ ਸੀ, ਪ ਰ ਕੁਦਰਤ ਨੂੰ ਇ ਹ ਮਨਜ਼ੂਰ ਨਹੀਂ ਸੀ। ਕਰੀਬ ਦੋ ਸਾਲ ਪਹਿਲਾਂ ਆਸ਼ਿਆ ਨੂੰ ਡੇਂਗੂ ਬੁਖਾਰ ਹੋ ਗਿਆ ਅਤੇ ਉਸਦੀ ਮੌਤ ਹੋ ਗਈ। ਪਤਨੀ ਦੀ ਮੌਤ ਤੋਂ ਬਾਅਦ ਤਾਹਿਰ ਨੇ ਚਾਰੇ ਬੱਚੇ ਆਪਣੀ ਮਾਂ ਕੁਦਰਤੀ ਬੇਗਮ ਕੋਲ ਛੱਡ ਦਿੱਤੇ ਸਨ ਜੋ ਨੇੜੇ ਹੀ ਆਪਣੇ ਦੂਜੇ ਬੇਟੇ ਨਾਲ ਰਹਿੰਦੀ ਸੀ।

ਮੁਨੀਕ ਨਾਲ ਵਿਆਹ ਹੋਇਆ ਤਾਂ ਤਾਹਿਰ ਦਾ ਘਰ ਵਿਚ ਆਬਾਦ ਹੋ ਗਿਆ।

ਤਾਹਿਰ ਵਿਚ ਕਿਸੇ ਕਿਸਮ ਦੀ ਕਮੀ ਨਹੀਂ ਸੀ। ਉਹ ਪੂਰੀ ਤਰ੍ਹਾਂ ਆਪਣੇ ਰੁਜ਼ਗਾਰ ਅਤੇ ਪਰਿਵਾਰ ਨੂੰ ਸਮਰਪਿਤ ਸੀ। ਤਾਹਿਰ ਜੋ ਵੀ ਪੈਸਾ ਕਮਾ ਕੇ ਲਿਆਉਂਦਾ ਮੁਨੀਕ ਨੂੰ ਦੇ ਦਿੰਦਾ। ਮੁਨੀਕ ਹੀ ਘਰ ਚਲਾਉਂਦੀ ਸੀ, ਉਹਨਾਂ ਦੋਹਾਂ ਦੀ ਜ਼ਿੰਦਗੀ ਬੜੀ ਵਧੀਆ ਲੰਘ ਰਹੀ ਸੀ। ਬੇਟੀ ਨੂੰ ਖੁਸ਼ ਦੇ ਕੇ ਸ਼ਰਾਫਤ ਅਤੇ ਰੋਸ਼ਨ ਵੀ ਖੁਸ਼ ਸਨ। ਇਹ ਗੱਲ ਵੱਖਰੀ ਹੈ ਕਿ ਕੁਦਰਤ ਨੂੰ ਉਹਨਾਂ ਦੀ ਖੁਸ਼ੀ ਮਨਜ਼ੂਰ ਨਹੀਂ ਸੀ।

11 ਜੂਨ 2009 ਨੂੰ ਰਾਤੀ ਕਰੀਬ ਸਾਢੇ ਅੱਠ ਵਜੇ ਦਾ ਵਾਕਿਆ ਹੈ। ਖਾਣਾ ਖਾਣ ਤੋਂ ਬਾਅਦ ਸ਼ਰਾਫਤ ਆਪਣੇ ਬੱਚਿਆਂ ਅਤੇ ਜਵਾਈ ਤਾਹਿਰ ਨਾਲ ਬਾਹਰ ਬੈਠੇ ਗੱਪਾਂ ਮਾਰ ਰਹੇ ਸਨ ਕਿ ਉਦੋਂ ਹੀ ਬਿਜਲੀ ਚਲੀ ਗਈ। ਬਿਜਲੀ ਜਾਣ ਤੋਂ ਥੋੜ੍ਹੀ ਦੇਰ ਬਾਅਦ ਹੀ ਗਲੀ ਵਿਚ ਗਾਲੀਆਂ ਦੀਆਂ ਆਵਾਜ਼ਾਂ ਆਉਣ ਲੱਗ ਪਈਆਂ। ਸ਼ਰਾਫਤ ਅਤੇ ਉਸਦੇ ਪਰਿਵਾਰ ਵਾਲਿਆਂ ਦਾ ਨਾਂ ਲੈ-ਲੈ ਕੇ ਕੁਝ ਲੋਕ ਗਾਲੀਆਂ ਦੇ ਰਹੇ ਸਨ। ਡਰ ਦੇ ਮਾਰੇ ਸ਼ਰਾਫਤ ਦਰਵਾਜ਼ਾ ਖੋਲ੍ਹ ਕੇ ਬਾਹਰ ਨਾ ਆਇਆ।

ਸੋਚਣ ਲੱਗਿਆ, ਕੁਝ ਦੇਰ ਗਾਲ੍ਹੀਆਂ ਦੇ ਕੇ ਚਲੇ ਜਾਣਗੇ, ਪਰ ਉਹ ਨਹੀਂ ਗਏ। ਗਾਲੀਆਂ ਬਕਦੇ-ਬਕਦੇ ਉਹਨਾਂ ਨੇ ਦਰਵਾਜ਼ੇ ਨੂੰ ਧੱਕੇ ਮਾਰਨੇ ਸ਼ੁਰੂ ਕਰ ਦਿੱਤੇ। ਧੱਕਿਆਂ ਨਾਲ ਚੁਕਾਠ ਡਿੱਗ ਗਈ ਅਤੇ ਦਰਵਾਜ਼ਾ ਖੁੱਲ੍ਹ ਗਿਆ। ਦਰਵਾਜ਼ਾ ਖੁਲਦੇ ਹੀ ਤਾਹਿਰ ਆਪਣੀ ਜਾਨ ਬਚਾ ਕੇ ਭੱਜ ਗਿਆ। ਇਸ ਤੋਂ ਪਹਿਲਾਂ ਕਿ ਸ਼ਰਾਫਤ ਆਦਿ ਆਪਣਾ ਬਚਾਅ ਕਰ ਪਾਉਂਦੇ, ਹਮਲਾਵਰਾਂ ਨੇ ਛੁਰੀਆਂ ਨਾਲ ਸਾਰਿਆਂ ਨੂੰ ਜ਼ਖਮੀ ਕਰਨਾ ਸ਼ੁਰੂ ਕਰ ਦਿੱਤਾ। ਜ਼ਖਮੀਆਂ ਦੀਆਂ ਚੀਖਾਂ ਗੂੰਜੀਆਂ ਤਾਂ ਸਾਰੇ ਲੋਕ ਆਪਣੇ-ਆਪਣੇ ਘਰਾਂ ਤੋਂ ਨਿਕਲ ਆਏ। ਜਦਕਿ ਕਿਸੇ ਦੀ ਹਿੰਮਤ ਨਾ ਪਈ ਕਿ ਉਹ ਹਮਲਾਵਰਾਂ ਤੋਂ ਸ਼ਰਾਫਤ ਅਤੇ ਉਸਦੇ ਪਰਿਵਾਰ ਨੂੰ ਬਚਾ ਲਵੇ। ਬੱਸ ਹਿੰਮਤ ਤਾਂ ਮਕਾਨ ਮਾਲਕ ਹਜੀਜੁਲ ਰਹਿਮਾਨ ਉਰਫ ਮੁੰਨਾ ਨੇ ਕੀਤੀ। ਉਹ ਹਟਾਉਣ ਲਈ ਆਇਆ ਤਾਂ ਹਮਲਾਵਰਾਂ ਨੇ ਉਸ 'ਤੇ ਵੀ ਛੁਰੀਆਂ ਨਾਲ ਹਮਲਾ ਕਰ ਦਿੱਤਾ।

ਇਸੇ ਦੌਰਾਨ ਕਿਸੇ ਨੇ ਫੋਨ ਕਰਕੇ ਇਸ ਘਟਨਾ ਦੀ ਸੂਚਨਾ ਪੁਲਿਸ ਕੰਟਰੋਲ ਰੂਮ ਵਿਚ ਦਿੱਤੀ। ਕੰਟਰੋਲ ਰੂਮ ਨੇ ਇਹ ਸੂਚਨਾ ਥਾਣਾ ਗੋਕੁਲਪੁਰੀ ਨੂੰ ਦਿੱਤੀ। ਸੂਚਨਾ ਮਿਲਦੇ ਹੀ ਐਸ.ਐਚ.ਓ. ਗੁਰਮੀਤ ਸਿੰਘ, ਐਸ.ਆਈ. ਦੇਸ਼ਪਾਲ ਨਾਲ ਘਟਨਾ ਵਾਲੀ ਥਾਂ 'ਤੇ ਪਹੁੰਚ ਗਏ। ਉਦੋਂ ਤੱਕ ਇਲਾਕੇ ਵਿਚ ਬਿਜਲੀ ਵੀ ਆ ਚੁੱਕੀ ਸੀ।

ਪੁਲਿਸ ਨੇ ਦੇਖਿਆ, ਸ਼ਰਾਫਤ ਦੇ ਘਰ ਵਿਚ ਖੂਨ ਹੀ ਖੂਨ ਫੈਲਿਆ ਹੋਇਆ ਸੀ। ਪੁਲਿਸ ਨੇ ਸਾਰੇ ਜ਼ਖਮੀਆਂ ਨੂੰ ਤੁਰੰਤ ਹੀ ਗੁਰੂ ਤੇਗ ਬਹਾਦਰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਮਕਾਨ ਮਾਲਕ ਹਜੀਜੁਲ ਰਹਿਮਾਨ ਉਰਫ ਮੁੰਨਾ (48) ਅਤੇ ਰੋਸ਼ਨ (45) ਨੂੰ ਮ੍ਰਿਤਕ ਐਲਾਨ ਦਿੱਤਾ। ਇਸ ਦੇ ਨਾਲ ਗੰਭੀਰ ਤੌਰ 'ਤੇ ਜ਼ਖਮੀ ਸ਼ਰਾਫਤ (50) ਉਸਦੇ ਬੇਟੇ ਮੁਸਰੱਤ, ਇਸ਼ਰਤ ਅਤੇ ਨਦੀਮ ਨੂੰ ਤੁਰੰਤ ਹੀ ਭਰਤੀ ਕਰਕੇ ਮੈਡੀਕਲ ਸਹਾਇਤਾ ਆਰੰਭ ਕਰ ਦਿੱਤੀ।

ਪੁਲਿਸ ਨੇ ਜ਼ਖਮੀਆਂ ਤੋਂ ਪੁੱਛਗਿੱਛ ਕੀਤੀ ਤਾਂ ਉਹਨਾਂ ਨੇ ਦੱਸਿਆ ਕਿ ਹਮਲਾ ਕਰਨ ਵਾਲੇ ਹੋਰ ਕੋਈ ਨਹੀਂ ਬਲਕਿ ਉਹਨਾਂ ਦੇ ਨੇੜਲੇ ਰਿਸ਼ਤੇਦਾਰ ਸ਼ਾਹਜਹਾਂ ਅਤੇ ਉਸਦੇ ਤਿੰਨ ਬੇਟੇ ਰਾਸ਼ਿਦ, ਨਿਸਾਰ ਅਤੇ ਸਿਕੰਦਰ ਸਨ। ਮੁਸਰੱਤ ਦੇ ਬਿਆਨ ਦੇ ਆਧਾਰ 'ਤੇ ਪੁਲਿਸ ਨੇ ਸ਼ਾਹਜਹਾਂ ਅਤੇ ਉਸਦੇ ਲੜਕਿਆਂ ਰਾਸ਼ਿਦ, ਨਿਸਾਰ ਅਤੇ ਸਿਕੰਦਰ ਵਿਰੁੱਧ ਐਫ. ਆਈ. ਆਰ. ਦਰਜ ਕਰ ਲਈ।

ਉਸ ਤੋਂ ਬਾਅਦ ਉੱਤਰ-ਪੂਰਬੀ ਜ਼ਿਲ੍ਹੇ ਦੇ ਪੁਲਿਸ ਮੁਖੀ ਆਰ. ਐਨ. ਮੀਨਾ ਅਤੇ ਡੀ. ਸੀ. ਪੀ. ਸ੍ਰੀਵਾਸਤਵ ਨੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਇਕ ਟੀਮ ਗਠਿਤ ਕੀਤੀ। ਪੁਲਿਸ ਟੀਮ ਨੇ 12 ਜੂਨ ਨੂੰ ਸ਼ਾਹਜਹਾਂ ਨੂੰ ਉਸਦੇ ਘਰ ਤੋਂ ਗ੍ਰਿਫਤਾਰ ਕਰ ਲਿਆ। ਜਦਕਿ 13 ਜੂਨ ਨੂੰ ਸਿਕੰਦਰ ਅਤੇ ਨਿਸਾਰ ਤੀਸ ਹਜ਼ਾਰੀ ਅਦਾਲਤ ਕੋਲ ਹੀ ਪੁਲਿਸ ਦੀ ਪਕੜ ਵਿਚ ਆ ਗਏ। ਨਿਊ ਮੁਸਤਫਾਬਾਦ ਦਿੱਲੀ ਦੀ ਗਲੀ ਨੰਬਰ 20 ਵਿਚ ਰਹਿਣ ਵਾਲੇ ਕੁਦਰਤੀ ਬੇਗਮ ਦੀਆਂ ਚਾਰ ਬੇਟੀਆਂ ਅਤੇ ਤਿੰਨ ਬੇਟੇ ਸਨ।

ਕਰੀਬ 20 ਸਾਲ ਪਹਿਲਾਂ ਪਤੀ ਦੀ ਮੌਤ ਹੋ ਜਾਣ ਤੋਂ ਬਾਅਦ ਤਿੰਨੇ ਬੇਟੇ ਹੀ ਘਰ ਦਾ ਸਹਾਰਾ ਬਣੇ। ਸਭ ਤੋਂ ਵੱਡਾ ਮੁਹੰਮਦ ਆਕਿਲ ਗੈਸ ਦੇ ਚੁੱਲ੍ਹੇ ਦਾ ਕਾਰੀਗਰ ਸੀ, ਵਿਚਕਾਰਲਾ ਤਾਹਿਰ ਆਟੋ ਰਿਕਸ਼ਾ ਚਲਾਉਂਦਾ ਸੀ ਅਤੇ ਸਭ ਤੋਂ ਛੋਟਾ ਤਸਲੀਮ ਰਾਜ ਮਿਸਤਰੀ ਸੀ।

ਤਾਹਿਰ ਦੀ ਪਹਿਲੀ ਪਤਨੀ ਆਸ਼ਿਆ ਦੀ ਮੌਤ ਤੋਂ ਬਾਅਦ ਉਸਦੇ ਬੱਚੇ ਆਪਣੀ ਦਾਦੀ ਕੁਦਰਤੀ ਬੇਗਮ ਕੋਲ ਰਹਿੰਦੇ ਸਨ। ਇਸੇ ਕਾਰਨ ਤਾਹਿਰ ਆਪਣੀ ਕਮਾਈ ਦਾ ਜ਼ਿਆਦਾਤਰ ਹਿੱਸਾ ਆਪਣੀ ਮਾਂ ਨੂੰ ਦੇ ਦਿੰਦਾ ਸੀ। ਤਾਹਿਰ ਦੇ ਵੱਡੇ ਭਰਾ ਆਕਿਲ ਦਾ ਇਕ ਬੇਟਾ ਸੀ ਨਿਸਾਰ।

ਉਹ ਤਾਹਿਰ ਦੀ ਵੱਡੀ ਬੇਟੀ ਸ਼ਾਹੀਨ ਨਾਲ ਪਿਆਰ ਕਰਦਾ ਸੀ। ਕੁਦਰਤੀ ਬੇਗਮ ਵੀ ਚਾਹੁੰਦੀ ਸੀ ਕਿ ਉਹਨਾਂ ਦੋਹਾਂ ਦਾ ਨਿਕਾਹ ਹੋ ਜਾਵੇ ਪਰ ਤਾਹਿਰ ਇਸ ਦੇ ਲਈ ਰਜ਼ਾਮੰਦ ਨਹੀਂ ਸੀ। ਇਸ ਦਾ ਕਾਰਨ ਸੀ ਕਿ ਨਿਸਾਰ ਅਵਾਰਾਗਰਦੀ 'ਚ ਮਸਤ ਰਹਿੰਦਾ ਸੀ। ਉਹ ਕੋਈ ਕੰਮ-ਧੰਦਾ ਨਹੀਂ ਕਰਦਾ ਸੀ। ਇਹੀ ਕਾਰਨ ਸੀ ਕਿ ਤਾਹਿਰ ਨੇ ਸਾਫ ਇਨਕਾਰ ਕਰ ਦਿੱਤਾ ਸੀ ਕਿ ਉਹ ਸ਼ਾਹੀਨ ਦਾ ਵਿਆਹ ਨਿਸਾਰ ਨਾਲ ਬਿਲਕੁਲ ਨਹੀਂ ਕਰੇਗਾ। ਇਹ ਗੱਲ ਨਿਸਾਰ ਅਤੇ ਉਸਦੀ ਮਾਂ ਸ਼ਾਹਜਹਾਂ ਨੂੰ ਬਹੁਤ ਬੁਰੀ ਲੱਗੀ। ਨਿਸਾਰ ਤਾਂ ਆਪਣੇ ਚਾਚਾ ਤਾਹਿਰ ਨਾਲ ਖੁੰਦਕ ਰੱਖਣ ਲੱਗ ਪਿਆ ਸੀ ਕਿਉਂਕਿ ਪਾਬੰਦੀਆਂ ਦੇ ਕਾਰਨ ਹੁਣ ਉਸਦਾ ਸ਼ਾਹੀਨ ਨੂੰ ਮਿਲਣਾ ਵੀ ਬੰਦ ਹੋ ਗਿਆ ਸੀ।

ਇਸੇ ਵਿਚਕਾਰ ਤਾਹਿਰ ਨੇ ਜਦੋਂ ਮੁਨੀਕ ਨਾਲ ਦੂਜਾ ਨਿਕਾਹ ਕੀਤਾ, ਤਾਂ ਕੁਝ ਦਿਨਾਂ ਬਾਅਦ ਹੀ ਕੁਦਰਤੀ ਬੇਗਮ ਉਸਤੋਂ ਖ਼ਫ਼ਾ ਰਹਿਣ ਲੱਗੀ। ਉਸਦੇ ਅਨੁਸਾਰ ਮੁਨੀਕ ਬਦਚਲਣ ਸੀ।

ਜਹਾਂਗੀਰਪੁਰੀ ਵਿਚ ਰਹਿਣ ਵਾਲੇ ਸ਼ਾਹਿਦ ਨਾਲ ਮੁਨੀਕ ਦੇ ਨਜਾਇਜ਼ ਸਬੰਧ ਸਨ। ਤਾਹਿਰ ਨਾਲ ਵਿਆਹ ਹੋ ਜਾਣ ਤੋਂ ਬਾਅਦ ਉਹ ਆਪਣੇ ਪ੍ਰੇਮੀ ਨੂੰ ਮਿਲਣ ਜਹਾਂਗੀਰਪੁਰੀ ਜਾਂਦੀ ਰਹਿੰਦੀ ਸੀ। ਇਨਕਾਰ ਕਰਨ 'ਤੇ ਵੀ ਉਸਨੇ ਜਹਾਂਗੀਰਪੁਰੀ ਜਾਣਾ ਬੰਦ ਨਹੀਂ ਕੀਤਾ ਸੀ।

ਇਕ ਵਾਰ ਉਸਨੇ ਸਿਕੰਦਰ ਦੀ ਭੂਆ ਦੀ ਲੜਕੀ ਜਰੀਨਾ, ਜੋ ਕਿ ਸੁਲਤਾਨਪੁਰੀ ਵਿਚ ਰਹਿੰਦੀ ਹੈ, ਨੂੰ ਵੀ ਆਪਣੇ ਨਾਲ ਜਹਾਂਗੀਰਪੁਰੀ ਲਿਆ ਕੇ ਉਸਦੀ ਮੁਲਾਕਾਤ ਸ਼ਾਹਿਦ ਨਾਲ ਕਰਵਾਈ ਸੀ। ਸ਼ਾਹਿਦ, ਜਰੀਨਾ ਅਤੇ ਮੁਨੀਕ ਨੂੰ ਕੁਸ਼ਲ ਟਾਕੀਜ ਵਿਚ ਸਿਨੇਮਾ ਦਿਖਾਉਣ ਲੈ ਗਿਆ ਸੀ। ਜਰੀਨਾ ਦਾ ਦੋਸ਼ ਹੈ ਕਿ ਸ਼ਾਹਿਦ ਨੇ ਸਿਨੇਮਾ ਹਾਲ ਵਿਚ ਉਸਦੇ ਨਾਲ ਸਰੀਰਕ ਛੇੜਛਾੜ ਕੀਤੀ ਸੀ।

ਉਹ ਸਿਨੇਮਾ ਹਾਲ ਵਿਚ ਹੀ ਉਸ ਨਾਲ ਸਬੰਧ ਬਣਾਉਣੇ ਚਾਹੁੰਦਾ ਸੀ। ਸ਼ਾਹਿਦ ਇਹ ਸਭ ਮੁਨੀਕ ਦੀ ਸ਼ਹਿ 'ਤੇ ਹੀ ਕਰ ਰਿਹਾ ਸੀ।

ਜਰੀਨਾ ਨੇ ਘਰ ਆ ਕੇ ਇਸ ਗੱਲ ਦੀ ਸ਼ਿਕਾਇਤ ਕੀਤੀ ਤਾਂ ਕੁਦਰਤੀ ਬੇਗਮ ਦੀਆਂ ਨਜ਼ਰਾਂ ਤੋਂ ਮੁਨੀਕ ਉਤਰ ਗਈ। ਉਹ ਤਾਹਿਰ 'ਤੇ ਦਬਾਅ ਪਾਉਣ ਲੱਗੀ ਕਿ ਮੁਨੀਕ ਨੂੰ ਤਲਾਕ ਦੇ ਦੇਵੇ। ਤਾਹਿਰ ਮੁਨੀਕ ਨੂੰ ਬਹੁਤ ਪਸੰਦ ਕਰਦਾ ਸੀ, ਇਸ ਕਰਕੇ ਉਸਨੇ ਤਲਾਕ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ।

ਮੁਨੀਕ ਦਾ ਭਰਾ ਮੁਸਰਤ ਜਰੀਨਾ ਨਾਲ ਇਕ ਪਾਸੜ ਪਿਆਰ ਕਰਦਾ ਸੀ, ਜਦਕਿ ਜਰੀਨਾ ਸ਼ਾਹਜਹਾਂ ਦੇ ਬੇਟੇ ਰਾਸ਼ਿਦ ਨੂੰ ਚਾਹੁੰਦੀ ਸੀ। ਫਿਰ ਜਰੀਨਾ ਦਾ ਵਿਆਹ ਰਾਸ਼ਿਦ ਨਾਲ ਹੋ ਗਿਆ। ਇਸ ਗੱਲ ਤੋਂ ਖਫਾ ਹੋ ਕੇ ਮੁਸਰਤ ਰਾਸ਼ਿਦ ਨੂੰ ਨਫਰਤ ਕਰਨ ਲੱਗਿਆ ਸੀ।

ਦੂਜੇ ਪਾਸੇ ਜਦੋਂ ਤਾਹਿਰ ਨੇ ਮੁਨੀਕ ਨੂੰ ਤਲਾਕ ਨਹੀਂ ਦਿੱਤਾ ਤਾਂ ਕੁਦਰਤੀ ਬੇਗਮ ਘਰ ਵਿਚ ਕਲੇਸ਼ ਕਰਨ ਲੱਗੀ। ਨਤੀਜੇ ਵਜੋਂ ਕਰੀਬ ਇਕ ਮਹੀਨੇ ਪਹਿਲਾਂ ਤਾਹਿਰ ਆਪਣੀ ਪਤਨੀ ਨੂੰ ਲੈ ਕੇ 21 ਨੰਬਰ ਦੀ ਗਲੀ ਵਿਚ ਕਿਰਾਏ 'ਤੇ ਰਹਿਣ ਲੱਗਾ। ਉਸਨੇ ਆਪਣੀ ਮਾਂ ਨੂੰ ਖਰਚ ਦੇ ਲਈ ਪੈਸੇ ਦੇਣੇ ਵੀ ਬੰਦ ਕਰ ਦਿੱਤੇ ਸਨ। ਇਸ ਤੋਂ ਕੁਦਰਤੀ ਬੇਗਮ ਨੂੰ ਲੱਗਿਆ ਕਿ ਸਹੁਰੇ ਵਾਲੇ ਹੀ ਤਾਹਿਰ ਦੇ ਕੰਨ ਭਰਦੇ ਰਹਿੰਦੇ ਹਨ। ਇਸ ਦੇ ਨਾਲ ਹੀ ਉਸਨੂੰ ਇਹ ਵੀ ਸ਼ੱਕ ਹੋ ਗਿਆ ਕਿ ਤਾਹਿਰ ਆਪਣੇ ਸਹੁਰੇ ਘਰ ਵਾਲਿਆਂ ਦੀ ਆਰਥਿਕ ਮਦਦ ਕਰਦਾ ਹੈ। ਇਹੀ ਗੱਲ ਸੋਚ-ਸੋਚ ਕੇ ਉਹ ਪ੍ਰੇਸ਼ਾਨ ਰਹਿੰਦੀ।

ਸ਼ਾਹਜਹਾਂ ਵੀ ਆਪਣੇ ਦਿਓਰ ਤੋਂ ਖ਼ਫ਼ਾ ਸੀ। ਲਿਹਾਜ਼ਾ ਉਸਨੇ ਵੀ ਆਪਣੀ ਸੱਸ ਨੂੰ ਤਾਹਿਰ ਦੇ ਖਿਲਾਫ ਖੂਬ ਭੜਕਾਇਆ।

ਸਭ ਦੇ ਅੰਦਰ ਨਫਰਤ ਅਤੇ ਬਦਲੇ ਦੀ ਭਾਵਨਾ ਭੜਕ ਉੱਠੀ। ਦੇਰ ਸੀ ਤਾਂ ਬੱਸ ਫਟਣ ਦੀ। 11 ਜੂਨ ਨੂੰ ਇਕ ਮਾਮੂਲੀ ਜਿਹੀ ਘਟਨਾ ਨੇ ਕਸਰ ਪੂਰੀ ਕਰ ਦਿੱਤੀ।

11 ਜੂਨ ਦੀ ਸ਼ਾਮ ਨੂੰ ਨਿਸਾਰ ਘੁੰਮਣ ਨਿਕਲਿਆ ਤਾਂ ਸਥਾਨਕ ਕਬਰਸਤਾਨ ਦੇ ਕੋਲ ਉਸਨੂੰ ਮੁਸ਼ਰੱਤ ਮਿਲ ਗਿਆ। ਉਥੇ ਕਿਸੇ ਗੱਲ ਨੂੰ ਲੈ ਕੇ ਦੇ ਦੋਹਾਂ ਵਿਚ ਹੱਥੋਪਾਈ ਹੋ ਗਈ। ਮੁਸ਼ਰੱਤ ਨੇ ਨਿਸਾਰ ਦੀ ਖੂਬ ਮਾਰ-ਕੁੱਟ ਕੀਤੀ।

ਮਾਰ ਖਾ ਕੇ ਨਿਸਾਰ ਘਰ ਪਹੁੰਚਿਆ ਤਾਂ ਸਾਰੀ ਗੱਲ ਜਾਣ ਕੇ ਉਸਦੀ ਮਾਂ ਸ਼ਾਹਜਹਾਂ ਭੜਕ ਉੱਠੀ। ਉਸਨੇ ਆਪਣੇ ਤਿੰਨੇ ਬੇਟਿਆਂ ਨਿਸਾਰ, ਸਿਕੰਦਰ ਅਤੇ ਰਾਸ਼ਿਦ ਨੂੰ ਕਿਹਾ ਕਿ ਅੱਜ ਮੁਸ਼ਰੱਤ ਅਤੇ ਉਸਦੇ ਘਰ ਵਾਲਿਆਂ ਨੂੰ ਸਬਕ ਸਿਖਾ ਹੀ ਦਿਓ। ਮਾਂ ਦੇ ਉਕਸਾਵੇ 'ਤੇ ਤਿੰਨੇ ਛੁਰੀਆਂ ਲੈ ਕੇ ਮੁਸ਼ਰੱਤ ਦੇ ਘਰ ਪਹੁੰਚ ਗਏ ਸਨ। ਉਹਨਾਂ ਦਾ ਇਰਾਦਾ ਤਾਹਿਰ ਨੂੰ ਵੀ ਸਬਕ ਸਿਖਾਉਣ ਦਾ ਸੀ, ਪਰ ਉਹ ਉਹਨਾਂ ਦੀ ਆਵਾਜ਼ ਪਛਾਣ ਕੇ ਭੱਜ ਗਿਆ ਸੀ।

16 ਜੂਨ ਨੂੰ ਦੋਸ਼ੀ ਰਾਸ਼ਿਦ ਨੂੰ ਵੀ ਸੁਲਤਾਨਪੁਰੀ ਸਥਿਤ ਉਸਦੇ ਸਹੁਰੇ ਘਰ ਤੋਂ ਗ੍ਰਿਫਤਾਰ ਕਰਨ ਵਿਚ ਪੁਲਿਸ ਨੇ ਸਫਲਤਾ ਪ੍ਰਾਪਤ ਕਰ ਲਈ ਸੀ।

ਕਹਾਣੀ ਲਿਖੇ ਜਾਣ ਤੱਕ ਮੁਸ਼ਰੱਤ, ਇਸ਼ਰਤ ਅਤੇ ਨਦੀਮ ਨੂੰ ਹਸਪਤਾਲ ਤੋਂ ਛੁੱਟੀ ਮਿਲ ਚੁੱਕੀ ਸੀ, ਜਦਕਿ ਸ਼ਰਾਫਤ ਦੀ ਹਾਲਤ ਗੰਭੀਰ ਬਣੀ ਹੋਈ ਸੀ। ਚਾਰੇ ਦੋਸ਼ੀ ਜੇਲ੍ਹ ਵਿਚ ਸਨ ਅਤੇ ਮਾਮਲੇ ਦੀ ਜਾਂਚ ਚੱਲ ਰਹੀ ਸੀ।

# ਰਸੋਈ ਦਾ ਜ਼ਾਇਕਾ

## ਇਹ ਵੀ ਅਜ਼ਮਾਓ

☛ਵਾਲਾਂ ਵਿਚ ਹੇਅਰ ਸਾਇਕਲਿੰਗ ਉਤਪਾਦਾਂ, ਹੇਰ ਡਾਇਰ ਜਾਂ ਹੋਰ ਰਸਾਇਣਾਂ ਦਾ ਪ੍ਰਯੋਗ ਨਾ ਕਰੋ।

☛ਵਾਲਾਂ ਦੀ ਸਫਾਈ ਹਰ ਰੋਜ਼ ਕਰੋ ਅਤੇ ਚੰਗਾ ਸ਼ੈਂਪੂ ਵਰਤੋ।

☛ਵਾਲਾਂ ਦੀ ਚਮਕ ਵਾਪਸ ਲਿਆਉਣ ਦੇ ਲਈ ਪੌਸ਼ਟਿਕ ਖਾਣਾ, ਤਾਜ਼ੇ ਫਲ ਅਤੇ ਸਬਜ਼ੀਆਂ ਦਾ ਸੇਵਣ ਅਤੇ ਕਸਰਤ ਕਰਨੀ ਬਹੁਤ ਜ਼ਰੂਰੀ ਹੈ।

☛ਵਾਲਾਂ ਵਿਚ ਹੇਅਰ ਸੀਰਮ ਲਗਾਓ ਇਸ ਨਾਲ ਵਾਲਾਂ ਵਿਚ ਚਮਕ ਆਉਂਦੀ ਹੈ।

☛ਤੇਜ਼ ਧੁੱਪ ਵਿਚ ਤੇ ਹੇਅਰ ਸਾਈਲਿੰਗ ਉਤਪਾਦਾਂ ਨਾਲ ਹੋਣ ਵਾਲੀ ਹਾਨੀ ਤੋਂ ਵੀ ਬਚਾਅ ਹੁੰਦਾ ਹੈ।

## ਸਪੇਨੀ ਰਾਇਸ



**ਸਮੱਗਰੀ** : 250 ਗ੍ਰਾਮ ਚਾਵਲ, 150 ਗ੍ਰਾਮ ਪਿਆਜ਼ ਦੀ ਕਤਰਨ, 2 ਚਮਚ ਘੀ, 2 ਵੱਡੇ ਟਮਾਟਰ।

**ਬਣਾਉਣ ਦੀ ਵਿਧੀ** : ਘਿਓ ਨੂੰ ਬਰਤਨ ਵਿਚ ਗਰਮ ਕਰੋ। ਚਾਵਲਾਂ ਨੂੰ ਭੁੰਨ ਕੇ ਬਰਤਲ 'ਚ ਪਾ ਦਿਓ। ਫਿਰ ਪਾਣੀ ਪਾ ਕੇ ਉਬਾਲੋ। ਜਦੋਂ ਬਨਣ ਦੇ ਕੋਲ ਆ ਜਾਏ ਤਾਂ ਪਿਆਜ਼ ਦੀਆਂ ਕਤਰਨਾਂ ਤੇ ਟਮਾਟਰ ਪਾ ਦਿਓ। ਜਦੋਂ ਪਕ ਜਾਣ ਤਾਂ ਕੜਛੀ ਨਾਲ ਟਮਾਟਰ ਕੁਚਲ ਦਿਓ। ਨਾਲ ਹੀ ਨਮਕਪਾ ਦਿਓ। ਪੱਕ ਜਾਣ 'ਤੇ ਉਤਾਰ ਕੇ ਸਪੇਨੀ ਚਾਵਲ ਖਾਓ। ਇਸ ਇੰਨੇ ਸੁਆਦਿਸ਼ਟ ਹੋਣਕੇ ਤੁਸੀਂ ਉਂਗਲਾ ਚਟਦੇ ਰਹਿ ਜਾਓਗੇ।

## ਗੁਲਾਬੀ ਪੁਲਾਅ



**ਸਮੱਗਰੀ** : 500 ਗ੍ਰਾਮ ਚਾਵਲ, 200 ਗ੍ਰਾਮ ਮਟਰ ਦੇ ਦਾਣੇ, 200 ਗ੍ਰਾਮ ਫਰਾਂਸਬੀਨ, 200 ਗ੍ਰਾਮ ਗਾਜਰ, 200 ਗ੍ਰਾਮ ਟਮਾਟਰ, 40 ਗ੍ਰਾਮ ਅਦਰਕ, ਇਕ ਚਮਚ ਸਾਬਤਾ ਧਨੀਆ, 10 ਕਸ਼ਮੀਰੀ ਮਿਰਚਾਂ, 1 ਗੁੱਥੀ ਹਰਾ ਧਨੀਆ, 1 ਚਮਚ ਨਮਕ, ਇਕ ਚਮਚ ਜ਼ੀਰਾ, 6 ਨਗ ਆਲੂ, 6 ਪਿਆਜ਼, ਤਲਣ ਦੇ ਲਈ ਘਿਓ ਤੇ ਨਮਕ ਲੋੜ ਅਨੁਸਾਰ, ਜ਼ਰੂਰਤ ਪੈਣ 'ਤੇ ਸਾਸ ਵੀ ਲੈ ਸਕਦੇ ਹੋ।

**ਬਣਾਉਣ ਦੀ ਵਿਧੀ** : ਚਾਵਲਾਂ ਨੂੰ ਸਾਫ ਕਰਕੇ ਧੋ ਕੇ ਉਬਾਲ ਲਓ। ਫੇਰ ਉਨ੍ਹਾਂ ਦਾ ਪਾਣੀ ਕੱਢ ਲਓ।

ਖੁੰਬ ਅਤੇ ਮਟਰ ਦੇ ਦਾਣਿਆਂ ਨੂੰ ਹਲਕਾ ਜਿਹਾ ਉਬਾਲ ਲਓ। ਇਸ ਨੂੰ ਇਕ ਪਾਸੇ ਰੱਖ ਕੇ ਪਤੀਲੇ ਵਿਚ ਤੇਲ ਗਰਮ ਕਰਕੇ ਪਤਲੇ ਤੇ ਲੰਮੇ ਟੁਕੜਿਆਂ ਵਿਚ ਸ਼ਿਮਲਾ ਮਿਰਚ, ਗਾਜ਼ਰ, ਪੱਤਾ ਗੋਭੀ, ਫਰਾਂਸਭੀਨ ਤੇ ਪਿਆਜ਼ ਨੂੰ ਕੱਟ ਕੇ ਹਲਕਾ ਜਿਹਾ ਭੁੰਨ ਲਓ। ਫੇਰ ਚਾਵਲ ਤੇ ਖੁੰਭ ਪਾ ਕੇ ਉਪਰੋਂ ਅਜੀਨੋ ਮੋਟੇ ਤੇ ਨਮਕ ਪਾ ਕੇ ਮਿਸ਼ਰਣ ਚੰਗੀ ਤਰ੍ਹਾਂ ਹਿਲਾਓ। ਪਾਣੀ ਦੇ ਕੁਝ ਛਿੱਟੇ ਪਾ ਕੇ ਚਾਹੋ ਤਾਂ ਸੋਇਆ ਸੋਸ ਅਤੇ ਚਿੱਲੀ ਸਾਸ ਵੀ ਪਾ ਸਕਦੇ ਹੈ। ਤੁਹਾਡਾ ਚੀਨੀ ਪੁਲਾਅ ਤਿਆਰ ਹੈ।

## ਢੋਕਲਾ

**ਸਮੱਗਰੀ** : ਇਕ ਕਿਲੋ ਚਾਵਲ, 50-50 ਗ੍ਰਾਮ ਦਾਲ ਮਾਂ ਅਤੇ ਚਨੇ, ਹਲਦੀ ਅਤੇ ਅਦਰਕ ਲੋੜ ਅਨੁਸਾਰ, 250 ਗ੍ਰਾਮ ਦਹੀਂ ਅਤੇ ਨਮਕ-ਮਿਰਚ ਲੋੜ ਅਨੁਸਾਰ।

**ਵਿਧੀ** : ਪਹਿਲਾਂ ਚਾਵਲ, ਮਾਂਹ, ਚਨੇ ਦੀ ਦਾਲ ਸਾਫ ਕਰ ਲਵੋ। ਪਾਣੀ ਵਿਚ ਧੋ ਕੇ ਸੁਕਾ ਲਵੋ। ਫਿਰ ਮੋਟਾ ਪੀਸ ਲਵੋ। ਫਿਰ ਦਹੀਂ ਵਿਚ ਭਿਉਂ ਕੇ ਸਾਰੀ ਰਾਤ ਰੱਖੋ। ਸਵੇਰੇ ਸਭ ਮਸਾਲੇ ਫੈਂਟ ਲਵੋ। ਫਿਰ ਚੋੜੇ ਮੂੰਹ ਵਾਲੇ ਬਰਤਨ ਵਿਚ ਪਾਣੀ ਉਬਾਲੋ। ਫਿਰ ਸਟੀਲ ਦੀਆਂ ਡੂੰਘੀਆਂ ਕਟੋਰੀਆਂ ਵਿਚ ਇਹ ਮਿਸ਼ਰਣ ਭਰ ਕੇ ਪਾਣੀ ਵਿਚ ਇਸ ਤਰ੍ਹਾਂ ਰੱਖੋ ਕਿ ਉਬਲਦਾ ਪਾਣੀ ਇਸ ਵਿਚ ਨਾ ਪਵੇ। ਇਸ ਤੋਂ ਬਾਅਦ ਢੱਕਣ ਦੇ ਦਿਓ। ਅੱਧਾ ਘੰਟਾ ਪਿਆ ਰਹਿਣ ਦਿਓ।

## ਰਸੋਈ ਟਿਪਸ



✡ ਰਸੋਈ ਘਰ ਦੀ ਸਫ਼ਾਈ ਅਤੇ ਸਜਾਵਟ ਬਣਾਓ ਲਾਜ਼ਮੀ

✡ ਗੈਸ 'ਤੇ ਕੰਮ ਕਰਨ ਤੋਂ ਬਾਅਦ ਗੈਸ ਚੁੱਲ੍ਹੇ ਨੂੰ ਵੀ ਸਾਫ ਕਰੋ। ਰਸੋਈ ਵਿਚ ਸੈਲਫ ਆਦਿ 'ਤੇ ਵੀ ਖਾਧ ਪਦਾਰਥ ਡਿੱਗੇ ਰਹਿੰਦੇ ਹਨ। ਇਨ੍ਹਾਂ 'ਤੇ ਮੱਖੀਆਂ ਆ ਜਾਂਦੀਆਂ ਹਨ। ਇਨ੍ਹਾਂ ਸੈਲਫਾਂ ਦੀ ਸਫਾਈ ਦਾ ਵੀ ਧਿਆਨ ਰੱਖੋ।

✡ ਰਸੋਈ ਘਰ ਵਿਚ ਨਾ ਸਿਰਫ ਲੋੜ ਦੀਆਂ ਹੀ ਸਭ ਚੀਜ਼ਾਂ ਹੋਣੀਆਂ ਚਾਹੀਦੀਆਂ ਹਨ ਬਲਕਿ ਸਭ ਤੋਂ ਵੱਧ ਜ਼ਰੂਰੀ ਹੈ ਰਸੋਈ ਦਾ ਸਾਫ-ਸੁਥਰਾ ਹੋਣਾ, ਕਿਉਂਕਿ ਰਸੋਈ ਘਰ ਵਿਚ ਜੋ ਖਾਧ ਪਦਾਰਥ ਬਣਦੇ ਹਨ, ਉਨ੍ਹਾਂ 'ਤੇ ਤੁਹਾਡੇ ਨਾਲ-ਨਾਲ ਤੁਹਾਡੇ ਪਰਿਵਾਰ ਦੀ ਤੰਦਰੁਸਤੀ ਵੀ ਨਿਰਭਰ ਕਰਦੀ ਹੈ। ਇਸ ਲਈ ਘਰ ਦੇ ਇਸ ਅਹਿਮ ਹਿੱਸੇ ਅਰਥਾਤ ਰਸੋਈ ਨੂੰ ਸਜਾਉਣ ਵਿਚ ਕੁਝ ਖਾਸ ਗੱਲਾਂ ਦਾ ਧਿਆਨ ਰੱਖੋ।

-ਵਿਜੈ ਦਾਨਿਸ਼

## ਘਰੇਲੂ ਟਿਪਸ

☛• ਅਕਸਰ ਗ੍ਰਹਿਣੀਆਂ ਰਸੋਈ ਘਰ ਨੂੰ ਸਟੋਰ ਸਮਝ ਕੇ ਸਾਰੇ ਬੇਕਾਰ ਸਾਮਾਨ ਜਿਵੇਂ ਪੋਲੀ ਬੈਗਸ, ਬੋਤਲਾਂ, ਅਖਬਾਰਾਂ ਆਦਿ ਰਸੋਈ ਘਰ ਵਿਚ ਭਰਦੀਆਂ ਰਹਿੰਦੀਆਂ ਹਨ। ਇਸ ਨਾਲ ਰਸੋਈ ਵਿਚ ਗੰਦਗੀ ਤਾਂ ਫੈਲਦੀ ਹੀ ਹੈ, ਨਾਲ ਹੀ ਕੀੜੇ-ਮਕੌੜੇ, ਕਾਕਰੋਚ ਵੀ ਵਧ ਜਾਂਦੇ ਹਨ। ਇਸ ਲਈ ਰਸੋਈ ਘਰ ਵਿਚ ਰਸੋਈ ਵਿਚ ਕੰਮ ਆਉਣ ਵਾਲੀਆਂ ਵਸਤਾਂ ਹੀ ਰੱਖੋ।

☛•ਖਾਧ ਪਦਾਰਥਾਂ ਨੂੰ ਹਮੇਸ਼ਾ ਏਅਰਟਾਇਟ ਡੱਬਿਆਂ ਵਿਚ ਹੀ ਰੱਖੋ ਤਾਂ ਕਿ ਨਮੀ ਕਾਰਨ ਉਨ੍ਹਾਂ ਵਿਚ ਸਿੱਲ੍ਹ ਨਾ ਆਵੇ ਅਤੇ ਉਹ ਖਰਾਬ ਨਾ ਹੋ ਜਾਣ।

# ਕਹਾਣੀ

ਦੂਜੀ ਤੇ ਅੰਤਿਮ ਕਿਸ਼ਤ

# ਟੇਕ ਕੇਅਰ

ਪ੍ਰੋ. ਤਰਸਪਾਲ ਕੌਰ

ਮੈਂ ਗੱਲਾਂ ਵਿਚ ਹੀ ਉਹਦੇ ਨਾਲ ਖੁੱਲ੍ਹ ਗਈ। ਮੈਂ ਉਹਨੂੰ ਪੁੱਛਿਆ ਕਿ ਉਸਨੇ ਮੈਨੂੰ 'ਕਿਵੇਂ ਬੁਲਾਇਆ ਤੇ ਕਿਵੇਂ ਪਤਾ ਚੱਲਿਆ ਕਿ ਮੈਂ ਪੰਜਾਬੀ ਹਾਂ।' ਤਦ ਉਹ ਕਹਿਣ ਲੱਗੀ "ਤੇਰੇ ਘਰੋਂ ਇਕ ਦਿਨ ਖੁੱਲ੍ਹੀ ਖਿੜਕੀ ਵਿਚੋਂ ਦੀ ਟੀ ਵੀ 'ਤੇ ਹੋ ਰਹੇ ਸ਼ਬਦ-ਗਾਇਨ ਤੇ ਗੁਰਬਾਣੀ ਦੀ ਆਵਾਜ਼ ਗੂੰਜ ਰਹੀ ਸੀ।"

ਸ਼ਾਇਦ ਉਹਨੇ ਮੈਨੂੰ ਆਉਂਦੀ ਜਾਂਦੀ ਨੂੰ ਇਕ ਦੋ ਵਾਰ ਵੇਖਿਆ ਵੀ ਸੀ। ਗੱਲਾਂ ਕਰਦਿਆਂ ਬੀਬੀ ਕੁਲਜੀਤ ਚਾਹ ਵੀ ਲੈ ਆਈ। ਬੇਬੇ ਨੇ ਦੱਸਿਆ ਕਿ ਕੁਲਜੀਤ ਕਦੇ-ਕਦੇ ਵੀਕ-ਐਂਡ ਤੇ ਉਹਦੀ ਦੇਖਭਾਲ ਕਰਨ ਲਈ ਆਉਂਦੀ ਹੈ। ਉਹ ਵੀ ਸ਼ਾਇਦ ਬੇਬੇ ਦੀ ਕਿਸੇ ਦੂਰ-ਦੁਰਾਡੀ ਰਿਸ਼ਤੇਦਾਰੀ ਵਿਚੋਂ ਸੀ। ਚਾਹ ਪੀਂਦੇ-ਪੀਂਦੇ ਮੇਰੀ ਉਸ ਬੇਬੇ ਨਾਲ ਗੂੜ੍ਹੀ ਸਾਂਝ ਬਣਦੀ ਗਈ। ਉਹ ਮੇਰੇ ਕੋਲੋਂ ਪੰਜਾਬ ਦੀਆਂ ਗੱਲਾਂ ਸੁਣ-ਸੁਣ ਕੇ ਖਿੜ ਉਠੀ ਤੇ ਆਪਣਾ ਪਿਛੋਕੜ ਵੀ ਬਿਆਨ ਕਰਨ ਲੱਗੀ।

ਇਸ ਤਰ੍ਹਾਂ ਮੈਂ ਉਸ ਕੋਲ ਅਕਸਰ ਜਾਣ ਲੱਗ ਪਈ। ਇਕ ਦਿਨ ਮੈਂ ਉਸ ਤੋਂ ਪੁੱਛਿਆ ਕਿ ਉਸਦੇ ਪੋਤੇ-ਪੋਤਰੀਆਂ ਕਿੱਥੇ ਨੇ? ਉਹਨੇ ਕਿਹਾ ਕਿ ਪੋਤਰੀ ਅਮਰੀਕਾ ਭੂਆ ਕੋਲ ਪੜ੍ਹਦੀ ਹੈ ਤੇ ਪੋਤਰਾ ਇੱਥੇ ਹੀ ਨੌਕਰੀ ਕਰਦਾ ਹੈ। ਉਹਨੂੰ ਦਾਦੀ ਕੋਲ ਆਉਣ ਦਾ ਸਮਾਂ ਹੀ ਕਈ ਮਹੀਨਿਆਂ ਬਾਅਦ ਮਿਲਦਾ ਹੈ। ਸ਼ਾਇਦ ਜ਼ਿਆਦਾ ਪੁੱਛਣ ਦੀ ਮੇਰੇ ਕੋਲ ਵੀ ਹਿੰਮਤ ਨਹੀਂ ਸੀ ਹੁੰਦੀ। ਉਹ ਬੇਬੇ ਵਰ੍ਹਿਆਂ ਤੋਂ ਪਤੀ ਦੀ ਮੌਤ ਦੇ ਬਾਅਦ ਇਹੀ ਇਕਾਂਤ ਵਾਲਾ ਜੀਵਨ ਬਿਤਾ ਰਹੀ ਸੀ। ਇਕ ਦਿਨ ਫਿਰ ਦੁਬਾਰਾ ਉਹੀ ਦੋ ਬੰਦੇ ਕਾਗਜ਼ਾਂ ਦੀ ਫਾਈਲ ਨਾਲ ਲੈ ਕੇ ਬੇਬੇ ਕੋਲ ਆਏ ਸਨ। ਮੈਂ ਬੇਬੇ ਨੂੰ ਉਨ੍ਹਾਂ ਦੇ ਆਉਣ ਦਾ ਕਾਰਨ ਪੁੱਛ ਹੀ ਲਿਆ ਤਾਂ ਬੇਬੇ ਦੱਸਣ ਲੱਗੀ ਕਿ "ਮੈਂ ਤੇ ਮੇਰੇ ਪਤੀ ਨੇ ਉਮਰ ਭਰ ਮਿਹਨਤ ਕੀਤੀ ਤੇ ਬੱਚਿਆਂ ਲਈ ਸਾਰੀ ਉਮਰ ਦੀ ਕਮਾਈ ਲਾ ਕੇ ਉਨ੍ਹਾਂ ਦੀ ਜਾਇਦਾਦ ਬਣਾ ਦਿੱਤੀ। ਮੇਰੇ ਪਤੀ ਦੀ ਮੌਤ ਮਗਰੋਂ ਜਾਇਦਾਦ ਦੀ ਪੂਰੀ ਮਲਕੀਅਤ ਪੁੱਤਰ ਕੋਲ ਆਉਣੀ ਹੀ ਸੀ। ਸ਼ਾਇਦ ਇਸ ਜਾਇਦਾਦ ਨੇ ਹੀ ਮੇਰਾ ਪੁੱਤਰ ਮੇਰੇ ਕੋਲੋਂ ਕੁਝ ਦੂਰ ਕਰ ਦਿੱਤਾ" ਉਸਨੇ ਹਉਕਾ ਭਰ ਕੇ ਕਿਹਾ। ਫਿਰ ਉਹ ਕਹਿੰਦੀ, "ਉਸਦੀਆਂ ਤਾਂ ਅੱਖਾਂ ਹੀ ਤਰਸਦੀਆਂ ਰਹਿੰਦੀਆਂ ਕਿ ਉਹਦੇ ਉਹ ਨੂੰਹ-ਪੁੱਤ ਆ ਕੇ ਮਿਲ ਹੀ ਜਾਣ।"

ਬੇਬੇ ਕੋਲ ਸ਼ਾਇਦ ਉਹ ਮਹੀਨਿਆਂ ਬਾਅਦ ਮਸਾਂ ਹੀ ਪੰਜ ਮਿੰਟ ਲਈ ਆਉਂਦੇ ਸਨ। ਉਹ ਬੇਬੇ ਨੂੰ ਕਹਿ ਕੇ ਚਲੇ ਜਾਂਦੇ ਕਿ- "ਬਿਜ਼ੀ ਸ਼ਡਿਊਲ ਹੈ, ਟਾਈਮ ਮਿਲਦੇ ਹੀ ਆਵਾਂਗੇ।" ਫਿਰ ਉਹ ਅੱਗੇ ਦੱਸਣ ਲੱਗੀ, "ਹੁਣ ਇਸ ਮਕਾਨ ਦੀ ਮਾਲਕੀ ਮੇਰੇ ਕੋਲ ਹੈ, ਜਿਸ ਵਿਚ ਮੈਂ ਰਹਿੰਦੀ ਹਾਂ। ਇਹ ਮਕਾਨ ਉਹ ਹੁਣ ਛੇਤੀ ਵੇਚਣਾ ਚਾਹੁੰਦੇ ਨੇ, ਪਰ ਇਹ ਮੇਰਾ ਆਪਣਾ ਪੁਰਾਣਾ ਮਕਾਨ ਹੈ ਤੇ ਮੈਂ ਕਈ ਵਰ੍ਹਿਆਂ ਤੋਂ ਸੋਚ ਰੱਖਿਐ ਕਿ ਇਸ ਮਕਾਨ ਨੂੰ ਵੇਚ ਕੇ ਮੈਂ ਆਪਣੇ ਪੰਜਾਬ ਰਹਿੰਦੇ ਗਰੀਬ ਭਾਣਜੇ ਦੀ ਮਦਦ ਕਰੂੰਗੀ। ਪਰ ਮੇਰੇ ਲੜਕੇ ਨੂੰ ਇਹ ਗੱਲ ਚੰਗੀ ਨਹੀਂ ਲੱਗਦੀ।" ਫਿਰ ਉਹ ਕੁਝ ਸੋਚ ਕੇ ਰੁਕ ਗਈ ਤੇ ਕਹਿਣ ਲੱਗੀ- "ਧੀਏ, ਜੇ ਤੂੰ ਮੇਰਾ ਕੁਝ ਸਾਮਾਨ ਹੀ ਪੰਜਾਬ ਲੈ ਜਾਵੇਂ, ਤੇ ਮੇਰੀ ਭੈਣ ਨੂੰ ਦੇ ਦੇਵੇਂ, ਮੁੱਦਤਾਂ ਹੋ ਗਈਆਂ ਉਸਨੂੰ ਮਿਲਿਆਂ।" ਮੈਂ ਕਿਹਾ "ਬੇਬੇ ਜੀ ਫ਼ਿਕਰ ਨਾ ਕਰੋ, ਮੈਂ ਛੇਤੀ ਹੀ ਜਾਣੈ, ਜ਼ਰੂਰ ਲੈ ਕੇ ਜਾਵਾਂਗੀ।" ਉਹ ਖੁਸ਼ ਹੋ ਗਈ।

ਫਿਰ ਅਗਲੇ ਦਿਨ ਮੇਰੀ ਨਜ਼ਰ ਬੇਬੇ ਦੇ ਦਰਵਾਜ਼ੇ 'ਤੇ ਗਈ। ਕੁਲਜੀਤ ਕੌਰ ਦੇ ਨਾਲ ਇਕ ਆਦਮੀ ਬਾਹਰ ਆ ਰਿਹਾ ਸੀ, ਉਹ ਤੇਜ਼ੀ ਨਾਲ ਚਲਾ ਗਿਆ। ਮੈਂ ਕੁਲਜੀਤ ਕੌਰ ਨੂੰ ਪੁੱਛਿਆ ਕਿ ਕੀ ਗੱਲ ਹੈ? ਉਹ ਕਹਿਣ ਲੱਗੀ ਕਿ ਬੇਬੇ ਜੀ ਰਾਤ ਦੇ ਬਿਮਾਰ ਹਨ, ਡਾਕਟਰ ਨੂੰ ਬੁਲਾਇਆ ਸੀ। ਹੁਣ ਕੁਝ ਕੁ ਠੀਕ ਨੇ। ਮੈਂ ਨਿੱਕਾ ਮੋਟਾ ਕੰਮ ਨਿਪਟਾ ਕੇ ਬੇਬੇ ਜੀ ਦੇ ਘਰ ਚਲੀ ਗਈ। "ਬੇਬੇ ਜੀ ਨੂੰ ਤਾਂ ਹਾਲੇ ਵੀ ਬੁਖਾਰ ਹੈ।" ਮੈਂ ਬੀਬੀ ਕੁਲਜੀਤ ਨੂੰ ਕਿਹਾ। ਉਹ ਕਹਿਣ ਲੱਗੀ- "ਮੈਡੀਸਨ ਦਿੱਤੀ ਹੈ, ਅੱਗੇ ਨਾਲੋਂ ਤਾਂ ਫਰਕ ਪੈ ਰਿਹੈ।" ਪਰ ਬੇਬੇ ਹਾਲੇ ਵੀ ਹੌਲੀ-ਹੌਲੀ ਗੱਲ ਕਰੀ ਜਾ ਰਹੀ ਸੀ। ਫਿਰ ਅਚਾਨਕ ਡੋਰ ਬੈਲ ਵੱਜੀ। ਕੁਲਜੀਤ ਨੇ ਬੂਹਾ ਖੋਲ੍ਹਿਆ, ਇਕ ਸੂਟ-ਬੂਟ ਪਹਿਨੇ ਹੋਏ, ਫਰੈਂਚ ਕੱਟ ਦਾੜ੍ਹੀ, ਗੋਰਾ-ਨਿਸ਼ੋਹ ਆਦਮੀ ਲਗਭਗ ਨੌਜਵਾਨ ਹੀ ਜਾਪਦਾ ਸੀ, ਤੇਜ਼ੀ ਨਾਲ ਪੌੜੀਆਂ ਚੜ੍ਹ ਕੇ ਉਪਰ ਆ ਗਿਆ ਤੇ ਪਲੰਘ ਦੇ ਕੋਲ ਝੁਕ ਕੇ ਕਹਿਣ ਲੱਗਾ, "ਹੋਰ ਕਿੱਦਾਂ ਹੋ ਬੀਜੀ?...

"ਆ... ਯੂ ਨੋ, ਆਈ ਵਾਜ਼ ਵੈਰੀ ਬਿਜ਼ੀ। ਕੀ ਕਹਿੰਦਾ ਡਾਕਟਰ ਤੇ ਕੀ ਲਿਆ ਹੈ ਤੁਸੀਂ?" ਕਿੰਨੇ ਹੀ ਵਾਕ ਉਸਨੇ ਇੱਕੋ ਸਾਹ ਪੂਰੇ ਕਰ ਦਿੱਤੇ। ਬੇਬੇ ਜੀ ਦੀਆਂ ਅੱਖਾਂ ਵਿਚ ਜਿਵੇਂ ਕੁਝ ਕੁ ਚਮਕ ਜਿਹੀ ਆ ਗਈ ਤੇ ਉਹਨੇ ਹਾਂ ਵਿਚ ਸਿਰ ਹਿਲਾਇਆ ਤੇ ਹੌਲੀ ਜਿਹੀ ਬੋਲੇ, "ਕੁਝ ਠੀਕ ਹਾਂ ਹੁਣ...।"

"ਜਦੋਂ ਕੁਲਜੀਤ ਬੀਬੀ ਨੇ ਮੈਨੂੰ ਫੋਨ ਕੀਤਾ... ਤੁਹਾਡੀ ਸਿਹਤ ਬਾਰੇ... ਮੈਂ ਉਦੋਂ ਆਫਿਸ ਵਿਚ ਸੀ।"

ਬੇਬੇ ਜੀ ਕਹਿਣ ਲੱਗੇ, "ਕੋਈ ਗੱਲ ਨੀ ਪੁੱਤ, ਮੈਨੂੰ ਪਤੈ।" ਉਹ ਸ਼ਖਸ ਬੇਬੇ ਜੀ ਦਾ ਪੁੱਤ ਸੀ। ਫਿਰ ਕੁਝ ਸਮਾਂ ਰੁਕਣ ਮਗਰੋਂ ਉਹਨੇ ਜਿਵੇਂ ਗਿਲਾ ਜਿਹਾ ਕੀਤਾ, "ਬੀਜੀ ਮੈਂ ਆਪਣੇ ਦੋਸਤ ਗਰੇਵਾਲ ਸਾਹਿਬ ਨੂੰ ਵਕੀਲ ਸਾਹਿਬ ਦੇ ਕਲਰਕ ਨਾਲ ਭੇਜਿਆ ਸੀ, ਤੁਸੀਂ ਸਾਈਨ ਨਹੀਂ ਕੀਤੇ? ਖ਼ੈਰ... ਇਟਸ ਓਕੇ...।" ਫਿਰ ਉਹ ਕੁਲਜੀਤ ਵੱਲ ਨੂੰ ਮੁੜਿਆ ਤੇ ਉਹਨੂੰ ਕਹਿਣ ਲੱਗਿਆ, "ਅੱਛਾ ਮੈਂ ਚੱਲਦਾਂ, ਲੋੜ ਪਈ ਤਾਂ ਮੈਨੂੰ ਕਾਲ ਕਰ ਦੇਣਾ, ਡੋਂਟ ਵਰੀ।" ਉਸਦੀ ਮੇਰੀ ਕੋਈ ਇੰਨੀ ਕਾਹਲ ਵਿਚ ਜਾਣ-ਪਛਾਣ ਹੀ ਨਾ ਹੋ ਸਕੀ। ਬੱਸ ਆਉਂਦਿਆਂ ਹੀ ਉਹਨੇ ਸਤਿ ਸ੍ਰੀ ਅਕਾਲ ਬੜੇ ਆਦਰ ਨਾਲ ਸਵੀਕਾਰ ਕਰ ਲਈ ਸੀ। ਫਿਰ ਉਹ ਬੇਬੇ ਜੀ ਦਾ ਹੱਥ ਫੜ ਕੇ ਦਿਲਾਸਾ ਦੇਣ ਲੱਗਿਆ, "ਬੀਜੀ ਡੋਂਟ ਵਰੀ ਐਂਡ ਟੇਕ-ਕੇਅਰ"...। ਫਿਰ ਉਹ ਇਕਦਮ ਪਿੱਛੇ ਮੁੜਿਆ ਤੇ ਤੇਜ਼ ਕਦਮਾਂ ਨਾਲ ਬਾਹਰ ਨਿਕਲ ਗਿਆ।

ਬੇਬੇ ਜੀ ਉਸੇ ਤਰ੍ਹਾਂ ਸ਼ਾਂਤ ਚਿੱਤ ਪਈ ਰਹੀ ਤੇ ਜਿਵੇਂ ਕਹਿ ਰਹੀ ਹੋਵੇ "ਇਹ ਤਾਂ ਬੱਸ ਇੰਝ ਹੀ ਆਉਂਦੈ।" ਮੈਂ ਬੇਬੇ ਜੀ ਨਾਲ ਕੁਝ ਸਮਾਂ ਹੌਲੀ-ਹੌਲੀ ਗੱਲਾਂ ਕਰਦੀ ਰਹੀ ਤੇ ਉਨ੍ਹਾਂ ਨੂੰ ਨੀਂਦ ਆਉਣ ਲੱਗੀ ਪਈ, ਮੈਂ ਕਿਹਾ, "ਬੇਬੇ ਜੀ ਤੁਸੀਂ ਸੌਂ ਜਾਓ, ਮੈਂ ਚੱਲਦੀ ਹਾਂ।" ਉਹ ਸੌਂ ਗਈ ਤੇ ਮੈਂ ਕੁਲਜੀਤ ਨੂੰ ਕਿਹਾ, "ਜੇ ਰਾਤੀਂ ਲੋੜ ਪਈ ਤਾਂ ਮੈਨੂੰ ਬੁਲਾ ਲੈਣਾ, ਮੈਂ ਆ ਜਾਵਾਂਗੀ।" ਉਹ ਕਹਿੰਦੀ "ਠੀਕ ਐ, ਤੁਸੀਂ ਵੀ ਸੌਂ ਜਾਓ।" ਸਵੇਰੇ ਮੇਰੇ ਸਿਰ ਵਿਚ ਕਾਫ਼ੀ ਦਰਦ ਮਹਿਸੂਸ ਹੋ ਰਿਹਾ ਸੀ ਤੇ ਮੈਂ ਜਲਦੀ ਨਾ ਉਠ ਸਕੀ, ਘੜੀ ਵੱਲ ਵੇਖਿਆ ਤਾਂ ਸਵਾ ਅੱਠ ਹੋ ਚੁੱਕੇ ਸਨ। ਬਿਸਤਰੇ 'ਚੋਂ ਉਠ ਕੇ ਫਰੈਸ਼ ਹੋ ਕੇ ਚਾਹ ਪਾਣੀ ਪੀਤਾ ਤੇ ਰੋਜ਼ਾਨਾ ਵਾਂਗ ਨਿੱਕਾ ਮੋਟਾ ਕੰਮ ਸ਼ੁਰੂ ਕਰਨ ਲੱਗ ਪਈ। ਮੇਰੇ ਮਨ ਵਿਚ ਕਾਹਲ ਵੀ ਸੀ ਕਿ ਬੇਬੇ ਜੀ ਦਾ ਪਤਾ ਛੇਤੀ ਲਿਆ ਜਾਵੇ। ਹਾਲੇ ਮੈਂ ਸੋਚਾਂ ਵਿਚ ਹੀ ਸੀ ਕਿ ਡੋਰ ਬੈਲ ਹੋਈ, ਮੈਂ ਬੂਹਾ ਖੋਲ੍ਹਿਆ, ਸਾਹਮਣੇ ਕੁਲਜੀਤ ਸੀ, ਕੁਝ ਚੁੱਪ ਜਿਹੀ। ਮੈਂ ਕਿਹਾ, "ਤੁਸੀਂ ਅੰਦਰ ਆ ਜਾਓ", ਪਰ ਉਹ ਕਹਿਣ ਲੱਗੀ "ਬੇਬੇ ਜੀ ਜ਼ਿਆਦਾ ਔਖੇ ਨੇ ਤੇ ਮੈਂ ਬੇਬੇ ਜੀ ਦੇ ਲੜਕੇ ਨੂੰ ਫ਼ੋਨ ਕੀਤਾ, ਸ਼ਾਇਦ ਆ ਹੀ ਜਾਵੇ।" ਉਹ ਮੈਨੂੰ ਜਜ਼ਬਾਤੀ ਹੋ ਕੇ ਕਹਿਣ ਲੱਗੀ, "ਬੀਬਾ ਜੇ ਤੁਸੀਂ ਬੇਬੇ ਜੀ ਕੋਲ ਬਹਿ ਕੇ ਪਾਠ ਹੀ ਕਰ ਲਵੋਂ...।" "ਮੈਂ ਕਿਹਾ, ਕਿਉਂ ਨਹੀਂ? ਹੁਣੇ ਆਈ।" ਮੈਂ ਵੀ ਸਮਝ ਗਈ ਸੀ ਸ਼ਾਇਦ...। ਮੈਂ ਬੇਬੇ ਜੀ ਕੋਲ ਬਹਿ ਕੇ ਘੰਟਾ ਭਰ ਪਾਠ ਕਰਦੀ ਰਹੀ ਤੇ ਉਨ੍ਹਾਂ ਦੇ ਸੌਂ ਜਾਣ 'ਤੇ ਵਾਪਿਸ ਆ ਗਈ। ਘੰਟਾ ਭਰ ਮੈਂ ਸਟੱਡੀ ਟੇਬਲ 'ਤੇ ਬਹਿ ਕੇ ਲਿਖਦੀ ਰਹੀ, ਫਿਰ ਮੈਂ ਪਰਦਾ ਹਟਾ ਕੇ ਬਾਹਰ ਦੇਖਿਆ। ਇਕ ਕਾਰ ਆ ਕੇ ਬੇਬੇ ਜੀ ਦੇ ਦਰਵਾਜ਼ੇ 'ਤੇ ਰੁਕੀ। ਬੇਬੇ ਜੀ ਦਾ ਲੜਕਾ ਆਇਆ ਸੀ, ਉਸਦੇ ਪਿੱਛੇ ਹੀ ਦੋ ਕਾਰਾਂ ਹੋਰ ਆ ਕੇ ਰੁਕੀਆਂ, ਜਿਨ੍ਹਾਂ ਵਿਚ ਦੋ ਔਰਤਾਂ ਸਮੇਤ ਇਕ ਵਿਅਕਤੀ ਹੋਰ ਸੀ। ਸ਼ਾਇਦ ਬੇਬੇ ਜੀ ਦਾ ਪੋਤਰਾ, ਨੂੰਹ ਅਤੇ ਪੋਤ ਨੂੰਹ...। ਮੇਰੇ ਕੋਲੋਂ ਰੁਕਿਆ ਨਾ ਗਿਆ ਤੇ ਮੈਂ ਵੀ ਬੇਬੇ ਦੇ ਘਰ ਆ ਗਈ। ਕੁਲਜੀਤ ਪੌੜੀਆਂ ਵਿਚ ਬੈਠੀ ਰੋ ਰਹੀ ਸੀ, ਮੇਰੇ ਕਦਮ ਉਥੇ ਹੀ ਖਲੋ ਗਏ ਪਰ ਇਹੀ ਤਾਂ ਸੰਸਾਰ ਦਾ ਵੱਡਾ ਸੱਚ ਹੈ, ਮੈਂ ਭਾਵੁਕ ਹੋ ਗਈ। ਮੈਂ ਤੇ ਬੀਬੀ ਕੁਲਜੀਤ ਇਕ ਦੂਜੇ ਨੂੰ ਵੇਖਦਿਆਂ ਹੀ ਜਜ਼ਬਾਤੀ ਹੋ ਗਈਆਂ। ਮੈਂ ਉਪਰ ਦੇ ਰੂਮ ਵਿਚ ਗਈ, ਬੇਬੇ, ਚੁੱਪ-ਚਾਪ ਸ਼ਾਂਤ ਲੰਮੀਆਂ ਤਾਣ ਕੇ ਸਦਾ ਲਈ ਨੀਂਦ ਦੀ ਗੋਦ ਵਿਚ ਚਲੀ ਗਈ ਸੀ। ਉਸਦਾ ਲੜਕਾ, ਪੋਤਰਾ, ਨੂੰਹ ਸਾਰੇ ਪਲੰਘ ਦੇ ਆਲੇ-ਦੁਆਲੇ ਖੜ੍ਹੇ ਸਨ। ਮੇਰੇ ਦਿਮਾਗ ਵਿਚ ਵਾਰ-ਵਾਰ ਰਾਤੀਂ ਬੇਬੇ ਜੀ ਦੇ ਪੁੱਤਰ ਵੱਲੋਂ ਕਿਹਾ ਸ਼ਬਦ 'ਟੇਕ ਕੇਅਰ' ਘੁੰਮ ਰਿਹਾ ਸੀ। ਅਗਲੇ ਦਿਨ ਕੁਲਜੀਤ ਨੇ ਮੈਨੂੰ ਇਕ ਛੋਟਾ ਜਿਹਾ ਬੈਗ ਲਿਆ ਕਿ ਫੜਾ ਦਿੱਤਾ, ਇਸ ਵਿਚ ਸ਼ਾਇਦ ਬੇਬੇ ਜੀ ਭੈਣ ਲਈ ਸਾਮਾਨ ਸੀ। ਇਹ ਬੇਬੇ ਦੀ ਆਖ਼ਰੀ ਅਮਾਨਤ ਜੋ ਮੈਂ ਕੀਤੇ ਵਾਅਦੇ ਅਨੁਸਾਰ ਬੇਬੇ ਦੀ ਭੈਣ ਦੇ ਪਿੰਡ (ਪੰਜਾਬ) ਪਹੁੰਚਾਉਣੀ ਸੀ।

# ਰੱਖਿਆ ਮੰਤਰਾਲੇ ਵੱਲੋਂ ਸਾਬਕਾ ਫੌਜੀਆਂ ਤੇ ਪਰਿਵਾਰਾਂ ਨੂੰ ਮਿਲਦੀਆਂ ਤਿੰਨ ਗ੍ਰਾਂਟਾਂ ਵਿਚ ਦੁੱਗਣਾ ਵਾਧਾ

**ਨਵੀਂ ਦਿੱਲੀ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸਾਬਕਾ ਫੌਜੀਆਂ (Ex-Servicemen) ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਐਕਸ ਸਰਵਿਸਮੈਨ ਵੈਲਵੇਅਰ ਵਿਭਾਗ ਵੱਲੋਂ ਕੇਂਦਰੀ ਸੈਨਿਕ ਬੋਰਡ ਰਾਹੀਂ ਲਾਗੂ ਵੱਖ ਵੱਖ ਸਕੀਮਾਂ ਤਹਿਤ ਮਿਲਦੀ ਵਿੱਤੀ ਸਹਾਇਤਾ ਦੁੱਗਣੀ ਕਰ ਦਿੱਤੀ ਹੈ। ਰੱਖਿਆ ਮੰਤਰਾਲੇ ਨੇ ਬੁੱਧਵਾਰ ਨੂੰ ਵਧੇ ਹੋਏ ਲਾਭਾਂ ਦੀ ਸੂਚੀ ਜਾਰੀ ਕੀਤੀ ਹੈ।

Penury Grant ਨੂੰ ਪ੍ਰਤੀ ਲਾਭਪਾਤਰੀ 4,000 ਰੁਪਏ ਤੋਂ ਵਧਾ ਕੇ 8,000 ਰੁਪਏ ਪ੍ਰਤੀ ਮਾਸਿਕ ਕੀਤਾ ਗਿਆ ਹੈ। ਇਹ ਗ੍ਰਾਂਟ ਉਨ੍ਹਾਂ ਬਜ਼ੁਰਗ ਸਾਬਕਾ ਸੈਨਿਕਾਂ ਨੂੰ ਮਿਲਦੀ ਹੈਠ ਜੋ ਪੈਨਸ਼ਨ ਲਈ ਯੋਗ ਨਹੀਂ ਸਨ। ਇਹ ਗ੍ਰਾਂਟ 65 ਸਾਲ ਤੋਂ ਵੱਧ ਉਮਰ ਦੀਆਂ ਉਨ੍ਹਾਂ ਦੀਆਂ ਵਿਧਵਾਵਾਂ 'ਤੇ ਵੀ ਲਾਗੂ ਹੋਵੇਗੀ।

ਇਸੇ ਤਰ੍ਹਾਂ ਪਹਿਲੀ ਜਮਾਤ ਤੋਂ ਲੈ ਕੇ ਗਰੈਜੂਏਸ਼ਨ ਤੱਕ ਦੋ ਆਸ਼ਰਿਤ ਬੱਚਿਆਂ ਲਈ ਪ੍ਰਤੀ ਵਿਅਕਤੀ ਮਿਲਦੀ 'ਸਿੱਖਿਆ ਗ੍ਰਾਂਟ' ਨੂੰ 1,000 ਰੁਪਏ ਤੋਂ ਵਧਾ ਕੇ 2,000 ਰੁਪਏ ਮਾਸਿਕ ਕੀਤਾ ਗਿਆ ਹੈ। ਸੈਨਿਕਾਂ ਦੀਆਂ ਵਿਧਵਾਵਾਂ ਲਈ ਦੋ ਸਾਲਾਂ ਪੋਸਟ ਗਰੈਜੂਏਟ ਕੋਰਸ ਲਈ ਵੀ ਇਹ ਰਾਸ਼ੀ ਵਧਾਈ ਜਾਵੇਗੀ।

Marriage Grant ਵੀ ਪ੍ਰਤੀ ਲਾਭਪਾਤਰੀ 50,000 ਰੁਪਏ ਤੋਂ ਵਧਾ ਕੇ 1,00,000 ਰੁਪਏ ਕਰ ਦਿੱਤੀ ਗਈ ਹੈ। ਇਹ ਸਾਬਕਾ ਸੈਨਿਕਾਂ ਦੀਆਂ ਦੋ ਧੀਆਂ ਤੱਕ ਅਤੇ ਵਿਧਵਾ ਪੁਨਰ-ਵਿਆਹ ਲਈ ਲਾਗੂ ਹੈ।

ਸੋਧੀਆਂ ਦਰਾਂ 1 ਨਵੰਬਰ, 2025 ਤੋਂ ਜਮ੍ਹਾਂ ਕਰਵਾਈਆਂ ਗਈਆਂ ਅਰਜ਼ੀਆਂ 'ਤੇ ਲਾਗੂ ਹੋਣਗੀਆਂ। ਇਸ ਨਾਲ 257 ਕਰੋੜ ਰੁਪਏ ਦਾ ਸਾਲਾਨਾ ਵਿੱਤੀ ਬੋਝ ਪਏਗਾ, ਜੋ ਆਰਮਡ ਫੋਰਸਿਜ਼ ਫਲੈਗ ਡੇਅ ਫੰਡ (16646) ਤੋਂ ਪੂਰਾ ਕੀਤਾ ਜਾਵੇਗਾ। ਇਨ੍ਹਾਂ ਯੋਜਨਾਵਾਂ ਨੂੰ 'ਰਕਸ਼ਾ ਮੰਤਰੀ ਐਕਸ-ਸਰਵਿਸਮੈਨ ਵੈਲਫੇਅਰ ਫੰਡ' ਰਾਹੀਂ ਫੰਡ ਦਿੱਤਾ ਜਾਂਦਾ ਹੈ, ਜੋ ਕਿ ਆਰਮਡ ਫੋਰਸਿਜ਼ ਫਲੈਗ ਡੇਅ ਫੰਡ (16646) ਦਾ ਇੱਕ ਉਪ ਸਮੂਹ ਹੈ।

# ਦਲਿਤਾਂ ਦੇ ਮੁੱਦੇ 'ਤੇ 'ਆਪ' ਦੇ ਵਫ਼ਦ ਵੱਲੋਂ ਰਾਜਪਾਲ ਨਾਲ ਮੁਲਾਕਾਤ




**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

: ਆਮ ਆਦਮੀ ਪਾਰਟੀ ਦਾ ਵਫ਼ਦ ਅੱਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ 'ਚ ਦਲਿਤਾਂ 'ਤੇ ਅੱਤਿਆਚਾਰ ਦੇ ਮਾਮਲੇ 'ਤੇ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੂੰ ਮਿਲਿਆ। ਵਫ਼ਦ ਨੇ ਏਡੀਜੀਪੀ ਵਾਈ ਪੂਰਨ ਕੁਮਾਰ ਦੀ ਖ਼ੁਦਕੁਸ਼ੀ ਦਾ ਮਾਮਲਾ ਉਠਾਇਆ ਅਤੇ ਹਰਿਆਣਾ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ।

ਵਿੱਤ ਮੰਤਰੀ ਨੇ ਦੱਸਿਆ ਕਿ ਭਾਜਪਾ ਸਰਕਾਰ ਨੇ ਦੇਸ਼ ਭਰ 'ਚ ਦਲਿਤਾਂ ਖ਼ਿਲਾਫ਼ ਮੁਹਿੰਮ ਵਿੱਢੀ ਹੋਈ ਹੈ ਅਤੇ ਭਾਜਪਾ ਦੀ ਹਕੂਮਤ ਵਾਲੇ ਸੂਬਿਆਂ 'ਚ ਦਲਿਤਾਂ 'ਤੇ ਅੱਤਿਆਚਾਰ ਵਧੇ ਹਨ। ਉਨ੍ਹਾਂ ਕਿਹਾ ਕਿ ਹਰਿਆਣਾ 'ਚ ਵੀ ਦਲਿਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਚੀਮਾ ਨੇ ਕਿਹਾ ਕਿ ਭਾਜਪਾ ਸਰਕਾਰ ਦੀ ਇਸ ਮੁਹਿੰਮ ਦੇ ਖ਼ਿਲਾਫ਼ ਆਮ ਆਦਮੀ ਪਾਰਟੀ ਲਹਿਰ ਚਲਾਈ ਜਾਵੇਗੀ। ਉਨ੍ਹਾਂ ਏਡੀਜੀਪੀ ਦੀ ਖ਼ੁਦਕੁਸ਼ੀ ਦੇ ਮਾਮਲੇ 'ਚ ਇਨਸਾਫ਼ ਮੰਗਿਆ ਅਤੇ ਗਵਰਨਰ ਨੂੰ ਮੈਮੋਰੰਡਮ ਦੇ ਕੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਕੀਤੀ ਹੈ। ਚੀਮਾ ਨੇ ਕਿਹਾ ਕਿ ਜੇਕਰ ਨਿਆਂ ਨਾ ਮਿਲਿਆ ਤਾਂ ਭਾਜਪਾ ਸਰਕਾਰ ਖ਼ਿਲਾਫ਼ ਵੱਡਾ ਅੰਦੋਲਨ ਸ਼ੁਰੂ ਕੀਤਾ ਜਾਵੇਗਾ।

# ਸੁਪਰੀਮ ਕੋਰਟ ਵੱਲੋਂ ਦਿੱਲੀ-ਐੱਨਸੀਆਰ ਵਿਚ ਗ੍ਰੀਨ ਕਰੈਕਰ ਵੇਚਣ ਤੇ ਚਲਾਉਣ ਦੀ ਖੁੱਲ੍ਹ

## ਦਿੱਲੀ ਐਨ.ਸੀ.ਆਰ. ਵਿਚ ਬਾਹਰੋਂ ਪਟਾਕੇ ਲਿਆ ਕੇ ਵੇਚਣ 'ਤੇ ਰਹੇਗੀ ਪਾਬੰਦੀ; ਵੇਚਣ ਵਾਲੇ ਦਾ ਲਾਇਸੈਂਸ ਹੋਵੇਗਾ ਰੱਦ

**ਨਵੀਂ ਦਿੱਲੀ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਨੇ ਦੀਵਾਲੀ ਮੌਕੇ ਦਿੱਲੀ ਐੱਨਸੀਆਰ ਵਿਚ ਗ੍ਰੀਨ ਪਟਾਕੇ ਵੇਚਣ ਤੇ ਚਲਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਚੀਫ਼ ਜਸਟਿਸ ਬੀਆਰ ਗਵਈ ਤੇ ਜਸਟਿਸ ਕੇ.ਵਿਨੋਦ ਚੰਦਰਨ ਦੇ ਬੈਂਚ ਨੇ ਗ੍ਰੀਨ ਪਟਾਕਿਆਂ 'ਤੇ ਲੱਗੀ ਪਾਬੰਦੀ ਵਿਚ ਛੋਟ ਦਿੰਦਿਆਂ ਕੇਂਦਰ ਸਰਕਾਰ ਤੇ ਦਿੱਲੀ ਸਰਕਾਰ ਦੀ ਸਾਂਝੀ ਅਪੀਲ ਨੂੰ ਮਨਜ਼ੂਰੀ ਦੇ ਦਿੱਤੀ।

ਬੈਂਚ ਨੇ ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡਾਂ ਤੇ ਐੱਨਸੀਆਰ ਦੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡਾਂ ਨੂੰ ਦੀਵਾਲੀ ਦੌਰਾਨ ਪ੍ਰਦੂਸ਼ਣ ਦੇ ਪੱਧਰ 'ਤੇ ਨਿਗਰਾਨੀ ਰੱਖਣ ਤੇ ਇਸ ਸਬੰਧੀ ਰਿਪੋਰਟ ਦਾਇਰ ਕਰਨ ਦੀ ਹਦਾਇਤ ਕੀਤੀ ਹੈ। ਬੈਂਚ ਨੇ ਕਿਹਾ, "ਆਰਜ਼ੀ ਉਪਰਾਲੇ ਵਜੋਂ ਅਸੀਂ 18 ਤੋਂ 21 ਅਕਤੂਬਰ ਤੱਕ ਪਟਾਕੇ ਚਲਾਉਣ ਦੀ ਇਜਾਜ਼ਤ ਦਿੰਦੇ ਹਾਂ।"

ਸੀਜੇਆਈ ਨੇ ਹੁਕਮਾਂ ਦੇ ਕਾਰਜ਼ਸੀਲ ਹਿੱਸੇ ਨੂੰ ਪੜ੍ਹਦਿਆਂ ਕਿਹਾ, "ਦਿੱਲੀ ਐੱਨਸੀਆਰ ਵਿਚ ਪਟਾਕਿਆਂ ਦੀ ਤਸਕਰੀ ਕੀਤੀ ਜਾ ਰਹੀ ਹੈ, ਤੇ ਇਹ ਪਟਾਕੇ ਗ੍ਰੀਨ ਪਟਾਕਿਆਂ ਨਾਲੋਂ ਵੱਧ ਨੁਕਸਾਨ ਕਰਦੇ ਹਨ।" ਸੀਜੇਆਈ ਨੇ ਕਿਹਾ, "ਸਾਨੂੰ ਚੌਗਿਰਦੇ ਨਾਲ ਸਮਝੌਤਾ ਕੀਤੇ ਬਗੈਰ ਸੰਤੁਲਤ ਪਹੁੰਚ ਅਪਣਾਉਣੀ ਹੋਵੇਗੀ।"

ਹੁਕਮਾਂ ਵਿਚ ਕਿਹਾ ਗਿਆ ਕਿ ਪੈਟਰੋਲਿੰਗ ਟੀਮਾਂ ਪਟਾਕਾ ਨਿਰਮਾਤਾਵਾਂ 'ਤੇ ਨਿਯਮਤ ਅੱਖ ਰੱਖਣਗੀਆਂ ਤੇ ਉਨ੍ਹਾਂ ਦੇ ਕਿਊਆਰ ਕੋਡ ਵੈੱਬਸਾਈਟਾਂ 'ਤੇ ਅਪਲੋਡ ਕਰਨੇ ਹੋਣਗੇ। ਬੈਂਚ ਨੇ ਕਿਹਾ ਕਿ ਦਿੱਲੀ ਐੱਨਸੀਆਰ ਤੋਂ ਬਾਹਰਲੇ ਪਟਾਕੇ ਇਥੇ ਨਹੀਂ ਵੇਚੇ ਜਾ ਸਕਣਗੇ ਤੇ ਜੇਕਰ ਅਜਿਹਾ ਹੁੰਦਾ ਹੈ ਤਾਂ ਵੇਚਣ ਵਾਲੇ ਦਾ ਲਾਇਸੈਂਸ ਮੁਅੱਤਲ ਕੀਤਾ ਜਾਵੇਗਾ।

ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਦਿੱਲੀ ਐੱਨਸੀਆਰ ਵਿਚ ਗ੍ਰੀਨ ਪਟਾਕਿਆਂ ਦੇ ਨਿਰਮਾਣ ਤੇ ਵਿਕਰੀ ਦੀ ਇਜਾਜ਼ਤ ਮੰਗਦੀਆਂ ਪਟੀਸ਼ਨਾਂ 'ਤੇ 10 ਅਕਤੂਬਰ ਨੂੰ ਫੈਸਲਾ ਰਾਖਵਾਂ ਰੱਖ ਲਿਆ ਸੀ। ਕੌਮੀ ਰਾਜਧਾਨੀ ਖੇਤਰ ਰਾਜਾਂ ਤੇ ਕੇਂਦਰ ਵੱਲੋਂ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਪੇਸ਼ ਹੋਏ। ਮਹਿਤਾ ਨੇ ਕੋਰਟ ਨੂੰ ਅਪੀਲ ਕੀਤੀ ਸੀ ਕਿ ਦਿੱਲੀ ਐੱਨਸੀਆਰ ਵਿਚ ਦੀਵਾਲੀ, ਗੁਰਪੁਰਬ ਤੇ ਕ੍ਰਿਸਮਸ ਮੌਕੇ ਬਿਨਾਂ ਕਿਸੇ ਸਮੇਂ ਦੀ ਪਾਬੰਦੀ ਦੇ ਗ੍ਰੀਨ ਪਟਾਕੇ ਚਲਾਉਣ ਦੀ ਇਜਾਜ਼ਤ

# ਪੰਜਾਬ ਸਰਕਾਰ ਦਾ ਵਾਅਦਾ ਵਫ਼ਾ ਹੋਇਆ, ਜ਼ਿਲ੍ਹਾ ਸੰਗਰੂਰ ਦੇ ਹੜ੍ਹ ਪੀੜ੍ਹਤਾਂ ਦੀ ਮਦਦ ਲਈ 3.50 ਕਰੋੜ ਰੁਪਏ ਦੀ ਪਹਿਲੀ ਮੁਆਵਜ਼ਾ ਕਿਸ਼ਤ ਜਾਰੀ

## ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਧੂਰੀ ਤੋਂ ਮੁਆਵਜ਼ਾ ਵੰਡਣ ਦੀ ਕੀਤੀ ਸ਼ੁਰੂਆਤ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਹੜ੍ਹ ਪੀੜ੍ਹਤਾਂ ਨੂੰ ਦੀਵਾਲੀ ਤੋਂ ਪਹਿਲਾਂ (30 ਦਿਨਾਂ ਵਿੱਚ) ਮੁਆਵਜ਼ਾ/ਰਾਹਤ ਰਾਸ਼ੀ ਪ੍ਰਦਾਨ ਕਰਨ ਦਾ ਵਾਅਦਾ ਪੂਰਾ ਕਰਦਿਆਂ ਸੂਬੇ ਲਈ 209 ਕਰੋੜ ਰੁਪਏ ਦੀ ਪਹਿਲੀ ਕਿਸ਼ਤ ਜਾਰੀ ਕਰ ਦਿੱਤੀ ਹੈ। ਜਿਸ ਵਿੱਚੋਂ ਜ਼ਿਲ੍ਹਾ ਸੰਗਰੂਰ ਦੇ ਹੜ੍ਹ ਪੀੜ੍ਹਤਾਂ ਨੂੰ 3.50 ਕਰੋੜ ਰੁਪਏ ਵੰਡੇ ਜਾਣਗੇ। ਅੱਜ ਹਲਕਾ ਧੂਰੀ ਦੇ 8 ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਪੰਜਾਬ ਦੇ ਵਿੱਤ ਅਤੇ ਯੋਜਨਾ ਮੰਤਰੀ ਸ੍ਰ ਹਰਪਾਲ ਸਿੰਘ ਚੀਮਾ ਨੇ ਮਨਜ਼ੂਰੀ ਪੱਤਰ ਵੰਡ ਕੇ ਮੁਆਵਜ਼ਾ ਵੰਡਣ ਦੀ ਸ਼ੁਰੂਆਤ ਕੀਤੀ। ਇਸ ਮੌਕੇ ਬੋਲਦਿਆਂ ਉਨ੍ਹਾਂ ਕਿਹਾ ਕਿ ਅੱਜ ਪੰਜਾਬ ਭਰ ਦੇ 13 ਕੈਬਨਿਟ ਮੰਤਰੀ ਮਿਸ਼ਨ ਪੁਨਰਵਾਸ ਤਹਿਤ ਰਾਹਤ ਰਾਸ਼ੀ ਵੰਡਣ ਲਈ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਰਹੇ ਹਨ। ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਨੇ ਬੀਤੇ ਦਿਨੀਂ ਅਜਨਾਲਾ ਵਿੱਚ 631 ਕਿਸਾਨਾਂ ਨੂੰ 5.70 ਕਰੋੜ ਰੁਪਏ ਦੇ ਚੈੱਕ ਵੰਡ ਕੇ ਮਿਸ਼ਨ ਪੁਨਰਵਾਸ ਦੀ ਸ਼ੁਰੂਆਤ ਕੀਤੀ ਸੀ। ਉਹਨਾਂ ਕਿਹਾ ਕਿ ਦੇਸ਼ ਵਿੱਚ ਪਹਿਲੀ ਵਾਰ ਕਿਸਾਨਾਂ ਨੂੰ ਪ੍ਰਤੀ ਏਕੜ 20,000 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਪੰਜਾਬ ਸਰਕਾਰ ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੀ ਹੈ। ਉਹਨਾਂ ਕਿਹਾ ਕਿ ਭਾਰੀ ਮੀਂਹ ਅਤੇ ਹੜ੍ਹ ਕਾਰਨ ਸੂਬੇ ਭਰ ਵਿੱਚ ਵੱਡੀ ਪੱਧਰ ਉੱਤੇ ਫਸਲਾਂ ਖ਼ਰਾਬ ਹੋ ਗਈਆਂ ਸਨ। ਕਈ ਲੋਕਾਂ ਦੇ ਘਰ ਅਤੇ ਹੋਰ ਇਮਾਰਤਾਂ ਢਹਿ ਗਈਆਂ ਸਨ। ਹਰੇਕ ਪ੍ਰਭਾਵਿਤ ਪਰਿਵਾਰ ਨੂੰ ਹੋਏ ਨੁਕਸਾਨ ਦੀ ਪੜਤਾਲ ਉਪਰੰਤ ਰਾਹਤ ਰਾਸ਼ੀ ਦਿੱਤੀ ਜਾਵੇਗੀ। ਇਹ ਵੀ ਪਹਿਲੀ ਵਾਰ ਹੈ ਕਿ ਨੁਕਸਾਨੇ ਗਏ ਹਰੇਕ ਘਰ ਨੂੰ 40 ਹਜ਼ਾਰ ਰੁਪਏ ਮਿਲਣਗੇ ਜਦਕਿ ਪਹਿਲਾਂ ਸਿਰਫ਼ 4 ਹਜ਼ਾਰ ਰੁਪਏ ਮਿਲਦੇ ਸਨ। ਕਿਸਾਨਾਂ ਨੂੰ ਫ਼ਸਲ ਦੇ ਖ਼ਰਾਬੇ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਮਿਲਣਗੇ।

ਉਹਨਾਂ ਕਿਹਾ ਕਿ ਪੰਜਾਬ ਅਤੇ ਪੰਜਾਬੀ ਲੋਕ ਹਰ ਮੁਸ਼ਕਿਲ ਦੀ ਘੜੀ ਵਿੱਚ ਕੁਦਰਤੀ ਕਰੋਪੀਆਂ ਦੇ ਪੀੜ੍ਹਤਾਂ ਨਾਲ ਖੜਦੇ ਆਏ ਹਨ। ਪਰ ਕੇਂਦਰ ਸਰਕਾਰ ਪੰਜਾਬ ਅਤੇ ਪੰਜਾਬੀਆਂ ਨਾਲ ਹਰ ਖੇਤਰ ਵਿੱਚ ਧੱਕਾ ਕਰਦੀ ਹੈ। ਉਹਨਾਂ ਕੇਂਦਰ ਸਰਕਾਰ ਤੋਂ ਉਹਨਾਂ 1600 ਕਰੋੜ ਰੁਪਏ ਜਾਰੀ ਕਰਨ ਦੀ ਮੰਗ ਕੀਤੀ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੌਰੇ ਦੌਰਾਨ ਐਲਾਨ ਕਰਕੇ ਗਏ ਸਨ। ਉਹਨਾਂ ਸਪੱਸ਼ਟ ਕੀਤਾ ਕਿ ਕੇਂਦਰ ਵੱਲੋਂ ਜਾਰੀ ਕੀਤੇ ਗਏ 240 ਕਰੋੜ ਰੁਪਏ ਤਾਂ ਸਾਲਾਨਾ ਕਿਸ਼ਤ ਦਾ ਹਿੱਸਾ ਹਨ।

ਸ੍ਰ ਚੀਮਾ ਨੇ ਦਾਅਵਾ ਕੀਤਾ ਕਿ ਪੰਜਾਬ ਸਰਕਾਰ ਨੇ ਲੋਕਾਂ ਦੇ ਸਹਿਯੋਗ ਨਾਲ ਪੂਰੀ ਤਾਕਤ ਝੋਕ ਕੇ ਹੜ੍ਹਾਂ ਦਾ ਮੁਕਾਬਲਾ ਕੀਤਾ ਹੈ। ਜੇਕਰ ਸਮੇਂ ਸਿਰ ਬਚਾਅ ਅਤੇ ਰਾਹਤ ਕਾਰਜ ਨਾ ਸ਼ੁਰੂ ਕੀਤੇ ਜਾਂਦੇ ਤਾਂ ਨੁਕਸਾਨ ਬਹੁਤ ਜ਼ਿਆਦਾ ਹੋਣਾ ਸੀ। ਉਹਨਾਂ ਜ਼ਿਲ੍ਹਾ ਪ੍ਰਸ਼ਾਸ਼ਨ ਸੰਗਰੂਰ ਦੀ ਪਿੱਠ ਥਾਪੜਦਿਆਂ ਕਿਹਾ ਕਿ ਘੱਗਰ ਵਿੱਚ 747 ਫੁੱਟ ਪਾਣੀ ਹੋਣ ਉਤੇ ਪਾੜ ਪੈ ਜਾਂਦਾ ਸੀ। ਇਸ ਵਾਰ 755 ਫੁੱਟ ਪਾਣੀ ਹੋਣ ਉੱਤੇ ਵੀ ਸਥਿਤੀ ਕਾਬੂ ਵਿੱਚ ਰਹੀ।

ਇਸ ਤੋਂ ਪਹਿਲਾਂ ਸ਼੍ਰੀ ਰਾਹੁਲ ਚਾਬਾ ਡਿਪਟੀ ਕਮਿਸ਼ਨਰ, ਸੰਗਰੂਰ ਨੇ ਜ਼ਿਲ੍ਹਾ ਸੰਗਰੂਰ ਵਿੱਚ ਹੜ੍ਹ ਦਾ ਮੁਕਾਬਲਾ ਕਰਨ ਲਈ ਕੀਤੇ ਗਏ ਯਤਨਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਦਾ ਇਹ ਮੁਆਵਜ਼ਾ ਰਾਸ਼ੀ ਜਾਰੀ ਕਰਨ ਲਈ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਿਲੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਹੰਗਾਮੀ ਸਥਿਤੀ ਦਾ ਮੁਕਾਬਲਾ ਕਰਨ ਲਈ ਅਗਾਊਂ ਪ੍ਰਬੰਧ ਕੀਤੇ ਗਏ ਸਨ।

# ਕੋਟਕ ਸਿਕਿਓਰਿਟੀਜ਼ ਨੇ ਮੂਹੂਰਤ ਵਪਾਰ ਨਿਵੇਸ਼ਾਂ ਲਈ ਚੋਟੀ ਦੀਆਂ ਚੋਣਾਂ ਦੀ ਸੂਚੀ ਚੁਣੀ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਵਤ 2081 ਵਿੱਚ ਭਾਰਤੀ ਸਟਾਕ ਬਾਜ਼ਾਰਾਂ ਨੇ ਘੱਟ ਪ੍ਰਦਰਸ਼ਨ ਕੀਤਾ, ਕਈ ਵਿਸ਼ਵ ਬਾਜ਼ਾਰਾਂ ਤੋਂ ਪਿੱਛੇ ਰਹਿ ਗਏ। ਇਹ ਮੁੱਖ ਤੌਰ 'ਤੇ ਕਮਜ਼ੋਰ ਕਾਰਪੋਰੇਟ ਕਮਾਈ, ਟੈਰਿਫ-ਸਬੰਧਤ ਅਨਿਸ਼ਚਿਤਤਾ, ਨਾਲ ਹੀ ਭੂ-ਰਾਜਨੀਤਿਕ ਤਣਾਅ ਅਤੇ ਆਰਥਿਕ ਚੁਣੌਤੀਆਂ ਦੇ ਕਾਰਨ ਸੀ। ਮਾਰਚ 2025 ਵਿੱਚ, ਨਿਫਟੀ ਲਗਭਗ 21,750 ਤੱਕ ਡਿੱਗ ਗਿਆ, ਜਦੋਂ ਕਿ BSE ਸੈਂਸੈਕਸ 71,500 ਤੱਕ ਡਿੱਗ ਗਿਆ। ਸੰਵਤ 2081 ਦੌਰਾਨ ਦੋਵੇਂ ਬੈਂਚਮਾਰਕ ਸੂਚਕਾਂਕ ਲਗਭਗ 1.5% ਕਮਜ਼ੋਰ ਹੋਏ। ਨਿਫਟੀ ਮਿਡਕੈਪ ਅਤੇ ਸਮਾਲਕੈਪ ਸੂਚਕਾਂਕ ਹੋਰ ਵੀ ਕਮਜ਼ੋਰ ਪ੍ਰਦਰਸ਼ਨ ਕੀਤਾ, ਕ੍ਰਮਵਾਰ 5.6% ਅਤੇ 5.4% ਡਿੱਗ ਗਏ।

ਭਾਰਤੀ ਬਾਜ਼ਾਰਾਂ ਵਿੱਚ ਇਹ ਗਿਰਾਵਟ ਹੋਰ ਵੀ ਹੈਰਾਨੀਜਨਕ ਸੀ ਕਿਉਂਕਿ ਉਸੇ ਸਮੇਂ, ਸਕਾਰਾਤਮਕ ਉਪਾਅ ਕੀਤੇ ਜਾ ਰਹੇ ਸਨ, ਜਿਸ ਵਿੱਚ ਦੁਨੀਆ ਭਰ ਵਿੱਚ ਭੂ-ਰਾਜਨੀਤਿਕ ਤਣਾਅ ਘਟਾਉਣ ਦੀਆਂ ਕੋਸ਼ਿਸ਼ਾਂ, ਘਟਦੀ ਗਲੋਬਲ ਅਤੇ ਘਰੇਲੂ ਮਹਿੰਗਾਈ, ਕੱਚੇ ਤੇਲ ਦੀਆਂ ਕੀਮਤਾਂ ਵਿੱਚ ਕਮੀ, RBI ਅਤੇ US Fed ਦੁਆਰਾ ਵਿਆਜ ਦਰਾਂ ਵਿੱਚ ਕਟੌਤੀ, GST ਸੁਧਾਰ, ਆਮਦਨ ਟੈਕਸ ਸਲੈਬਾਂ ਵਿੱਚ ਵਾਧਾ, ਅਤੇ ਭਾਰਤ ਸਰਕਾਰ ਦੁਆਰਾ ਕਈ ਵਪਾਰ ਸਮਝੌਤਿਆਂ 'ਤੇ ਪ੍ਰਗਤੀ ਸ਼ਾਮਲ ਸੀ। ਭਾਰਤੀ ਸਟਾਕ ਮਾਰਕੀਟ ਵਿੱਚ ਗਿਰਾਵਟ ਮੁੱਖ ਤੌਰ 'ਤੇ ਵਿਦੇਸ਼ੀ ਨਿਵੇਸ਼ਕਾਂ (FIIs) ਦੁਆਰਾ ਭਾਰੀ ਵਿਕਰੀ ਕਾਰਨ ਹੋਈ, ਜਿਸਦੀ ਰਕਮ ਲਗਭਗ £27.3 ਬਿਲੀਅਨ (ਲਗਭਗ ?2.4 ਲੱਖ ਕਰੋੜ) ਸੀ। ਇਸ ਦੌਰਾਨ, ਘਰੇਲੂ ਸੰਸਥਾਗਤ ਨਿਵੇਸ਼ਕਾਂ (DIIs) ਨੇ ਭਾਰਤੀ ਬਾਜ਼ਾਰ ਵਿੱਚ ਵਿਸ਼ਵਾਸ ਦਿਖਾਇਆ, ਪਿਛਲੇ ਸਾਲ ?4.5 ਲੱਖ ਕਰੋੜ ਦਾ ਨਿਵੇਸ਼ ਕੀਤਾ। ਪ੍ਰਚੂਨ ਨਿਵੇਸ਼ਕ ਵੀ ਪਿੱਛੇ ਨਹੀਂ ਸਨ, ਅਗਸਤ ਅਤੇ ਸਤੰਬਰ 2024 ਦੇ ਵਿਚਕਾਰ SIP ਰਾਹੀਂ ਲਗਭਗ ?28,000 ਕਰੋੜ ਮਹੀਨਾਵਾਰ ਨਿਵੇਸ਼ ਕੀਤਾ, ਅਤੇ FYBF (HAFYBF) ਦੇ ਪਹਿਲੇ ਅੱਧ ਵਿੱਚ ਕੁੱਲ ?1.37 ਲੱਖ ਕਰੋੜ ਦਾ ਨਿਵੇਸ਼ ਕੀਤਾ। ਸੰਵਤ 2081 ਦੌਰਾਨ, ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੈਂਕ ਨਿਫਟੀ (+7.2%) ਅਤੇ ਆਟੋ ਸੈਕਟਰ (+0.5%) ਸਨ, ਜਦੋਂ ਕਿ ਸਭ ਤੋਂ ਵੱਧ ਨੁਕਸਾਨ BSE 9" (-20.5%), BSE 6$37 (-13.3%), BSE ਰੀਅਲ ਅਸਟੇਟ (-16.8%), BSE ਯੂਟਿਲਿਟੀਜ਼ (-18.5%) ਅਤੇ BSE ਕੰਜ਼ਿਊਮਰ ਡਿਊਰੇਬਲਜ਼ (-12.2%) ਨੂੰ ਹੋਇਆ।

# ਤੇਜ਼ਾਬ ਨਾਲ ਭਰੇ ਟੈਂਕਰ ਨੂੰ ਅੱਗ ਲੱਗੀ; ਡਰਾਈਵਰ ਦੀ ਚੌਕਸੀ ਨੇ ਟਾਲਿਆ ਵੱਡਾ ਹਾਦਸਾ



**ਫਗਵਾੜਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਤਿ-ਜਲਣਸ਼ੀਲ ਰਸਾਇਣ ਦੀ ਖੇਪ ਲੈ ਕੇ ਅੰਮ੍ਰਿਤਸਰ ਜਾ ਰਹੇ ਇੱਕ ਜਾ ਰਹੇ ਟੈਂਕਰ ਨੂੰ ਫਗਵਾੜਾ ਨੇੜੇ ਨੈਸ਼ਨਲ ਹਾਈਵੇਅ 'ਤੇ ਅੱਗ ਲੱਗ ਗਈ। ਡਰਾਈਵਰ, ਜਿਸ ਦੀ ਪਛਾਣ ਪਵਨ ਕੁਮਾਰ ਵਜੋਂ ਹੋਈ ਹੈ, ਦੀ ਸਮੇਂ ਸਿਰ ਚੌਕਸੀ ਅਤੇ ਤੁਰੰਤ ਕਾਰਵਾਈ ਨੇ ਇੱਕ ਭਿਆਨਕ ਧਮਾਕੇ ਨੂੰ ਹੋਣ ਤੋਂ ਰੋਕਿਆ, ਜਿਸ ਨਾਲ ਕਈ ਜਾਨਾਂ ਦਾ ਬਚਾਅ ਹੋ ਗਿਆ ਅਤੇ ਵੱਡੇ ਪੱਧਰ 'ਤੇ ਨੁਕਸਾਨ ਹੋਣ ਤੋਂ ਟਲ ਗਿਆ।

ਰਿਪੋਰਟਾਂ ਅਨੁਸਾਰ ਰਜਿਸਟ੍ਰੇਸ਼ਨ ਨੰਬਰ PB-FEL-1975 ਵਾਲਾ ਟੈਂਕਰ, ਜੋ ਡੇਰਾਬੱਸੀ ਤੋਂ 83* ਕੰਪਨੀ ਲਈ ਤੇਜ਼ਾਬ ਨਾਲ ਭਰਿਆ ਹੋਇਆ ਸੀ ਅਤੇ ਅੰਮ੍ਰਿਤਸਰ ਜਾ ਰਿਹਾ ਸੀ। ਡਰਾਈਵਰ ਪਵਨ ਕੁਮਾਰ ਨੇ ਸਵੇਰ ਦੇ ਤੜਕੇ ਫਗਵਾੜਾ ਤੋਂ ਲੰਘਦੇ ਸਮੇਂ ਗੱਡੀ ਦੇ ਕੈਬਿਨ ਵਿੱਚੋਂ ਧੂੰਆਂ ਨਿਕਲਦਾ ਦੇਖਿਆ। ਉਸ ਨੇ ਤੇਜ਼ੀ ਨਾਲ ਕਾਰਵਾਈ ਕਰਦੇ ਹੋਏ, ਗੱਡੀ ਨੂੰ ਸੜਕ ਕਿਨਾਰੇ ਖੜ੍ਹਾ ਕੀਤਾ ਅਤੇ ਸਥਿਤੀ ਬਾਰੇ ਫਗਵਾੜਾ ਪੁਲੀਸ ਕੰਟਰੋਲ ਰੂਮ (PCR) ਨੂੰ ਸੁਚੇਤ ਕੀਤਾ।

PCR ਇੰਚਾਰਜ ਅਮਨ ਕੁਮਾਰ ਦਵੇਸ਼ਵਰ ਨੇ ਦੱਸਿਆ ਕਿ ਕਾਲ ਮਿਲਣ 'ਤੇ PCR ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ। ਮਿੰਟਾਂ ਦੇ ਅੰਦਰ, ਫਾਇਰਮੈਨ ਦੀਪਕ ਕੁਮਾਰ ਸਮੇਤ ਫਾਇਰ ਕਰਮਚਾਰੀਆਂ ਦੀ ਅਗਵਾਈ ਵਿੱਚ ਫਗਵਾੜਾ ਫਾਇਰ ਬ੍ਰਿਗੇਡ ਦੀਆਂ ਦੋ ਗੱਡੀਆਂ ਮੌਕੇ 'ਤੇ ਪਹੁੰਚੀਆਂ ਅਤੇ ਅੱਗ ਬੁਝਾਉਣ ਲਈ ਇੱਕ ਵੱਡਾ ਅਭਿਆਨ ਸ਼ੁਰੂ ਕੀਤਾ। ਬਹੁਤ ਮੁਸ਼ੱਕਤ ਤੋਂ ਬਾਅਦ, ਅੱਗ 'ਤੇ ਕਾਬੂ ਪਾ ਲਿਆ ਗਿਆ, ਜਿਸ ਨਾਲ ਇਹ ਤੇਜ਼ਾਬ ਵਾਲੇ ਹਿੱਸੇ ਤੱਕ ਫੈਲਣ ਤੋਂ ਰੁਕ ਗਈ।

# ਨਵਨੀਤ ਚਤੁਰਵੇਦੀ ਦੀ ਗ੍ਰਿਫਤਾਰੀ ਲਈ ਪੰਜਾਬ ਪੁਲਿਸ ਨੇ ਸੈਕਟਰ 3 ਥਾਣੇ ਦੇ ਬਾਹਰ ਲਾਏ ਡੇਰੇ

## ਸੀਨੀਅਰ ਪੁਲੀਸ ਅਧਿਕਾਰੀਆਂ ਵਿਚ ਰੋਪੜ ਪੁਲੀਸ ਦੇ SP ਜੀਐੱਸ ਗੋਸਲ ਵੀ ਮੌਜੂਦ



**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜ ਸਭਾ ਵਿਚ ਪੰਜਾਬ ਦੀ ਇਕੋ ਇਕ ਸੀਟ ਲਈ ਆਜ਼ਾਦ ਉਮੀਦਵਾਰ ਵਜੋਂ ਨਾਮਜ਼ਦਗੀ ਭਰਨ ਵਾਲੇ ਨਵਨੀਤ ਚਤੁਰਵੇਦੀ ਨੂੰ ਕਾਬੂ ਕਰਨ ਲਈ ਪੰਜਾਬ ਪੁਲੀਸ ਦੇ 200 ਤੋਂ ਵੱਧ ਮੁਲਾਜ਼ਮ ਸੈਕਟਰ 3 ਪੁਲੀਸ ਥਾਣੇ ਦੇ ਬਾਹਰ ਤਾਇਨਾਤ ਹਨ। ਇਨ੍ਹਾਂ ਪੁਲੀਸ ਮੁਲਾਜ਼ਮਾਂ ਵੱਲੋਂ ਚਤੁਰਵੇਦੀ ਦੇ ਥਾਣੇ 'ਚੋਂ ਬਾਹਰ ਆਉਣ ਦੀ ਬੇਸਬਰੀ ਨਾਲ ਉਡੀਕ ਕੀਤੀ ਜਾ ਰਹੀ ਹੈ।

ਚੰਡੀਗੜ੍ਹ ਪੁਲੀਸ ਨੇ ਜੈਪੁਰ ਨਾਲ ਸਬੰਧਤ ਨਵਨੀਤ ਚਤੁਰਵੇਦੀ ਨੂੰ ਇਹ ਕਹਿੰਦਿਆਂ ਪੁਲੀਸ ਥਾਣੇ ਸਟੇਸ਼ਨ ਵਿੱਚ ਰੱਖਿਆ ਹੈ ਕਿ ਉਹ ਉਸ ਦੀ ਸੁਰੱਖਿਆ ਕਰ ਰਹੇ ਹਨ।

ਸੂਤਰਾਂ ਤੋਂ ਪਤਾ ਲੱਗਾ ਹੈ ਕਿ ਉਸ ਦੇ ਵਕੀਲ ਅਦਾਲਤ ਵਿੱਚ ਪੇਸ਼ਗੀ ਜ਼ਮਾਨਤ ਲਈ ਚਾਰਾਜੋਈ ਦੇ ਨਾਲ ਰਾਜ ਸਭਾ ਲਈ ਉਸ ਦੇ ਨਾਮਜ਼ਦਗੀ ਪੱਤਰ ਰੱਦ ਹੋਣ ਦੀ ਜਾਂਚ ਵੀ ਮੰਗ ਰਹੇ ਹਨ। ਥਾਣੇ ਦੇ ਬਾਹਰ ਮੌਜੂਦ ਸੀਨੀਅਰ ਪੁਲੀਸ ਅਧਿਕਾਰੀਆਂ ਵਿੱਚ ਰੋਪੜ ਪੁਲੀਸ ਦੇ ਐਸਪੀ ਜੀ ਐੱਸ ਗੋਸਲ ਵੀ ਸ਼ਾਮਲ ਹਨ।

ਚਤੁਰਵੇਦੀ ਨੇ 24 ਅਕਤੂਬਰ ਨੂੰ ਹੋਣ ਵਾਲੀ ਰਾਜ ਸਭਾ ਦੀ ਜ਼ਿਮਨੀ ਲਈ ਨਾਮਜ਼ਦਗੀ ਪੱਤਰਾਂ ਦੇ ਦੋ ਸੈੱਟ ਦਾਖਲ ਕੀਤੇ ਸਨ। 6 ਅਕਤੂਬਰ ਨੂੰ ਦਾਖਲ ਕੀਤੇ ਗਏ ਨਾਮਜ਼ਦਗੀ ਪੱਤਰਾਂ ਦੇ ਆਪਣੇ ਪਹਿਲੇ ਸੈੱਟ ਵਿੱਚ, ਉਨ੍ਹਾਂ ਨੇ ਦਸ 'ਆਪ' ਵਿਧਾਇਕਾਂ ਨੂੰ ਆਪਣੇ ਤਜਵੀਜ਼ਕਾਰ ਵਜੋਂ ਨਾਮਜ਼ਦ ਕੀਤਾ ਸੀ। ਹਾਲਾਂਕਿ ਇਨ੍ਹਾਂ ਕਾਗਜ਼ਾਂ 'ਤੇ ਕਿਸੇ ਵੀ ਵਿਧਾਇਕ ਦੇ ਦਸਤਖਤ ਨਹੀਂ ਸਨ। ਉਨ੍ਹਾਂ ਨੇ 13 ਅਕਤੂਬਰ ਨੂੰ ਨਾਮਜ਼ਦਗੀ ਪੱਤਰਾਂ ਦਾ ਦੂਜਾ ਸੈੱਟ ਦਾਖਲ ਕੀਤਾ, ਜਿਸ ਵਿੱਚ ਦਸ 'ਆਪ' ਵਿਧਾਇਕਾਂ ਦੇ ਨਾਮ ਉਨ੍ਹਾਂ ਦੇ ਤਜਵੀਜ਼ਕਾਰ ਵਜੋਂ ਉਨ੍ਹਾਂ ਦੇ ਦਸਤਖਤਾਂ ਸਮੇਤ ਸਨ।

ਮੰਗਲਵਾਰ ਨੂੰ ਨਾਮਜ਼ਦਗੀ ਪੱਤਰਾਂ ਦੀ ਜਾਂਚ ਦੌਰਾਨ ਚਤੁਰਵੇਦੀ ਦੇ ਨਾਮਜ਼ਦਗੀ ਪੱਤਰ ਇਸ ਬਹਾਨੇ ਰੱਦ ਕਰ ਦਿੱਤੇ ਗਏ ਕਿ ਸਾਰੇ ਦਸ ਵਿਧਾਇਕਾਂ ਦੇ ਦਸਤਖਤ ਜਾਅਲੀ ਸਨ। ਦਰਅਸਲ ਸੋਮਵਾਰ ਰਾਤ ਨੂੰ ਹੀ ਦਸ ਵਿਧਾਇਕਾਂ ਵਿੱਚੋਂ ਬਹੁਤਿਆਂ ਨੇ ਆਪੋ-ਆਪਣੇ ਜ਼ਿਲ੍ਹਿਆਂ ਵਿੱਚ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿਚ ਦਾਅਵਾ ਕੀਤਾ ਸੀ ਕਿ ਚਤੁਰਵੇਦੀ ਵੱਲੋਂ ਦਾਖ਼ਲ ਦਸਤਾਵੇਜ਼ਾਂ ਵਿਚ ਉਨ੍ਹਾਂ ਦੇ ਦਸਤਖਤ ਜਾਅਲੀ ਸਨ। ਵਿਧਾਇਕਾਂ ਨੇ ਚਤੁਰਵੇਦੀ ਖਿਲਾਫ਼ ਕੇਸ ਦਰਜ ਕੀਤੇ ਜਾਣ ਦੀ ਮੰਗ ਵੀ ਕੀਤੀ।

# ਹਰਭਜਨ ਸਿੰਘ ਈਟੀਓ ਦੇ ਕਾਫ਼ਲੇ ਨਾਲ ਟਕਰਾਈ ਕਾਰ ਚਾਰ ਪੁਲੀਸ ਮੁਲਾਜ਼ਮ ਜ਼ਖ਼ਮੀ

**ਗੁਰਦਾਸਪੁਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਦਾਸਪੁਰ ਦੌਰੇ 'ਤੇ ਆਏ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਦੇ ਕਾਫ਼ਲੇ ਨਾਲ ਹਾਦਸਾ ਵਾਪਰਿਆ ਹੈ। ਗੁਰਦਾਸਪੁਰ ਤੋਂ ਡੇਰਾ ਬਾਬਾ ਨਾਨਕ ਵੱਲ ਜਾਂਦਿਆਂ ਕਲਾਨੌਰ ਨੇੜੇ ਡੀਸੀ ਦਫ਼ਤਰ ਦੀ ਪਾਇਲਟ ਨਾਲ ਸਾਹਮਣਿਓਂ ਗਲਤ ਸਾਈਡ ਤੋਂ ਆ ਰਹੀ ਕਾਰ ਨੇ ਟੱਕਰ ਮਾਰ ਦਿੱਤੀ । ਹਾਦਸੇ ਵਿੱਚ ਚਾਰ ਪੁਲੀਸ ਮੁਲਾਜ਼ਮ ਜ਼ਖ਼ਮੀ ਹੋ ਗਏ ਹਨ ਅਤੇ ਕਾਰ ਚਾਲਕ ਵੀ ਜ਼ਖ਼ਮੀ ਹੋ ਗਿਆ ਹੈ।

ਇਸ ਦੌਰਾਨ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਅਤੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਖ਼ੁਦ ਜ਼ਖ਼ਮੀਆਂ ਨੂੰ ਗੱਡੀਆਂ ਵਿੱਚੋਂ ਬਾਹਰ ਕੱਢਿਆ ਗਿਆ ਅਤੇ ਕਾਫ਼ਲੇ ਵਿੱਚ ਮੌਜੂਦ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਹੈ।

# ਝੋਨੇ ਦੀ ਖਰੀਦ 'ਚ ਦੇਰੀ: ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਮਿੰਨੀ ਸਕੱਤਰੇਤ 'ਚ ਅਧਿਕਾਰੀ ਨੂੰ ਥੱਪੜ ਜੜਿਆ

**ਕੁਰੂਕਸ਼ੇਤਰ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਰੂਕਸ਼ੇਤਰ ਦੇ ਮਿੰਨੀ ਸਕੱਤਰੇਤ ਵਿਚ ਜ਼ਿਲ੍ਹਾ ਖੁਰਾਕ ਅਤੇ ਸਿਵਲ ਸਪਲਾਈ ਕੰਟਰੋਲਰ (ਡੀਐਫਐਸਸੀ) ਨੂੰ ਥੱਪੜ ਮਾਰਨ ਤੋਂ ਬਾਅਦ ਕੁਰੂਕਸ਼ੇਤਰ ਪੁਲੀਸ ਨੇ ਭਾਰਤੀ ਕਿਸਾਨ ਯੂਨੀਅਨ (ਚੜੂਨੀ) ਦੇ ਪ੍ਰਧਾਨ ਗੁਰਨਾਮ ਸਿੰਘ ਚੜੂਨੀ ਅਤੇ ਉਨ੍ਹਾਂ ਦੀ ਯੂਨੀਅਨ ਦੇ ਕੁਝ ਮੈਂਬਰਾਂ ਨੂੰ ਹਿਰਾਸਤ ਵਿੱਚ ਲੈ ਲਿਆ ਹੈ।

ਕਿਸਾਨ ਸੁਚਾਰੂ ਖਰੀਦ ਪ੍ਰਕਿਰਿਆ ਦੀ ਮੰਗ ਕਰਦੇ ਹੋਏ ਮਿੰਨੀ ਸਕੱਤਰੇਤ ਵਿੱਚ ਧਰਨਾ ਦੇ ਰਹੇ ਸਨ। ਗੁਰਨਾਮ ਸਿੰਘ ਚੜੂਨੀ ਨੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਅਤੇ ਜ਼ਿਲ੍ਹਾ ਅਧਿਕਾਰੀਆਂ 'ਤੇ ਝੋਨੇ ਦੀ ਖਰੀਦ ਵਿੱਚ ਭ੍ਰਿਸ਼ਟਾਚਾਰ ਨੂੰ ਉਤਸ਼ਾਹਿਤ ਕਰਨ ਦਾ ਦੋਸ਼ ਲਗਾਇਆ।

ਇਸ ਦੌਰਾਨ ਕਿਸਾਨਾਂ ਨੂੰ ਸ਼ਾਂਤ ਕਰਨ ਲਈ ਡੀਐੱਸਪੀ ਰਾਮ ਕੁਮਾਰ ਅਤੇ ਕਈ ਜ਼ਿਲ੍ਹਾ ਅਧਿਕਾਰੀ ਮੌਕੇ 'ਤੇ ਪਹੁੰਚੇ, ਪਰ ਕੋਈ ਫਾਇਦਾ ਨਹੀਂ ਹੋਇਆ। ਪ੍ਰਦਰਸ਼ਨ ਦੌਰਾਨ ਡੀਐਫਐਸਸੀ ਰਾਜੇਸ਼ ਕੁਮਾਰ ਵੀ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਲਈ ਮੌਕੇ 'ਤੇ ਪਹੁੰਚੇ; ਹਾਲਾਂਕਿ, ਖਰੀਦ ਵਿੱਚ ਦੇਰੀ ਕਾਰਨ ਕਿਸਾਨਾਂ ਨੂੰ ਨੁਕਸਾਨ ਹੋਣ ਤੋਂ ਗੁੱਸੇ ਵਿੱਚ ਆਏ ਗੁਰਨਾਮ ਸਿੰਘ ਚੜੂਨੀ ਨੇ ਡੀਐਫਐਸਸੀ ਨੂੰ ਥੱਪੜ ਮਾਰ ਦਿੱਤਾ। ਇਸ ਘਟਨਾ ਤੋਂ ਬਾਅਦ ਕਿਸਾਨ ਆਗੂ ਨੂੰ ਹੋਰਨਾਂ ਯੂਨੀਅਨ ਮੈਂਬਰਾਂ ਸਣੇ ਮਿੰਨੀ ਸਕੱਤਰੇਤ ਤੋਂ ਪੁਲੀਸ ਵੈਨ ਵਿੱਚ ਲਿਜਾਇਆ ਗਿਆ

# ਬੈਂਗਲੁਰੂ ਵਿੱਚ Invest Punjab ਦੇ ਆਊਟਰੀਚ ਪ੍ਰੋਗਰਾਮ ਨੂੰ ਮਿਲੀ ਨਿਵੇਸ਼ਕਾਂ ਵਲੋਂ ਮਜ਼ਬੂਤ ਪ੍ਰਤਿਕ੍ਰਿਆ



**ਬੈਂਗਲੂਰੂ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

Invest Punjab ਵੱਲੋਂ ਬੈਂਗਲੁਰੂ ਵਿੱਚ ਦੋ-ਦਿਨਾ ਸੈਸ਼ਨ Invest PunjabÓs Interaction with Business Leaders" ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦੀ ਅਗਵਾਈ ਮਾਨਨੀਯ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਮਾਨਨੀਯ ਉਦਯੋਗ ਮੰਤਰੀ ਸੰਦੀਪ (ਸੰਜੀਵ) ਅਰੋੜਾ ਨੇ ਕੀਤੀ।

ਇਸ ਦੌਰਾਨ Intel, HAL, Arjas Steel, IdeaForge, Sonata Software, Royal Orchid Hotels, IESA, SEMI, Infineon Technologies ਸਮੇਤ ਪ੍ਰਮੁੱਖ ਕੰਪਨੀਆਂ ਦੇ CXO÷ ਨਾਲ ਉੱਚ-ਸਤ੍ਹਾ ਚਰਚਾਵਾਂ ਹੋਈਆਂ। ਉਦਯੋਗਿਕ ਨੇਤਾਵਾਂ ਨੇ ਪੰਜਾਬ ਦੀ ਪ੍ਰਗਤੀਸ਼ੀਲ ਨੀਤੀਆਂ, ਉੱਤਮ ਢਾਂਚੇ ਅਤੇ ਨਿਵੇਸ਼ਕ-ਅਨੁਕੂਲ ਮਾਹੌਲ ਦੀ ਸਰਾਹਨਾ ਕੀਤੀ।

ਮੰਤਰੀ ਅਰੋੜਾ ਨੇ ਨਿਵੇਸ਼ਕਾਂ ਨੂੰ ਪੰਜਾਬ ਵਿੱਚ ਨਵੇਂ ਪ੍ਰੋਜੈਕਟਾਂ ਲਈ ਸੱਦਾ ਦਿੰਦਿਆਂ ਕਿਹਾ ਕਿ ਰਾਜ ਸਰਕਾਰ ਉਦਯੋਗਿਕ ਵਿਕਾਸ ਅਤੇ ਰੋਜ਼ਗਾਰ ਸਿਰਜਨ ਲਈ ਵਚਨਬੱਧ ਹੈ। ਉਨ੍ਹਾਂ ਨੇ ਦੱਸਿਆ ਕਿ ਮੋਹਾਲੀ ਹੁਣ 9", ਸਿਮੀਕੰਡਕਟਰ ਅਤੇ ਡੇਟਾ ਸੈਂਟਰ ਖੇਤਰਾਂ ਵਿੱਚ ਪ੍ਰਮੁੱਖ ਮੰਜ਼ਿਲ ਵਜੋਂ ਉਭਰ ਰਿਹਾ ਹੈ।

ਮੰਤਰੀ ਨੇ ਇਹ ਵੀ ਜ਼ਿਕਰ ਕੀਤਾ ਕਿ Nestlé, ITC, Tata Steels, PepsiCo, Infosys, Mahindra ਵਰਗੇ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਬ੍ਰਾਂਡ ਪਹਿਲਾਂ ਹੀ ਪੰਜਾਬ ਵਿੱਚ ਸਫਲਤਾਪੂਰਵਕ ਕਾਰੋਬਾਰ ਕਰ ਰਹੇ ਹਨ। ਸਮਾਰੋਹ ਵਿੱਚ PDC ਉਪ-ਅਧਖਤਾ ਸੀਮਾ ਬੰਸਲ, ਸਕੱਤਰ K.K. Yadav, PSIEC ਮੈਨੇਜਿੰਗ ਡਾਇਰੈਕਟਰ ਸੁਰਭੀ ਮਲਿਕ, CEO ਅਮਿਤ ਢਾਕਾ, ਗੌਰਵ (KPMG) ਅਤੇ ਹੋਰ ਅਧਿਕਾਰੀ ਮੌਜੂਦ ਰਹੇ।

Invest Punjab ਨੇ ਦੱਸਿਆ ਕਿ ਇਹ ਰੋਡਸ਼ੋਜ਼ ਰਾਹੀਂ ਦੇਸ਼ ਅਤੇ ਵਿਦੇਸ਼ ਦੇ ਨਿਵੇਸ਼ਕਾਂ ਨੂੰ ਪੰਜਾਬ ਦੇ ਨਿਊ ਪੰਜਾਬ ਦ੍ਰਿਸ਼ਟੀਕੋਣ ਨਾਲ ਜੋੜਦਾ ਰਹੇਗਾ।

# ਪ੍ਰਸ਼ਾਸਨ ਅਤੇ ਮੀਡੀਆ ਦਰਮਿਆਨ ਸਹਿਜ ਸੰਵਾਦ ਦਾ ਪੁਲ ਹੈ ਵਾਰਤਾ ਵਰਗੇ ਪ੍ਰੋਗਰਾਮ :ਡਿਪਟੀ ਕਮਿਸ਼ਨ

**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਦੇ ਕਿਨੌਰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਡਾ. ਅਮਿਤ ਕੁਮਾਰ ਸ਼ਰਮਾ ਦਾ ਕਹਿਣਾ ਹੈ ਕਿ ਦੇਸ਼ ਵਿੱਚ ਭਰੋਸੇਯੋਗ ਸੂਚਨਾਵਾਂ ਲਈ ਵਾਰਤਾ ਜਿਹੇ ਜਿਲ੍ਹਾ ਪੱਧਰ 'ਤੇ ਆਊਟਰੀਚ ਪ੍ਰੋਗਰਾਮਾਂ ਦਾ ਬਹੁਤ ਜ਼ਿਆਦਾ ਮਹੱਤਵ ਹੈ। ਇਸ ਰਾਹੀਂ ਨਾ ਸਿਰਫ਼ ਸਹੀ ਸੂਚਨਾਵਾਂ ਦਾ ਰਾਹ ਪੱਧਰਾ ਹੁੰਦਾ ਹੈ ਸਗੋਂ ਪ੍ਰਸ਼ਾਸਨ ਅਤੇ ਮੀਡੀਆ ਦਰਮਿਆਨ ਸਹਿਜ ਸੰਵਾਦ ਦਾ ਪੁਲ ਵੀ ਕਾਇਮ ਹੁੰਦਾ ਹੈ। ਸ਼੍ਰੀ ਸ਼ਰਮਾ ਨੇ ਅੱਜ ਰਿਕਾਂਗ ਪਿਓ ਵਿੱਚ ਪੱਤਰ ਸੂਚਨਾ, ਦਫ਼ਤਰ, ਸ਼ਿਮਲਾ ਅਤੇ ਚੰਡੀਗੜ੍ਹ ਦੁਆਰਾ ਨਸ਼ਾ ਮੁਕਤ ਭਾਰਤ ਅਭਿਆਨ, ਕਬਾਇਲੀ ਵਿਕਾਸ, ਸਵੱਛਤਾ, ਆਫ਼ਤ ਪ੍ਰਬੰਧਨ ਅਤੇ ਵਣ ਪ੍ਰਬੰਧਨ ਵਿਸ਼ੇ 'ਤੇ ਆਯੋਜਿਤ ਸੂਚਨਾ, ਸੰਚਾਰ ਅਤੇ ਮੀਡੀਆ ਤਾਲਮੇਲ 'ਤੇ ਕੇਂਦ੍ਰਿਤ ਵਾਰਤਾ ਪ੍ਰੋਗਰਾਮ ਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਸੰਬੋਧਨ ਕਰ ਰਹੇ ਸਨ।

ਪ੍ਰੋਗਰਾਮ ਵਿੱਚ ਕਿਨੌਰ ਜ਼ਿਲ੍ਹੇ ਦੇ ਸੁਪਰੀਡੈਂਟ ਆਫ਼ ਪੁਲਿਸ ਸ਼੍ਰੀ ਅਭਿਸ਼ੇਕ ਸੇਕਰ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਸਨ। ਇਸ ਦੌਰਾਨ ਕੇਂਦਰ ਸਰਕਾਰ ਦੇ



ਨਸ਼ਾ ਮੁਕਤ ਅਭਿਆਨ ਦੇ ਤਹਿਤ ਵਰਕਸ਼ੌਪ ਵਿੱਚ ਮੌਜੂਦ ਯੁਵਾਵਾਂ ਅਤੇ ਮੀਡੀਆ ਕਰਮੀਆਂ ਨੂੰ ਨਸ਼ੇ ਦੇ ਖਿਲਾਫ ਸਹੁੰ ਚੁੱਕੀ ਗਈ। ਇਸ ਤੋਂ ਪਹਿਲਾਂ ਵਰਕਸ਼ੌਪ ਦੀ ਸ਼ੁਰੂਆਤ ਕਰਦੇ ਹੋਏ ਪੀਆਈਬੀ ਸ਼ਿਮਲਾ ਦੇ ਪ੍ਰਮੁੱਖ ਸੰਜੀਵ ਸ਼ਰਮਾ ਨੇ ਵਾਰਤਾ ਪ੍ਰੋਗਰਾਮ ਦੇ ਉਦੇਸ਼ਾਂ ਨੂੰ ਉਜਾਗਰ ਕਰਦੇ ਹੋਏ ਕਿਹਾ ਕਿ ਇਹ ਵਰਕਸ਼ੌਪ ਮੀਡੀਆ ਅਤੇ ਸਰਕਾਰ ਦਰਮਿਆਨ ਪੁਲ ਦਾ ਕੰਮ ਕਰਦੀ ਹੈ। ਇਸ ਮੌਕੇ 'ਤੇ ਪੀਆਈਬੀ, ਚੰਡੀਗੜ੍ਹ ਦੇ ਮੀਡੀਆ ਅਤੇ ਸੰਚਾਰ ਅਧਿਕਾਰੀ ਸ਼੍ਰੀ ਅਹਿਮਦ ਖਾਨ ਨੇ ਸੂਚਨਾ ਪ੍ਰਸਾਰਣ ਮੰਤਰਾਲੇ ਦੀਆਂ ਵੱਖ-ਵੱਖ ਇਕਾਈਆਂ ਦੀ ਕਾਰਜਪ੍ਰਣਾਲੀ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਪੀਆਈਬੀ ਦੀ ਖੋਜ ਇਕਾਈ ਦੁਆਰਾ ਵੱਖ-ਵੱਖ ਵਿਸ਼ਿਆਂ 'ਤੇ ਕੀਤੇ ਜਾ ਰਹੇ ਵਿਸ਼ਲੇਸ਼ਣ ਅਤੇ ਤੱਥ ਪੂਰਨ ਸੂਚਨਾਵਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਪੱਤਰਕਾਰਾਂ ਨੂੰ ਇਨ੍ਹਾਂ ਵਿਸ਼ਲੇਸ਼ਕਾਂ ਤੋਂ ਮਹੱਤਵਪੂਰਨ ਭਰੋਸੇਯੋਗ ਅੰਕੜਿਆਂ ਅਤੇ ਜਾਣਕਾਰੀਆਂ ਦੀ ਵਰਤੋਂ ਆਪਣੇ ਲੇਖ ਅਤੇ ਸਮਾਚਾਰ ਲੇਖ ਵਿੱਚ ਇਸਤੇਮਾਲ ਕਰਨ ਲਈ ਪ੍ਰੇਰਿਤ ਕੀਤਾ।

ਵਰਕਸ਼ੌਪ ਦਾ ਉਦਘਾਟਨ ਕਰਦੇ ਹੋਏ ਡਿਪਟੀ ਕਮਿਸ਼ਨਰ ਡਾ. ਅਮਿਤ ਕੁਮਾਰ ਸ਼ਰਮਾ ਨੇ ਪੀਆਈਬੀ ਦੀ ਭਰੋਸੇਯੋਗਤਾ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਪੀਆਈਬੀ ਦੇ ਜ਼ਰੀਏ ਨਾ ਸਿਰਫ਼ ਉਨ੍ਹਾਂ ਨੂੰ ਆਪਣੇ ਕਰੀਅਰ ਦੌਰਾਨ ਮਦਦ ਮਿਲੀ ਹੈ ਸਗੋਂ ਜਦੋਂ ਵੀ ਭਰੋਸੇਮੰਦ ਸੂਚਨਾਵਾਂ ਦੀ ਜ਼ਰੂਰਤ ਪੈਂਦੀ ਹੈ ਪੀਆਈਬੀ ਇਸ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ।

ਪ੍ਰੋਗਰਾਮ ਦੇ ਵਿਸ਼ੇਸ਼ ਮਹਿਮਾਨ ਸੁਪਰੀਡੈਂਟ ਆਫ਼ ਪੁਲਿਸ ਅਭਿਸ਼ੇਕ ਸੇਕਰ ਨੇ ਆਫ਼ਤ ਪ੍ਰਬੰਧਨ ਵਿਸ਼ੇ 'ਤੇ ਆਪਣੇ ਸੰਬੋਧਨ ਵਿੱਚ ਪੱਤਰਕਾਰਾਂ ਨੂੰ ਅਪੀਲ ਕੀਤੀ ਕਿ ਉਹ ਵ੍ਹਾਟਸਐਪ ਪੱਤਰਕਾਰੀ ਕਰਨ ਤੋਂ ਬੱਚਣ ਅਤੇ ਜਿੰਮੇਦਾਰ ਜਰਨਲਿਜ਼ਮ ਦਾ ਪਾਲਣ ਕਰਨ ਅਤੇ ਖਬਰਾਂ ਨੂੰ ਸਨਸਨੀਖੇਜ਼ ਬਣਾਉਣ ਦੇ ਸਥਾਨ 'ਤੇ ਭਰੋਸੇਯੋਗ ਜਾਣਕਾਰੀ ਪ੍ਰਸਾਰਿਤ ਕਰਨੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਕਈ ਵਾਰ ਤੱਥਾਂ ਦੀ ਪੜਚੋਲ ਕੀਤੇ ਬਿਨਾ ਖਬਰਾਂ ਪ੍ਰਸਾਰਿਤ ਕਰਨ ਨਾਲ ਨਾ ਸਿਰਫ਼ ਭੁਲੇਖੇ ਦੀ ਸਥਿਤੀ ਬਣਦੀ ਹੈ ਸਗੋਂ ਪ੍ਰਸ਼ਾਸਨ ਨੂੰ ਸਥਿਤੀ ਸੰਭਾਲਣ ਲਈ ਬਹੁਤ ਮਸ਼ੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਨਾਲ ਟੂਰਿਜ਼ਮ ਤੋਂ ਲੈ ਕੇ ਹੋਰ ਖੇਤਰਾਂ ਨੂੰ ਵੀ ਨੁਕਸਾਨ ਪਹੁੰਚਦਾ ਹੈ।

# ਕਰਨ ਦੀ ਭੂਮਿਕਾ ਨਿਭਾਉਣ ਵਾਲ ਪੰਕਜ ਧੀਰ ਦਾ ਦੇਹਾਂਤ



**ਮੁੰਬਈ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਟੀਵੀ ਸਟਾਰ ਪੰਕਜ ਧੀਰ ਜੋ ਬੀ.ਆਰ. ਚੋਪੜਾ ਦੇ 'ਮਹਾਭਾਰਤ' ਵਿੱਚ ਕਰਨ ਦੀ ਭੂਮਿਕਾ ਅਤੇ ਫੈਂਟੇਸੀ ਡਰਾਮਾ 'ਚੰਦਰਕਾਂਤਾ' ਵਿੱਚ ਰਾਜਾ ਸ਼ਿਵਦੱਤ ਦਾ ਕਿਰਦਾਰ ਨਿਭਾਉਣ ਲਈ ਮਕਬੂਲ ਸਨ, ਦਾ ਕੈਂਸਰ ਨਾਲ ਲੰਬੀ ਲੜਾਈ ਤੋਂ ਬਾਅਦ 68 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਨਿਰਮਾਤਾ ਅਤੇ ਧੀਰ ਦੇ ਦੋਸਤ ਅਸ਼ੋਕ ਪੰਡਿਤ ਨੇ ਦੱਸਿਆ, "ਉਨ੍ਹਾਂ ਦਾ ਅੱਜ ਸਵੇਰੇ ਕੈਂਸਰ ਕਾਰਨ ਦੇਹਾਂਤ ਹੋ ਗਿਆ। ਉਹ ਪਿਛਲੇ ਮਹੀਨਿਆਂ ਤੋਂ ਹਸਪਤਾਲ ਆ-ਜਾ ਰਹੇ ਸਨ।" ਉਨ੍ਹਾਂ ਦਾ ਅੰਤਿਮ ਸੰਸਕਾਰ ਅੱਜ ਕੀਤਾ ਜਾਵੇਗਾ।

# ਪਟਿਆਲਾ ਵਿਚ ਪ੍ਰਦੂਸ਼ਣ ਕਾਰਨ ਹਸਪਤਾਲਾਂ ਵਿਚ ਮਰੀਜ਼ਾਂ ਦੀਆਂ ਲਾਈਨਾਂ ਵਧੀਆਂ

**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਵਿਚ ਦੀਵਾਲੀ ਤੋਂ ਪਹਿਲਾਂ ਹੀ ਪ੍ਰਦੂਸ਼ਣ ਵੱਧ ਗਿਆ ਹੈ, ਜਿਸ ਕਰਕੇ ਰਾਜਿੰਦਰਾ ਹਸਪਤਾਲ, ਮਾਤਾ ਕੁਸ਼ੱਲਿਆ ਹਸਪਤਾਲ ਤੇ ਕਈ ਨਿੱਜੀ ਹਸਪਤਾਲਾਂ ਵਿਚ ਦੀ ਓਪੀਡੀ ਵਿਚ ਮਰੀਜ਼ਾਂ ਦੀ ਗਿਣਤੀ 30-32 ਫ਼ੀਸਦੀ ਵੱਧ ਗਈ ਹੈ, ਦੁਜੇ ਪਾਸੇ ਪਟਿਆਲਾ ਦੇ ਪ੍ਰਸ਼ਾਸਨ ਵੱਲੋਂ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਸਨਮਾਨਿਤ ਕੀਤਾ ਹੈ। ਜਦ ਕਿ ਹੁਣ ਤੱਕ 11 ਕਿਸਾਨਾਂ ਨੇ ਪਰਾਲੀ ਸਾੜੀ ਹੈ, ਭਾਵੇਂ ਕਿ ਪਿਛਲੇ ਸਾਲ ਨਾਲੋਂ ਪਰਾਲੀ ਸਾੜਨ ਦੀਆਂ ਘਟਨਾਵਾਂ ਘਟੀਆਂ ਹਨ। ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ (ਪੀਪੀਸੀਬੀ) ਦੇ ਅੰਕੜਿਆਂ ਅਨੁਸਾਰ ਪਰਾਲੀ ਸਾੜਨ ਅਤੇ ਸੜਕਾਂ ਤੇ ਉੱਡਦੀ ਧੂੜ ਤੇ ਮਿੱਟੀ ਕਾਰਨ ਜ਼ਿਲ੍ਹੇ ਦਾ ਏਅਰ ਕੁਆਲਿਟੀ ਇੰਡੈੱਕਸ (ਏਕਿਉਆਈ) 2.5-129 ਹੈ ਅਤੇ ਪਾਰਟੀਕੁਲੇਟ ਮੈਟਰ (ਪੀਐਮ) 10-145 ਤੱਕ ਪਹੁੰਚਿਆ ਹੈ, ਹੁਣ ਤੱਕ ਇਹ ਐਵਰੇਜ਼ ਅੰਕ 99 ਤੱਕ ਹੁੰਦਾ ਹੈ, ਜੋ ਯੈਲੋ ਕੈਟਾ ?ਗਿਰੀ ਵਿਚ ਆਉਂਦਾ ਹੈ, ਜੋ ਮਹੀਨਾ ਪਹਿਲਾਂ 15 ਸਤੰਬਰ ਨੂੰ 47 ਅੰਕ ਸੀ, ਹਵਾ ਦੀ ਗੁਣਵੱਤਾ ਕਰੀਬ 52 ਵੱਧ ਜਾਣ ਕਾਰਨ ਹਵਾ ਵਿਚ ਪ੍ਰਦੂਸ਼ਣ ਆਇਆ ਹੈ, ਪਿਛਲੇ 11 ਦਿਨਾਂ ਵਿਚ ਸਰਦੀ, ਖਾਂਸੀ, ਜ਼ੁਕਾਮ, ਦਮਾ (ਅਸਥਮਾ) ਅਤੇ ਐਲਰਜੀ ਦੇ ਮਰੀਜ਼ 30-32 ਫ਼ੀਸਦੀ ਤੱਕ ਵਧੇ ਹਨ। ਰਾਜਿੰਦਰਾ ਹਸਪਤਾਲ, ਮਾਤਾ ਕੁਸ਼ੱਲਿਆ ਹਸਪਤਾਲ ਤੇ ਹੋਰ ਕਈ ਸਾਰੇ ਨਿੱਜੀ ਹਸਪਤਾਲਾਂ ਦੇ ਬਾਹਰ ਮਰੀਜ਼ਾਂ ਦੀਆਂ ਲਾਈਨਾਂ ਵਧੀਆਂ ਹਨ। ਹਵਾ ਵਿਚ ਫਿਰ ਰਹੇ ਪੀਐਮ 2.5 ਕਣਾਂ ਨੂੰ ਜ਼ਿਆਦਾ ਖ਼ਤਰਨਾਕ ਕਿਹਾ ਜਾ ਰਿਹਾ ਹੈ। ਡਾ. ਇਕਬਾਲ ਸਿੰਘ ਨੇ ਕਿਹਾ ਹੈ ਕਿ ਮਰੀਜ਼ਾਂ ਦੀ ਵਧ ਰਹੀ ਗਿਣਤੀ ਚਿੰਤਾ ਦਾ ਵਿਸ਼ਾ ਹੈ, ਜਿਸ ਕਰਕੇ ਸਾਡੀ ਜ਼ਿੰਮੇਵਾਰੀ ਹੋਰ ਵੀ ਜ਼ਿਆਦਾ ਵੱਧ ਜਾਂਦੀ ਹੈ। ਮਾਤਾ ਕੁਸ਼ੱਲਿਆ ਹਸਪਤਾਲ ਦੇ ਡਾ. ਬੰਨ੍ਹੀ ਬੋਪਾਰਾਏ ਨੇ ਕਿਹਾ ਹੈ ਕਿ ਹਵਾ ਵਿਚ ਪ੍ਰਦੂਸ਼ਣ ਹੋਣ ਕਰਕੇ ਐਲਰਜੀ, ਅੱਖਾਂ ਵਿਚ ਜਲਣ ਦੀਆਂ ਘਟਨਾਵਾਂ (25-30) ਵਧ ਗਈਆਂ ਹਨ, ਐਸਐਮਓ ਡਾ. ਵਿਕਾਸ ਗੋਇਲ ਨੇ ਕਿਹਾ ਹੈ ਕਿ ਐਲਰਜੀ ਦੇ ਕੇਸ ਵਧਣ ਦਾ ਕਾਰਨ ਹਵਾ ਪ੍ਰਦੂਸ਼ਣ ਹੈ ਜਿਸ ਦਾ ਲੋਕਾਂ ਨੂੰ ਬਚਾ ਕਰਨਾ ਹੋਵੇਗਾ। ਪੀਪੀਸੀਬੀ ਦੇ ਅਧਿਕਾਰੀਆਂ ਦਾ ਕ ?ਹਿਣਾ ਹੈ ਕਿ ਇਸ ਸਾਲ ਪਿਛਲੇ ਸਾਲ ਨਾਲੋਂ ਪਰਾਲੀ ਸਾੜਨੀ ਘਟੀ ਹੈ, ਇਹ ਸਾਡੀ ਸਖ਼ਤੀ ਦਾ ਨਤੀਜਾ ਹੈ, ਦੂਜੇ ਪਾਸੇ ਪਟਿਆਲਾ ਤੋਂ ਨੇੜਲੇ ਪਿੰਡ ਇੰਦਰਪੁਰਾ ਤੇ ਆਸੇ ਮਾਜਰਾ ਵਿਚ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਐਸ ਡੀ ਐਮ ਹਰਜੋਤ ਕੌਰ ਨੇ ਸਨਮਾਨਿਤ ਕੀਤਾ ਹੈ। ਪਿਛਲੇ ਸਾਲ 26 ਘਟਨਾਵਾਂ ਪਰਾਲੀ ਸਾੜਨ ਦੀਆਂ ਵਾਪਰੀਆਂ ਸਨ ਪਰ ਇਸ ਸਾਲ ਹੁਣ ਤੱਕ 11 ਪਰਾਲੀ ਸਾੜਨ ਦੀਆਂ ਘਟਨਾਵਾਂ ਹੀ ਰਿਕਾਰਡ ਕੀਤੀਆਂ ਗਈਆਂ ਹਨ। ਵਾਤਾਵਰਨ ਦੀ ਸ਼ੁੱਧਤਾ ਲਈ ਲੋਕਾਂ ਦਾ ਸਹਿਯੋਗ ਜਰੂਰੀ : ਚੇਅਰਪਰਸਨ ਸੂਬੇ ਨੂੰ ਪ੍ਰਦੂਸ਼ਣ ਮੁਕਤ ਕਰਨ ਲਈ ਲੋਕਾਂ ਦਾ ਸਹਿਯੋਗ ਸਮੇਂ ਦੀ ਮੁੱਖ ਲੋੜ ਹੈ ਜੇਕਰ ਵਾਤਾਵਰਨ ਦੂਸ਼ਿਤ ਹੁੰਦਾ ਹੈ ਤਾਂ ਇਸ ਨਾਲ ਬਿਮਾਰੀਆਂ ਫੈਲਣਾ ਸੁਭਾਵਿਕ ਹੈ ਜਿਸ ਨੂੰ ਰੋਕਣ ਲਈ ਪੰਜਾਬ ਦੀ ਆਬੋ ਹਵਾ ਨੂੰ ਸੁਧ ਰੱਖਣ ਵਿੱਚ ਹਰ ਵਿਅਕਤੀ ਨੂੰ ਸਹਿਯੋਗ ਦੇਣਾ ਚਾਹੀਦਾ ਹੈ ।

# ਮੇਅਰ ਨੇ ਤਿਓਹਾਰਾਂ ਦੇ ਮੱਦੇਨਜ਼ਰ ਲੋਕਾਂ ਨੂੰ ਆਪਣੀਆ ਦੁਕਾਨਾਂ ਸੀਮਿਤ ਥਾਵਾਂ ਤਕ ਲਗਾਉਣ ਦੀ ਕੀਤੀ ਅਪੀਲ



**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਤਿਓਹਾਰਾਂ ਦੇ ਆਗਮਨ ਦੇ ਮੱਦੇਨਜ਼ਰ ਸ਼ਹਿਰ ਵਿੱਚ ਆਵਾਜਾਈ ਨੂੰ ਸੁਚਾਰੂ ਬਣਾਈ ਰੱਖਣ ਅਤੇ ਭੀੜ-ਭੜੱਕੇ ਨੂੰ ਘੱਟ ਕਰਨ ਲਈ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੇ ਅੱਜ ਸ਼ਹਿਰ ਦੇ ਦੁਕਾਨਦਾਰਾਂ ਅਤੇ ਫੜ੍ਹੀ ਲਗਾਉਣ ਵਾਲਿਆਂ ਨੂੰ ਇੱਕ ਵਿਸ਼ੇਸ਼ ਅਪੀਲ ਕੀਤੀ। ਮੇਅਰ ਨੇ ਕਿਹਾ ਹੈ ਕਿ ਦੁਕਾਨਦਾਰ ਆਪਣੀਆ ਦੁਕਾਨਾਂ ਅਤੇ ਫੜ੍ਹੀਆਂ ਸਿਰਫ਼ ਨਿਰਧਾਰਤ ਅਤੇ ਸੀਮਤ ਥਾਵਾਂ ਤੱਕ ਹੀ ਲਗਾਉਣ ਤਾਂ ਜੋ ਸ਼ਹਿਰ ਵਾਸੀਆਂ ਨੂੰ ਖਰੀਦਦਾਰੀ ਲਈ ਵੱਧ ਤੋਂ ਵੱਧ ਖੁੱਲ੍ਹੀ ਥਾਂ ਮਿਲ ਸਕੇ। ਇਸ ਦੇ ਨਾਲ ਹੀ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਹੀਕਲ ਕਾਰਾ ਆਦਿ ਭੀੜ ਭਾੜ ਵਾਲੇ ਇਲਾਕਿਆਂ ਵਿੱਚ ਲਿਜਾਉਣ ਦੀ ਬਜਾਏ ਨੇੜੇ ਬਣੀਆਂ ਪਾਰਕਿੰਗਾ ਵਿੱਚ ਲਗਾਉਣ, ਤਾਂ ਜੋ ਕਿਸੇ ਵੀ ਤਰ੍ਹਾਂ ਦੁਕਾਨਦਾਰਾਂ ਜਾ ਆਮ ਪਬਲਿਕ ਨੂੰ ਮੁਸ਼ਕਲ ਨਾ ਹੋਵੇ।

ਮੇਅਰ ਨੇ ਸਪੱਸ਼ਟ ਕੀਤਾ ਕਿ ਤਿਓਹਾਰਾਂ ਦੇ ਸੀਜ਼ਨ ਦੌਰਾਨ ਬਾਜ਼ਾਰਾਂ ਵਿੱਚ ਖਰੀਦਦਾਰੀ ਲਈ ਲੋਕਾਂ ਦੀ ਭਾਰੀ ਆਮਦ ਹੁੰਦੀ ਹੈ, ਅਤੇ ਅਕਸਰ ਦੇਖਿਆ ਗਿਆ ਹੈ ਕਿ ਲੋਕ ਖੁੱਲ੍ਹੇ ਬਾਜ਼ਾਰਾਂ ਵਿੱਚ ਆਉਣ ਲਈ ਖੁਦ ਪਹਿਲਕਦਮੀ ਕਰਦੇ ਹਨ। ਇਸ ਲਈ, ਇਹ ਜ਼ਰੂਰੀ ਹੈ ਕਿ ਦੁਕਾਨਦਾਰ ਸੜਕਾਂ 'ਤੇ ਜਾਂ ਫੁੱਟਪਾਥਾਂ 'ਤੇ ਅਣਅਧਿਕਾਰਤ ਤੌਰ 'ਤੇ ਕਬਜ਼ਾ ਨਾ ਕਰਨ। ਉਨ੍ਹਾਂ ਕਿਹਾ ਕਿ ਜੇਕਰ ਬਾਜ਼ਾਰਾਂ ਵਿੱਚ ਆਵਾਜਾਈ ਲਈ ਕਾਫ਼ੀ ਜਗ੍ਹਾ ਹੋਵੇਗੀ, ਤਾਂ ਖਰੀਦਦਾਰਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਲ ਪੇਸ਼ ਨਹੀਂ ਆਵੇਗੀ ਅਤੇ ਬਾਜ਼ਾਰਾਂ ਦਾ ਮਾਹੌਲ ਵੀ ਸੁਖਾਵਾਂ ਬਣਿਆ ਰਹੇਗਾ।

ਮੇਅਰ ਨੇ ਦੁਕਾਨਦਾਰਾਂ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਕਦਮ ਨਾ ਸਿਰਫ਼ ਆਮ ਲੋਕਾਂ ਦੀ ਸਹੂਲਤ ਲਈ ਹੈ, ਸਗੋਂ ਉਨ੍ਹਾਂ ਦੇ ਆਪਣੇ ਕਾਰੋਬਾਰ ਲਈ ਵੀ ਬਿਹਤਰ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਵਿਰੁੱਧ ਨਗਰ ਨਿਗਮ ਵੱਲੋਂ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਅਪੀਲ ਦਾ ਮਕਸਦ ਸਾਰਿਆਂ ਲਈ ਇੱਕ ਸੁਚਾਰੂ ਅਤੇ ਸੁਰੱਖਿਅਤ ਖਰੀਦਦਾਰੀ ਦਾ ਅਨੁਭਵ ਯਕੀਨੀ ਬਣਾਉਣਾ ਹੈ। ਮੇਅਰ ਨੇ ਸ਼ਹਿਰ ਵਾਸੀਆਂ ਨੂੰ ਤਿਓਹਾਰਾਂ ਦੀਆਂ ਸ਼ੁਭਕਾਮਨਾਵਾਂ ਦਿੰਦੇ ਹੋਏ ਸਹਿਯੋਗ ਦੀ ਮੰਗ ਕੀਤੀ।

# ਡਿਪਟੀ ਕਮਿਸ਼ਨਰ ਨੇ ਮੇਰਾ ਪਟਿਆਲਾ ਮੈਂ ਹੀ ਸਵਾਰਾ ਮੁਹਿੰਮ ਵਿੱਚ ਸਵੱਛਤਾ ਯੋਧੇ ਵਜੋਂ ਹਿੱਸਾ ਲੈਂਦਿਆਂ ਬਾਰਾਂਦਰੀ ਦੀ ਸੜਕ ਕਿਨਾਰੇ ਪਏ ਕੂੜੇ ਦੀ ਕੀਤੀ ਸਫ਼ਾਈ

## ਪਟਿਆਲਾ ਵਾਸੀ ਦੀਵਾਲੀ ਤੋਂ ਪਹਿਲਾਂ ਆਪਣੇ ਘਰਾਂ ਦੀ ਤਰ੍ਹਾਂ ਹੀ ਆਪਣੇ ਸ਼ਹਿਰ ਨੂੰ ਵੀ ਸਾਫ਼-ਸੁੱਥਰਾ ਬਣਾਉਣ ਲਈ ਅੱਗੇ ਆਉਣ: ਡਾ. ਪ੍ਰੀਤੀ ਯਾਦਵ

**ਪਟਿਆਲਾ, 16 ਅਕਤੂਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**




ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਦਿਵਾਲੀ ਦੇ ਪਵਿੱਤਰ ਤਿਓਹਾਰ ਤੋਂ ਪਹਿਲਾਂ ਜਿਵੇਂ ਆਪਣੇ ਘਰਾਂ ਦੀ ਸਾਫ-ਸਫ਼ਾਈ ਕਰਦੇ ਹਨ, ਉਸੇ ਤਰ੍ਹਾਂ ਪਟਿਆਲਾ ਸ਼ਹਿਰ ਨੂੰ ਸਾਫ਼-ਸੁੱਥਰਾ ਬਣਾਉਣ ਲਈ ਵੀ ਅੱਗੇ ਆਉਣ। ਅੱਜ ਇੱਥੇ ਇੱਥੇ ਵਿਜੀਲੈਂਸ ਦਫਤਰ ਤੋਂ ਪਟਿਆਲਾ ਕਲੱਬ ਰੋਡ ਦੇ ਨਾਲ-ਨਾਲ ਬਾਰਾਦਰੀ ਵਿਖੇ ÷ਮੇਰਾ ਪਟਿਆਲਾ ਮੈਂ ਹੀ ਸਵਾਰਾ÷ ਮੁਹਿੰਮ ਵਿੱਚ ਇੱਕ ਸਵੱਛਤਾ ਯੋਧੇ ਵਜੋਂ ਹਿੱਸਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਸੜਕਾਂ ਕਿਨਾਰਿਓਂ ਕੂੜਾ ਚੁੱਕਣ ਵਿੱਚ ਆਪਣਾ ਵਿਲੱਖਣ ਯੋਗਦਾਨ ਪਾਇਆ।

ਸ਼ਹਿਰ ਦੇ ਸੁਚੇਤ ਨਾਗਰਿਕਾਂ ਦੇ ਇੱਕ ਗਰੁੱਪ ਵੱਲੋਂ ਸ਼ਹਿਰ ਦੀਆਂ ਸੜਕਾਂ ਨੇੜੇ ਪਏ ਪਲਾਸਟਿਕ ਦੇ ਕੂੜੇ, ਬੋਤਲਾਂ, ਰੈਪਰ ਅਤੇ ਹੋਰ ਚੁੱਕਣ ਦੀ ਇਹ ਸਫਾਈ ਮੁਹਿੰਮ ਪਟਿਆਲਾ ਦੀ ਸਵੱਛਤਾ ਅਤੇ ਸੁੰਦਰੀਕਰਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੀ ਗਈ ਹੈ। ਇਸ ਦੌਰਾਨ ਆਮ ਨਾਗਰਿਕਾਂ, ਔਰਤਾਂ, ਬੱਚਿਆਂ, ਉਦਯੋਗਪਤੀਆਂ, ਕਾਰੋਬਾਰੀਆਂ, ਡਾਕਟਰਾਂ, ਅਧਿਆਪਕਾਂ,ਸਿਵਲ, ਪੁਲਿਸ ਤੇ ਫ਼ੌਜ ਦੇ ਸਾਬਕਾ ਅਫ਼ਸਰਾਂ, ਟੈਕਨੋਕ੍ਰੇਟਾਂ, ਸਮੇਤ ਹਰ ਖੇਤਰ ਦੇ ਲੋਕਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲ ਰਹੀ ਹੈ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਵਲੰਟੀਅਰਾਂ ਦੇ ਨਾਲ ਕੂੜਾ ਇਕੱਠਾ ਕਰਨ ਵਿੱਚ ਮਦਦ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਪਰਿਵਾਰ ਦੀਵਾਲੀ ਤੋਂ ਪਹਿਲਾਂ ਆਪਣੇ ਘਰਾਂ ਦੀ ਸਫਾਈ ਕਰਦੇ ਹਨ, ਉਸੇ ਤਰ੍ਹਾਂ ਨਾਗਰਿਕਾਂ ਨੂੰ ਵੀ ਜਨਤਕ ਥਾਵਾਂ ਨੂੰ ਸਾਫ਼ ਰੱਖਣ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇੱਕ ਸਾਫ਼ ਸ਼ਹਿਰ ਇਸਦੇ ਲੋਕਾਂ ਦਾ ਪ੍ਰਤੀਬਿੰਬ ਹੁੰਦਾ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਪਟਿਆਲਾ ਨੂੰ ਸੁੰਦਰ ਰੱਖਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ, ਤਾਂ ਜੋ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇੱਕ ਬਿਹਤਰ ਅਤੇ ਸਾਫ਼ ਵਾਤਾਵਰਣ ਦੇ ਸਕੀਏ।

ਡਿਪਟੀ ਕਮਿਸ਼ਨਰ ਨੇ ਇਸ ਮੁ ?ਹਿੰਮ ਦੌਰਾਨ ਸਥਾਨਕ ਵਸਨੀਕਾਂ ਦੀ ਉਤਸ਼ਾਹੀ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਇਸ ÷ਮੇਰਾ ਪਟਿਆਲਾ ਮੈਂ ਹੀ ਸਵਾਰਾ÷ ਮੁਹਿੰਮ ਨੂੰ ਨਾਗਰਿਕ ਮਾਣ ਦਾ ਸੱਚਾ ਪ੍ਰਤੀਕ ਕਿਹਾ। ਉਨ੍ਹਾਂ ਕਿਹਾ ਕਿ ਇਸ ਸਵੱਛਤਾ ਮੁਹਿੰਮ ਦਾ ਹਿੱਸਾ ਬਣਨਾ ਉਨ੍ਹਾਂ ਲਈ ਇੱਕ ਸ਼ਾਨਦਾਰ ਅਨੁਭਵ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਦੱਸਿਆ ਗਿਆ ਹੈ ਕਿ ਪਿਛਲੇ ਹਫ਼ਤਿਆਂ ਦੌਰਾਨ ਪਾਸੀ ਰੋਡ, ਪੋਲੋ ਗਰਾਊਂਡ, ਜੇਲ ਰੋਡ ਵਿਖੇ ਚਲਾਈ ਇਸ ਮੁਹਿੰਮ ਵਿੱਚ 2,000 ਕਿਲੋਗ੍ਰਾਮ ਤੋਂ ਵੱਧ ਕੂੜਾ ਇਕੱਠਾ ਕੀਤਾ ਗਿਆ ਹੈ, ਜੋ ਸਮੂਹਿਕ ਭਾਗੀਦਾਰੀ ਦੀ ਸ਼ਕਤੀ ਨੂੰ ਦਰਸਾਉਂਦਾ ਹੈ।ਉਨ੍ਹਾਂ ਕਿਹਾ ਕਿ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਯਤਨ ਕਮਜ਼ੋਰ ਨਹੀਂ ਪੈਣ ਦਿੱਤੇ ਜਾਣਗੇ ਅਤੇ ਸ਼ਹਿਰ ਦੀਆਂ ਸੜਕਾਂ ਦੀ ਮੁਰੰਮਤ ਮਗਰੋਂ ਇੱਕ ਵਿਆਪਕ ਸਫ਼ਾਈ ਮੁਹਿੰਮ ਵਿੱਢੀ ਜਾਵੇਗੀ।

ਇਸ ਦੌਰਾਨ ਉਘੇ ਸਮਾਜ ਸੇਵੀ ਹਰਿੰਦਰਪਾਲ ਸਿੰਘ ਲਾਂਬਾ ਅਤੇ ਕਰਨਲ ਜੇ.ਵੀ. ਸਿੰਘ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦਾ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਧੰਨਵਾਦ ਕਰਦਿਆਂ ਉਨ੍ਹਾਂ ਦੀ ਸ਼ਮੂਲੀਅਤ ਨੂੰ ਪ੍ਰੇਰਨਾਦਾਇਕ ਦੱਸਿਆ। ਉਨ੍ਹਾਂ ਅੱਗੇ ਕਿਹਾ ਕਿ ਹੁਣ ਅਸੀਂ ਸਮੂਹਿਕ ਤੌਰ 'ਤੇ ਰੱਖ-ਰਖਾਅ ਅਤੇ ਸੁੰਦਰੀਕਰਨ ਲਈ ਪਟਿਆਲਾ ਸ਼ਹਿਰ ਦੇ ਕਿਸੇ ਇੱਕ ਖੇਤਰ ਨੂੰ ਮਾਡਲ ਪਾਇਲਟ ਪ੍ਰੋਜੈਕਟ ਵਜੋਂ ਅਪਣਾਉਣ ਦੀ ਤਜਵੀਜ ਉਤੇ ਕੰਮ ਕਰ ਰਹੇ ਹਾਂ।

ਅੱਜ ਦੀ ਇਸ ਮੁਹਿੰਮ ਵਿੱਚ 60 ਤੋਂ ਵੱਧ ਨਾਗਰਿਕਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚ ਗੁਰਮੀਤ ਸਿੰਘ ਸਡਾਨਾ, ਕੈਪਟਨ ਸੁਖਜੀਤ ਕੌਰ ਅਤੇ ਵਰੁਣ ਮਲਹੋਤਰਾ ਸਮੇਤ ਵੱਡੀ ਗਿਣਤੀ ਪਟਿਆਲਵੀ ਸ਼ਾਮਲ ਸਨ, ਨੇ ਕਿਹਾ ਕਿ ਇਹ ਸਮਾਗਮ ਪਟਿਆਲਵੀਆਂ ਵਿੱਚ ਵਧ ਰਹੀ ਨਾਗਰਿਕ ਭਾਵਨਾ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਡੀ ਕੋਸ਼ਿਸ਼ ਸਿਰਫ਼ ਪਟਿਆਲਾ ਸ਼ਹਿਰ ਦੀਆਂ ਸੜਕਾਂ ਤੇ ਗਲੀਆਂ ਦੀ ਸਫਾਈ ਕਰਨੀ ਹੀ ਨਹੀਂ ਹੈ, ਸਗੋਂ ਹਰ ਨਾਗਰਿਕ ਵਿੱਚ ਜ਼ਿੰਮੇਵਾਰੀ ਅਤੇ ਸਫ਼ਾਈ ਬਾਰੇ ਇੱਛਾ ਸ਼ਕਤੀ ਪੈਦਾ ਕਰਨੀ ਹੈ। ਇਸ ਦੌਰਾਨ ਨਗਰ ਨਿਗਮ ਦੇ ਨਿਗਰਾਨ ਇੰਜੀਨੀਅਰ ਰਜਿੰਦਰ ਚੋਪੜਾ, ਬਾਗਬਾਨੀ ਵਿਭਾਗ ਦੇ ਡਿਪਟੀ ਡਾਇਰੈਕਟਰ ਸੰਦੀਪ ਗਰੇਵਾਲ ਤੇ ਬਾਗਬਾਨੀ ਵਿਕਾਸ ਅਫ਼ਸਰ ਹਰਿੰਦਰਪਾਲ ਸਿੰਘ ਸਮੇਤ ਹੋਰ ਵੀ ਮੌਜੂਦ ਸਨ।

# ਪੁਨਰ ਸੁਰਜੀਤੀ ਅਕਾਲੀ ਦਲ ਨੂੰ ਮਜ਼ਬੂਤ ਕਰਨ 'ਚ ਜੁਟੇ ਪੰਜਾਬ ਦੇ ਲੋਕ : ਰੱਖੜਾ

**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੁਨਰ ਸੁਰਜੀਤੀ ਅਕਾਲੀ ਦਲ ਵਿਚ ਲਗਾਤਾਰ ਨਿਯੁਕਤੀਆਂ ਕੀਤੀਆਂ ਜਾ ਰਹੀਆਂ ਹਨ। ਜਿਸ ਨੂੰ ਦੇਖਦੇ ਹੋਏ ਹੁਣ ਪਜਾਬ ਦੇ ਲੋਕ ਵੀ ਪਾਰਟੀ ਅਦਰ ਸ਼ਮੂਲੀਅਤ ਕਰਕੇ ਇਸ ਨੂ ਮਜ਼ਬੂਤ ਕਰਨ ਵਿਚ ਆਪਣਾ ਯੋਗਦਾਨ ਪਾ ਰਹੇ ਹਨ।

ਇਨਾਂ ਵਿਚਾਰਾਂ ਦਾ ਪਗਟਾਵਾ ਸਾਬਕਾ ਕੈਬਨਿਟ ਮਤਰੀ ਤੇ ਪਾਰਟੀ ਦੇ ਸੀਨੀਅਰ ਆਗੂ ਸੁਰਜੀਤ ਸਿਘ ਰੱਖੜਾ ਤੇ ਸੁਖਵਿਦਰ ਸਿਘ ਸੁੱਖੀ ਰੱਖੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨਾਂ ਕਿਹਾ ਕਿ ਸ਼ੋਮਣੀ ਅਕਾਲੀ ਦਲ ਨੂ ਕਮਜ਼ੋਰ ਕਰਨ ਵਿਚ ਸੁਖਬੀਰ ਸਿਘ ਬਾਦਲ ਦਾ ਜਿਮੇਵਾਰ ਹੈ। ਜਿਸ ਨੇ ਪਾਰਟੀ ਤੋਂ ਆਪਣੇ ਆਪ ਨੂ ਉਪਰ ਸਮਝ ਕੇ ਇਸ ਨੂ ਖੋਰਾ ਲਾਉਣ ਤੋਂ ਇਲਾਵਾ ਕੁਝ ਨਹੀ ਕੀਤਾ ਤਾਂ ਹੀ ਹੁਣ ਪੁਨਰ ਸੁਰਜੀਤੀ ਸ਼ੋਮਣੀ ਅਕਾਲੀ ਦਲ ਵਿਚ ਟਕਸਾਲੀ ਅਕਾਲੀ ਆਗੂ ਪਰਿਵਾਰਾਂ ਸਮੇਤ ਸ਼ਮੂਲੀਅਤ ਕਰ ਰਹੇ ਹਨ ਜਿਨਾਂ ਨੂ ਚਗੇ ਆਹੁਦੇ ਦੇ ਕੇ ਨਿਵਾਜਿਆ ਜਾ ਰਿਹਾ ਹੈ। ਜਿਸ ਤੋਂ ਪਤਾ ਚੱਲਦਾ ਹੈ ਕਿ ਭਵਿੱਖ ਵਿਚ ਪੁਨਰ ਸੁਰਜੀਤੀ ਅਕਾਲੀ ਦਲ ਹੀ ਪਜਾਬ ਦੀ ਸਭ ਤੋਂ ਵੱਡੀ ਖੇਤਰੀ ਪਾਰਟੀ ਬਣ ਕੇ ਉਭਰੇਗਾ। ਉਨਾਂ ਕਿਹਾ ਕਿ ਪਜਾਬ ਦੇ ਮਸਲਿਆਂ ਨੂ ਹੱਲ ਕਰਵਾਉਣ ਵਿਚ ਪੁਨਰ ਸੁਰਜੀਤੀ ਅਕਾਲੀ ਦਲ ਆਪਣਾ ਅਹਿਮ ਰੋਲ ਅਦਾ ਕਰ ਰਿਹਾ ਹੈ।

ਉਨ੍ਹਾਂ ਕਿਹਾ ਕਿ ਜਿਹੜੇ ਪਜਾਬ ਦੇ ਲੋਕਾਂ ਨੇ ਸ਼ੋਮਣੀ ਅਕਾਲੀ ਦਲ ਦੀਆਂ ਲਮਾਂ ਸਮਾਂ ਸਰਕਾਰਾਂ ਬਣਾਈਆਂ ਉਨਾਂ ਲੋਕਾਂ ਦੀ ਹੀ ਬਾਦਲ ਪਰਿਵਾਰ ਨੇ ਸਾਰ ਨਹੀਂ ਲਈ ਤਾ ਹੀ ਹੁਣ ਪਜਾਬ ਦੇ ਲੋਕ ਬਾਦਲ ਪਰਿਵਾਰ ਨੂ ਪਾਰਟੀ ਤੋਂ ਲਾਂਭੇ ਕਰਨ ਵਿਚ ਲੱਗੇ ਹੋਏ ਹਨ, ਕਿਉਂਕਿ ਇਸ ਪਰਿਵਾਰ ਨੇ ਪਜਾਬ ਨੂ ਖੋਰਾ ਲਾਉਣ ਤੋਂ ਇਲਾਵਾ ਕੁਝ ਨਹੀਂ ਕੀਤਾ।

# ਲੁਧਿਆਣਾ ਵਿੱਚ ਪਾਣੀ ਦੂਸ਼ਿਤ ਹੋਣ ਦੀਆਂ ਸ਼ਿਕਾਇਤਾਂ ਵਿੱਚ 48 ਫ਼ੀਸਦ ਦੀ ਗਿਰਾਵਟ ਆਈ: ਡਾ. ਰਵਜੋਤ ਸਿੰਘ



**ਚੰਡੀਗੜ੍ਹ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਨੇ ਅੱਜ ਇੱਥੇ ਦੱਸਿਆ ਕਿ ਸ਼ਹਿਰ ਦੇ ਹਰ ਘਰ ਨੂੰ ਸਾਫ਼ ਪੀਣ ਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਵਚਨਬੱਧ ਨਗਰ ਨਿਗਮ ਲੁਧਿਆਣਾ ਨੇ ਦੂਸ਼ਿਤ ਪਾਣੀ ਦੇ ਮਾਮਲਿਆਂ ਨੂੰ ਕਾਫ਼ੀ ਹੱਦ ਤੱਕ ਘਟਾਉਣ ਵਿੱਚ ਮਹੱਤਵਪੂਰਨ ਸਫ਼ਲਤਾ ਹਾਸਲ ਕੀਤੀ ਹੈ।

ਪਾਣੀ ਦੀ ਵੰਡ ਦੇ ਨੈੱਟਵਰਕ ਨੂੰ ਬਿਹਤਰ ਬਣਾਉਣ ਦੇ ਉਦੇਸ਼ ਨਾਲ ਚੁੱਕੇ ਗਏ ਠੋਸ ਕਦਮਾਂ ਦੇ ਸਕਾਰਾਤਮਕ ਨਤੀਜੇ ਆਉਣੇ ਸ਼ੁਰੂ ਹੋ ਗਏ ਹਨ, ਜਿਸ ਨਾਲ ਦੂਸ਼ਿਤ ਪਾਣੀ ਸਬੰਧੀ ਸ਼ਿਕਾਇਤਾਂ 2022-23 ਵਿੱਚ 608 ਤੋਂ ਘੱਟ ਕੇ 2025 ਵਿੱਚ 318 ਰਹਿ ਗਈਆਂ ਹਨ। ਉਨ੍ਹਾਂ ਪੁਸ਼ਟੀ ਕੀਤੀ ਕਿ ਸਾਰੀਆਂ ਸ਼ਿਕਾਇਤਾਂ ਦਾ ਸਥਾਈ ਤੌਰ 'ਤੇ ਹੱਲ ਕਰ ਦਿੱਤਾ ਗਿਆ ਹੈ।

ਡਾ. ਰਵਜੋਤ ਸਿੰਘ ਨੇ ਕਿਹਾ ਕਿ ਨਿਵਾਸੀਆਂ ਨੂੰ ਸਾਫ਼ ਤੇ ਸੁਰੱਖਿਅਤ ਪੀਣ ਵਾਲਾ ਪਾਣੀ ਪ੍ਰਦਾਨ ਕਰਨਾ ਸਥਾਨਕ ਸਰਕਾਰਾਂ ਵਿਭਾਗ ਲਈ ਦੀ ਪ੍ਰਮੁੱਖ ਤਰਜੀਹ ਹੈ। ਉਨ੍ਹਾਂ ਸਾਂਝਾ ਕੀਤਾ ਕਿ 2024 ਵਿੱਚ 12.6 ਕਿਲੋਮੀਟਰ ਨਵੀਆਂ ਸਪਲਾਈ ਲਾਈਨਾਂ ਵਿਛਾਈਆਂ ਗਈਆਂ ਸਨ, ਜਦੋਂ ਕਿ 2025 ਵਿੱਚ ਪੁਰਾਣੀਆਂ ਅਤੇ ਖਰਾਬ ਪਾਈਪਲਾਈਨਾਂ ਨੂੰ ਬਦਲ ਕੇ 20 ਕਿਲੋਮੀਟਰ ਤੋਂ ਵੱਧ ਨਵੀਆਂ ਵਾਟਰ ਸਪਲਾਈ ਲਾਈਨਾਂ ਵਿਛਾਈਆਂ ਗਈਆਂ ਹਨ। ਇਨ੍ਹਾਂ ਪ੍ਰੋਜੈਕਟਾਂ ਨੇ ਸ਼ਹਿਰ ਭਰ ਵਿੱਚ ਪਾਣੀ ਦੀ ਗੁਣਵੱਤਾ ਅਤੇ ਭਰੋਸੇਯੋਗਤਾ ਵਿੱਚ ਨਿਰੰਤਰ ਸੁਧਾਰ ਨੂੰ ਯਕੀਨੀ ਬਣਾਇਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਢੰਡਾਰੀ ਖੁਰਦ, ਜਮਾਲਪੁਰ ਅਵਾਣਾ, ਇੱਸਾ ਨਗਰੀ, ਸ਼ੇਰਪੁਰ ਖੁਰਦ, ਸ਼ਾਂਤੀ ਨਗਰ, ਟੈਗੋਰ ਨਗਰ, ਜਵੱਦੀ, ਸੁਨੇਤ, ਪੰਜਾਬੀ ਬਾਗ, ਕਰਮਸਰ ਕਲੋਨੀ, ਖੁੱਡ ਮੁਹੱਲਾ, ਸੇਖੇਵਾਲ, ਜੈਨ ਕਲੋਨੀ, ਮਾਇਆਪੁਰੀ, ਮੋਹਰ ਸਿੰਘ ਨਗਰ, ਢੰਡਾਰੀ ਕਲਾਂ, ਦੁੱਗਰੀ ਫੇਜ਼-2, ਵਿਕਾਸ ਨਗਰ ਸਮੇਤ ਹੋਰ ਇਲਾਕਿਆਂ ਵਿੱਚ ਵੱਡੇ ਪੱਧਰ 'ਤੇ ਸੁਧਾਰ ਕਾਰਜ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਨਗਰ ਨਿਗਮ ਪੁਰਾਣੀਆਂ ਸਪਲਾਈ ਲਾਈਨਾਂ ਬਾਕਾਇਦਾ ਬਦਲਦਾ ਰਹਿੰਦਾ ਹੈ, ਪਰ ਫਿਰ ਵੀ ਜੰਗਾਲ ਲੱਗੇ ਨਿੱਜੀ ਕੁਨੈਕਸ਼ਨਾਂ ਅਤੇ ਗੈਰ-ਕਾਨੂੰਨੀ ਸੀਵਰੇਜ ਲਿੰਕਾਂ ਕਰਕੇ ਦੂਸ਼ਿਤ ਪਾਣੀ ਦੀਆਂ ਘਟਨਾਵਾਂ ਅਕਸਰ ਹੁੰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਦੀ ਪਛਾਣ ਕਰਕੇ ਇਸਨੂੰ ਪਹਿਲ ਦੇ ਆਧਾਰ 'ਤੇ ਠੀਕ ਕੀਤਾ ਜਾ ਰਿਹਾ ਹੈ।

ਡਾ. ਰਵਜੋਤ ਸਿੰਘ ਨੇ ਅੱਗੇ ਕਿਹਾ

# ਤਖ਼ਤ ਸ੍ਰੀ ਪਟਨਾ ਸਾਹਿਬ ਜੀ ਤੋਂ ਗੁਰੂ ਸਾਹਿਬਾਨ ਦੀ ਨਿਸ਼ਾਨੀਆਂ ਵਾਲੀ ਮਹਾਨ ਯਾਤਰਾ 23 ਅਕਤੂਬਰ ਨੂੰ ਪਹੁੰਚੇਗੀ ਨਾਭਾ : ਦੇਵ ਮਾਨ

**ਨਾਭਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਤਖ਼ਤ ਸ੍ਰੀ ਪਟਨਾ ਸਾਹਿਬ ਜੀ ਮੈਨੇਜਮੈਂਟ ਕਮੇਟੀ ਵਲੋਂ ਬਿਹਾਰ ਟੂਰਿਜਮ ਵਿਭਾਗ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦੁਰ ਸਾਹਿਬ ਜੀ ਤੇ ਉਨ੍ਹਾਂ ਦੇ ਪਰਮ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦਾ 350ਵੇਂ ਸ਼ਹੀਦੀ ਸ਼ਤਾਬਦੀ ਸਮਾਗਮ ਬੜੀ ਸ਼ਰਧਾ ਭਾਵਨਾ ਨਾਲ ਅੰਤਰਰਾਸ਼ਟਰੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਜਿਸ ਲੜੀ ਤਹਿਤ ਸੱਚੇ ਪਾਤਸ਼ਾਹ ਦੇ ਮਨੁੱਖਤਾ ਦੇ ਸੁਨੇਹੇ ਨੂੰ ਮੁੱਖ ਰੱਖਦੇ ਹੋਏ ਤਖ਼ਤ ਸਾਹਿਬ ਜੀ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਤੋਂ ਗੁਰੂ ਸਾਹਿਬ ਜੀ ਦੀ ਪਵਿੱਤਰ ਇਤਿਹਾਸਕ ਨਿਸ਼ਾਨੀਆਂ ਨੂੰ ਪ੍ਰਦਰਸ਼ਿਤ ਕਰਦੇ ਹੋਏ ਮਹਾਨ ਜਾਗ੍ਰਿਤੀ ਯਾਤਰਾ ਆਰੰਭ ਕੀਤੀ ਗਈ ਹੈ ਜੋ ਦੇਸ਼ ਦੇ 9 ਸੂਬਿਆਂ ਬਿਹਾਰ, ਝਾਰਖੰਡ, ਉੜੀਸਾ, ਬੰਗਾਲ, ਯੂ.ਪੀ., ਦਿੱਲੀ, ਹਰਿਆਣਾ, ਉਤਰਾਖੰਡ ਤੋਂ ਹੁੰਦੀ ਹੋਈ ਪੰਜਾਬ ਪਹੁੰਚ ਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ, ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਪੂਰਨ ਹੋਵੇਗੀ। ਇਸ ਯਾਤਰਾ ਵਿੱਚ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਅਤੇ ਹੋਰ ਗੁਰੂ ਸਾਹਿਬਾਨਾਂ ਜੀ ਦੀਆਂ ਪਵਿੱਤਰ ਨਿਸ਼ਾਨੀਆਂ ਵੀ ਸ਼ਾਮਿਲ ਹਨ। ਜਿਕਰਯੋਗ ਹੈ ਕਿ ਜਿਸ ਵਕਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸਾਹਿਬ ਦੀ ਧਰਤੀ ਤੇ ਪ੍ਰਕਾਸ਼ ਹੋਇਆ ਤਾਂ ਉਸ ਦੌਰਾਨ ਸ੍ਰੀ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਅਸਾਮ ਯਾਤਰਾਵਾਂ ਤੇ ਗਏ ਹੋਏ ਸਨ। ਜਿਸ ਵਕਤ ਗੁਰੂ ਸਾਹਿਬ ਜੀ ਪਟਨਾ ਵਾਪਸ ਆਏ ਤਾਂ ਸਰੀਰਕ ਰੂਪ ਵਿੱਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਨਾਲ ਪਟਨਾ ਸਾਹਿਬ ਦੀ ਧਰਤੀ ਤੇ ਗੁਰੂ ਕਾ ਬਾਗ ਵਿਖੇ ਮਿਲਾਪ ਹੋਇਆ ਸੀ। ਜਿਥੇ ਅੱਜ ਗੁਰਦੁਆਰਾ ਗੁਰੂ ਕਾ ਬਾਗ ਸ਼ਿਸ਼ੋਬਤ ਹੈ। ਉਸੇ ਤਰ੍ਹਾਂ ਜਿਸ ਵਕਤ ਗੁਰੂ ਸਾਹਿਬ ਜੀ ਕਸ਼ਮੀਰੀ ਪੰਡਤਾਂ ਦੀ ਫ਼ਰਿਆਦ ਉਪਰੰਤ ਧਰਮ ਦੀ ਚਾਦਰ ਬੰਨ ਸ਼ਹੀਦੀ ਵਾਸਤੇ ਦਿੱਲੀ ਲਈ ਰਵਾਨਾ ਹੋਏ ਤਾਂ ਉਹਨਾਂ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਸਰੀਰਕ ਰੂਪ ਵਿੱਚ ਵਿਛੋੜਾ ਅਨੰਦਪੁਰ ਸਾਹਿਬ ਵਿਖੇ ਹੋਇਆ। ਜੇਕਰ ਇਸ ਯਾਤਰਾ ਦੇ ਸੰਕਲਪ ਦੀ ਗੱਲ ਕੀਤੀ ਜਾਵੇ ਤਾਂ ਇਹ ਯਾਤਰਾ ਗੁਰੂ ਗੋਬਿੰਦ ਸਿੰਘ ਜੀ ਅਤੇ ਗੁਰੂ ਤੇਗ਼ ਬਹਾਦੁਰ ਸਾਹਿਬ ਜੀ ਦੇ ਮਿਲਾਪ ਤੋਂ ਵਿਛੋੜੇ ਦੀ ਧਰਤੀ ਤੱਕ ਦੀ ਯਾਤਰਾ ਹੈ- ਭਾਵ ਇਹ ਯਾਤਰਾ ਗੁਰਦੁਆਰਾ ਗੁਰੂ ਕਾ ਬਾਗ, ਪਟਨਾ ਸਾਹਿਬ ਤੋਂ ਤਖ਼ਤ ਕੇਸਗੜ੍ਹ ਸਾਹਿਬ ਜੀ, ਸ੍ਰੀ ਅਨੰਦਪੁਰ ਸਾਹਿਬ ਤੱਕ ਹੋਵੇਗੀ। ਜਿਸ ਵਿੱਚ ਮੁੱਖ ਤੌਰ ਤੇ ਦੋਨੋ ਗੁਰੂ ਸਾਹਿਬ ਜੀ ਦੀਆਂ ਨਿਸ਼ਾਨੀਆਂ ਸ਼ਾਮਲ ਹਨ। ਪਾਲਕੀ ਸਾਹਿਬ ਵਿੱਚ ਬਾਬਾ ਦੀਪ ਸਿੰਘ ਜੀ ਦਾ ਹੱਥ-ਲਿਖਤ ਸਰੂਪ ਸਸੋਭਿਤ ਹੈ। ਖ਼ਾਸ ਗੱਲ ਇਹ ਹੈ ਕਿ ਇਸ ਯਾਤਰਾ ਵਿੱਚ ਗੁਰੂ ਸਾਹਿਬ ਜੀ ਨਾਲ ਸ਼ਹੀਦੀ ਦੇਣ ਵਾਲੇ ਉਨ੍ਹਾਂ ਦੇ ਪਰਮ ਸਿੱਖ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ ਪਰਿਵਾਰ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਣਗੇ ਅਤੇ ਗੁਰੂ ਸਾਹਿਬਾਨਾਂ ਵੱਲੋਂ ਉਨ੍ਹਾਂ ਨੂੰ ਬਖਸ਼ੇ ਹੁਕਮਨਾਮਿਆਂ ਦੇ ਵੀ ਦਰਸ਼ਨ ਕਰਵਾਉਣਗੇ।

# ਕਿਸਾਨਾਂ ਨੂ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਜੁਟੀ ਕੇਂਦਰ ਦੀ ਭਾਜਪਾ ਸਰਕਾਰ : ਐਡਵੋਕੇਟ ਖੱਟੜਾ



**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਅਦਰ ਜਿਸ ਦਿਨ ਦੀ ਵਾਗਡੋਰ ਭਾਜਪਾ ਦੇ ਹੱਥ ਵਿਚ ਆਈ ਹੈ, ਉਦੋਂ ਤੋਂ ਛੋਟੇ ਕਿਸਾਨਾਂ ਨੂ ਆਰਥਿਕ ਪੱਖੋਂ ਮਜ਼ਬੂਤ ਕਰਨ ਲਈ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਵੱਖ-ਵੱਖ ਤਰਾਂ ਦੀਆਂ ਚਲਾਈਆਂ ਸਕੀਮਾਂ ਰਾਹੀਂ ਮਜ਼ਬੂਤ ਕੀਤਾ ਜਾ ਰਿਹਾ ਹੈ, ਕਿਉਂਕਿ ਛੋਟੇ ਕਿਸਾਨਾਂ ਨੂ ਫਸਲਾਂ ਪਾਲਣ ਲਈ ਕੀਤੇ ਜਾਂਦੇ ਬੇਹਤਾਸ਼ਾ ਖਰਚੇ ਦਾ ਪੂਰਾ ਮੁੱਲ ਨਹੀਂ ਸੀ ਮਿਲਦਾ। ਜਿਸ ਕਰਕੇ ਦੇਸ਼ ਦੇ ਪਧਾਨ ਮਤਰੀ ਨਰਿਦਰ ਮੋਦੀ ਨੇ ਕਿਸਾਨ ਨਿਧੀ ਯੋਜਨਾ ਰਾਹੀਂ ਸਿੱਧੇ ਖਾਤਿਆਂ ਵਿਚ ਅਦਾਇਗੀ ਕਰਕੇ ਕਿਸਾਨ ਨੂ ਖੁਦਕੁਸ਼ੀਆਂ ਦੇ ਰਾਹ ਤੋਂ ਰੋਕਣ ਵਿਚ ਵੱਡਾ ਯੋਗਦਾਨ ਪਾਇਆ ਜਾ ਰਿਹਾ ਹੈ। ਇਨਾਂ ਵਿਚਾਰਾਂ ਦਾ ਪਗਟਾਵਾ ਸੀਨੀਅਰ ਭਾਜਪਾ ਆਗੂ ਐਡਵੋਕੇਟ ਸਤਬੀਰ ਸਿਘ ਖੱਟੜਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।

ਉਨਾਂ ਕਿਹਾ ਕਿ ਦੇਸ਼ ਦੇ ਸਭ ਤੋਂ ਵੱਧ ਸੂਬਿਆਂ ਅਦਰ ਭਾਜਪਾ ਦੀਆਂ ਸਰਕਾਰਾਂ ਬਣਾਉਣ ਵਿਚ ਲੋਕਾਂ ਦਾ ਅਹਿਮ ਯੋਗਦਾਨ ਰਿਹਾ ਹੈ ਜਿਸ ਨੂ ਦੇਖਦੇ ਹੋਏ ਹੁਣ ਪਜਾਬ ਦੇ ਲੋਕ ਵੀ ਇੱਥੇ ਦੀ ਖੁਸ਼ਹਾਲੀ ਨੂ ਵਧਾਉਣ ਲਈ ਭਾਜਪਾ ਦੀ ਸਰਕਾਰ ਬਣਾਉਣਗੇ ਤਾਂ ਜੋ ਹਰਿਆਣਾ ਵਾਂਗ ਪਜਾਬ ਵੀ ਆਰਥਿਕ ਪੱਖੋਂ ਮਜ਼ਬੂਤ ਹੋ ਸਕੇ। ਖੱਟੜਾ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਵੱਖ-ਵੱਖ ਵਿਭਾਗਾਂ ਅਦਰ ਸਿੱਧੇ ਤੋਰ 'ਤੇ ਭਰਤੀ ਕਰਕੇ ਬੇਰੋਜ਼ਗਾਰੀ ਦਾ ਖਾਤਮਾ ਕਰਨ ਵਿਚ ਆਪਣਾ ਅਹਿਮ ਰੋਲ ਅਦਾ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਪਜਾਬ ਦੇ ਲੋਕਾਂ ਨੂ ਚਾਹੀਦਾ ਹੈ ਕਿ ਇੱਕ ਵਾਰ ਪਜਾਬ ਦੀ ਮਜ਼ਬੂਤੀ ਲਈ ਭਾਜਪਾ ਦਾ ਸਹਿਯੋਗ ਕਰਨ ਜਿਸ ਨਾਲ ਪਜਾਬ ਅਦਰੋਂ ਵੀ ਬੇਰੋਜ਼ਗਾਰੀ ਦਾ ਖਾਤਮਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਦੇਸ਼ ਦੇ ਪਧਾਨ ਮਤਰੀ ਮਨ ਕੀ ਬਾਤ ਰਾਹੀਂ ਅਗਾਂਹਵਧੂ ਲੋਕਾਂ ਨੂ ਜਾਗਰੂਕ ਕਰਨ ਵਿਚ ਹੌਂਸਲਾ ਅਫਜਾਈ ਕਰਦੇ ਹਨ ਤਾ ਜੋ ਅਗਾਂਹਵਧੂ ਲੋਕ ਹੋਰਨਾਂ ਲੋਕਾਂ ਲਈ ਵੀ ਪੇਰਣਾਸੋਤ ਬਣ ਸਕਣ।

# ਨਵੀਂ ਬਣੀ ਕੋਅਪਰੇਟਿਵ ਸੋਸਾਇਟੀ ਦੇ ਮੈਂਬਰਾ ਨੇ ਸਤਬੀਰ ਸਿੰਘ ਖਟੜਾ ਨਾਲ ਕੀਤੀ ਮੁਲਾਕਾਤ



**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦਿਹਾਤੀ ਦੇ ਅਧੀਨ ਆਉਂਦਾ ਪਿੰਡ ਲੰਗ 'ਚ ਨਵੀਂ ਬਣੀ ਕੋਅਪਰੇਟਿਵ ਸੋਸਾਇਟੀ ਦੇ ਮੈਂਬਰਾ ਨੇ ਬੀਜੇਪੀ ਨੇਤਾ ਸਤਬੀਰ ਸਿੰਘ ਖਟੜਾ ਨਾਲ ਕੀਤੀ ਮੁਲਾਕਾਤ। ਇਸ ਮੌਕੇ ਸਤਬੀਰ ਸਿੰਘ ਖਟੜਾ ਵਲੋਂ ਵੀ ਨਵੀ ਕਮੇਟੀ ਦੇ ਸਮੂਹ ਮੈਂਬਰਾਂ ਦਾ ਮੂੰਹ ਮਿੱਠਾ ਕਰਵਾ ਕੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਨਾਲ ਮੇਰੇ ਗ੍ਰਹਿ ਵਿਖੇ ਮੁਲਾਕਾਤ ਕੀਤੀ ਅਤੇ ਮੁਬਾਰਕਬਾਦ ਦਿੱਤੀ।

# ਸ਼ਿਵ ਸ਼ਕਤੀ ਯੂਥ ਫਾਉਂਡੇਸ਼ਨ ਵਲੋਂ ਪਹਿਲਾ ਵਿਸ਼ਾਲ ਖੂਨਦਾਨ ਤੇ ਮੈਡੀਕਲ ਕੈਂਪ ਆਯੋਜਿਤ



**ਘੱਗਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇੜਲੇ ਪਿੰਡ ਕਕਰਾਲਾ ਭਾਈਕਾ ਦੇ ਸ਼ਿਵ ਮੰਦਰ ਵਿੱਚ ਅੱਜ ਸ਼ਿਵ ਸ਼ਕਤੀ ਯੂਥ ਫਾਉਂਡੇਸ਼ਨ ਵੱਲੋਂ ਸਵ: ਸ਼੍ਰੀ ਰਾਜ ਕੁਮਾਰ, ਸਵ: ਕੁਲਦੀਪ ਸਿੰਘ ਅਤੇ ਸਵ: ਸ੍ਰ ਰਾਜਵਿੰਦਰ ਸਿੰਘ ਰਾਜੂ ਦੀ ਪਵਿੱਤਰ ਯਾਦ ਵਿੱਚ ਪਹਿਲਾ ਵਿਸ਼ਾਲ ਖੂਨਦਾਨ ਤੇ ਹੱਡੀਆਂ ਅਤੇ ਜੋੜਾਂ ਦੇ ਦਰਦ ਦਾ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਕਲੱਬ ਦੇ ਚੇਅਰਮੈਨ ਨਵੀਂ ਵਰਮਾ ਨੇ ਦੱਸਿਆ ਕਿ ਇਸ ਕਲੱਬ ਦਾ ਮੁੱਖ ਉਦੇਸ਼ ਮਨੁੱਖਤਾ ਦੀ ਸੇਵਾ ਹੈ।

ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਸਮਾਜਿਕ ਤੇ ਸੇਵਾ ਭਾਵਨਾ ਵਾਲੇ ਉਪਰਾਲੇ ਜਾਰੀ ਰਹਿਣਗੇ — ਜਿਸ ਵਿੱਚ ਗਰੀਬ ਕੁੜੀਆਂ ਦੇ ਵਿਆਹ, ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਸਰਕਾਰੀ ਸਹਾਇਤਾ ਪ੍ਰਾਪਤ ਕਰਵਾਉਣਾ ਆਦਿ ਸ਼ਾਮਲ ਹਨ।

# ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਅਧਿਆਪਕ-ਲੇਖਿਕਾ ਮਨਿੰਦਰ ਕੌਰ ਦੇ ਬਾਲ ਕਾਵਿ-ਸੰਗ੍ਰਹਿ 'ਚੱਟ ਗਈ ਮਲਾਈ' ਦਾ ਲੋਕ-ਅਰਪਣ

**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**




ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਪੰਜਾਬ ਸਿੱਖਿਆ ਵਿਭਾਗ ਦੀ ਅਧਿਆਪਕ-ਲੇਖਿਕਾ ਮਨਿੰਦਰ ਕੌਰ ਦੇ ਪਲੇਠੇ ਬਾਲ ਕਾਵਿ-ਸੰਗ੍ਰਹਿ 'ਚੱਟ ਗਈ ਮਲਾਈ' ਦਾ ਲੋਕ-ਅਰਪਣ ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਲੈਕਚਰ ਹਾਲ ਵਿਖੇ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਸਭਾ ਦੇ ਪ੍ਰਧਾਨ ਡਾ. ਦਰਸ਼ਨ ਸਿੰਘ 'ਆਸ਼ਟ',ਭਾਸ਼ਾ ਵਿਭਾਗ,ਪੰਜਾਬ,ਪਟਿਆਲਾ ਦੇ ਸਾਬਕਾ ਡਾਇਰੈਕਟਰ ਮੈਡਮ ਗੁਰਸ਼ਰਨ ਕੌਰ,ਸਾਹਿਤ ਅਕਾਦਮੀ ਬਾਲ ਸਾਹਿਤ ਪੁਰਸਕਾਰ ਵਿਜੇਤਾ ਤਰਸੇਮ (ਬਰਨਾਲਾ) ਤੋਂ ਇਲਾਵਾ ਪੰਜਾਬੀ ਵਿਕਾਸ ਮੰਚ ਪੰਜਾਬ ਦੇ ਕਨਵੀਨਰ ਸ. ਚਰਨਜੀਤ ਸਿੰਘ ਗਰੋਵਰ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਪਟਿਆਲਾ ਮੈਡਮ ਮਨਵਿੰਦਰ ਕੌਰ ਭੁੱਲਰ ਅਤੇ ਕਵੀ ਸ੍ਰੀ ਜੰਗ ਸਿੰਘ ਫੱਟੜ ਸ਼ਾਮਿਲ ਸਨ।ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਹਾਜ਼ਰੀਨ ਦਾ ਸੁਆਗਤ ਕਰਦਿਆਂ ਮਨਿੰਦਰ ਕੌਰ ਦੇ ਬਾਲ ਕਾਵਿ-ਸੰਗ੍ਰਹਿ 'ਚੱਟ ਗਈ ਮਲਾਈ' ਦੇ ਹਵਾਲੇ ਨਾਲ ਕਿਹਾ ਕਿ ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਬਾਲ ਸਾਹਿਤ ਦੀ ਅਹਿਮ ਭੂਮਿਕਾ ਹੁੰਦੀ ਹੈ ਜੋ ਬੱਚਿਆਂ ਨੂੰ ਨਿੱਗਰ ਕਦਰਾਂ ਕੀਮਤਾਂ ਨਾਲ ਜੋੜ ਕੇ ਉਨ੍ਹਾਂ ਦੇ ਮਨਾਂ ਵਿਚ ਮਾਤ ਭਾਸ਼ਾ ਪ੍ਰਤੀ ਸਨੇਹ ਉਜਾਗਰ ਕਰਦਾ ਹੈ।ਸਮਾਗਮ ਦੀ ਪ੍ਰਧਾਨਗੀ ਕਰਦਿਆਂ ਆਪਣੇ ਕਾਰਜਕਾਲ ਦੌਰਾਨ ਬਾਲ ਸਾਹਿਤ ਨੂੰ ਵਿਸ਼ੇਸ਼ ਤਵੱਜੋ ਦੇਣ ਵਾਲੇ ਸ੍ਰੀਮਤੀ ਗੁਰਸ਼ਰਨ ਕੌਰ ਨੇ ਕਿਹਾ ਕਿ ਵਿਸ਼ਵ ਵਿਚ ਵੱਡੇ ਵੱਡੇ ਲੇਖਕਾਂ ਨੇ ਬਾਲ ਸਾਹਿਤ ਦੀ ਸਿਰਜਣਾ ਨੂੰ ਪਹਿਲ ਦਿੱਤੀ ਹੈ ਜੋ ਪ੍ਰਸ਼ੰਸਾਤਮਕ ਰੁਝਾਨ ਹੈ। ਮੁੱਖ ਮਹਿਮਾਨ ਤਰਸੇਮ (ਬਰਨਾਲਾ) ਨੇ ਮਨਿੰਦਰ ਕੌਰ ਦੀ ਪੁਸਤਕ ਦੇ ਹਵਾਲੇ ਨਾਲ ਬਾਲ ਸਾਹਿਤ ਦੀ ਰਚਨਾ ਕਰਨ ਵਾਲੇ ਲਿਖਾਰੀਆਂ ਨੂੰ ਬਾਰੀਕੀਆਂ ਵੱਲ ਵਿਸ਼ੇਸ਼ ਧਿਆਨ ਦੇਣ ਦੇ ਅਹਿਮ ਨੁਕਤੇ ਸਾਂਝੇ ਕੀਤੇ। ਚਰਨਜੀਤ ਸਿੰਘ ਗਰੋਵਰ ਦਾ ਮਤ ਸੀ ਕਿ ਅਜਿਹੇ ਸਮਾਗਮ ਵੱਡੀ ਉਮਰ ਦੇ ਲੇਖਕਾਂ ਨੂੰ ਆਪਣੀ ਨਵੀਂ ਪੀੜ੍ਹੀ ਲਈ ਰਚਨਾ ਕਰਨ ਲਈ ਪ੍ਰੇਰਣਾ ਦਾ ਸੋਮਾ ਬਣਦੇ ਹਨ।ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਪ੍ਰਾਇਮਰੀ) ਪਟਿਆਲਾ ਮਨਵਿੰਦਰ ਕੌਰ ਭੁੱਲਰ ਨੇ ਬਾਲਾਂ ਲਈ ਢੁੱਕਵੇਂ ਸ਼ਬਦਾਂ ਅਤੇ ਉਨ੍ਹਾਂ ਦੇ ਅਰਥਾਂ ਬਾਰੇ ਚੰਗੀ ਚਰਚਾ ਕੀਤੀ। ਇਸ ਪੁਸਤਕ ਉਪਰ ਮੁੱਖ ਪਰਚਾ ਪੜ੍ਹਦੇ ਹੋਏ ਸਾਹਿਤ ਅਕਾਦਮੀ ਬਾਲ ਸਾਹਿਤ ਐਵਾਰਡੀ ਸਤਪਾਲ ਭੀਖੀ ਦੀ ਧਾਰਣਾ ਸੀ ਕਿ ਪੱਛਮੀ ਬਾਲ ਸਾਹਿਤ ਲੇਖਕਾਂ ਅਤੇ ਭਾਰਤੀ ਬਾਲ ਸਾਹਿਤ ਲੇਖਕਾਂ ਵੱਲੋਂ ਦਰਸਾਈਆਂ ਬਾਲ ਸਾਹਿਤ ਵਿਸ਼ੇਸ਼ਤਾਵਾਂ ਨੂੰ ਮੱਦੇ ਨਜ਼ਰ ਰੱਖਣਾ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇਹ ਬਾਲ ਪੁਸਤਕ ਮਿਆਰੀ ਨਰਸਰੀ ਗੀਤਾਂ ਦਾ ਪ੍ਰੇਰਣਾਮਈ ਸੋਮਾ ਹੈ। ਚਰਚਾ ਨੂੰ ਅੱਗੇ ਤੋਰਦਿਆਂ ਸੁਖਦੇਵ ਸਿੰਘ ਚਹਿਲ,ਸੁਖਜੀਵਨ ਅਤੇ ਹਰਪ੍ਰੀਤ ਸਿੰਘ ਆਦਿ ਅਧਿਆਪਕ ਲੇਖਕਾਂ ਨੇ ਪੁਸਤਕ ਦੇ ਵਿਸ਼ਾ ਵਸਤੂ ਅਤੇ ਕਲਾ ਪੱਖ ਬਾਰੇ ਵੱਖ ਵੱਖ ਪੱਖਾਂ ਤੋਂ ਮੁੱਲਵਾਨ ਸਾਂਝੇ ਕੀਤੇ।ਆਪਣੀ ਪੁਸਤਕ ਉਪਰ ਹੋਈ ਸਮੁੱਚੀ ਚਰਚਾ ਨੂੰ ਧਿਆਨ ਵਿਚ ਰੱਖਦੇ ਹੋਏ ਪੁਸਤਕ ਲੇਖਿਕਾ ਮਨਿੰਦਰ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਉਸ ਦੇ ਪਲੇਠੇ ਬਾਲ ਕਾਵਿ ਸੰਗ੍ਰਹਿ ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਲੋਕ ਅਰਪਣ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਉਨ੍ਹਾਂ ਆਪਣੇ ਕੁਝ ਨਰਸਰੀ ਗੀਤ ਸਾਂਝੇ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਬਾਲਾਂ ਲਈ ਅਜਿਹੀਆਂ ਮਨੋਵਿਗਿਆਨਕ ਬਾਲ ਕਵਿਤਾਵਾਂ ਲਿਖ ਕੇ ਆਤਮਿਕ ਸਕੂਨ ਮਿਲਦਾ ਹੈ। ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਬਲਬੀਰ ਸਿੰਘ ਦਿਲਦਾਰ,ਨਵਦੀਪ ਸਿੰਘ ਮੁੰਡੀ, ਉਂਕਾਰ ਸਿੰਘ ਤੇਜੇ,ਸਤਨਾਮ ਕੌਰ ਸਾਹਨੀ,ਗੁਰਪ੍ਰੀਤ ਕੌਰ,ਰਾਜਪਾਲ ਕੌਰ ਅਤੇ ਅਲਕਾ ਅਰੋੜਾ ਨੇ ਵੀ ਪੁਸਤਕ ਦੇ ਹਵਾਲੇ ਨਾਲ ਬਾਲ ਸਾਹਿਤ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ। ਜੰਗ ਸਿੰਘ ਫੱਟੜ ਨੇ ਕਾਵਿ-ਰਮਜ਼ਾਂ ਦੀ ਬਾਤ ਪਾਉਂਦੀ ਵਿਸ਼ੇਸ਼ ਨਜ਼ਮ ਸਾਂਝੀ ਕੀਤੀ।

ਸਮਾਗਮ ਦੇ ਦੂਜੇ ਦੌਰ ਵਿਚ ਤੋਂ ਇਲਾਵਾ ਸ਼ਾਇਰ ਪਰਵਿੰਦਰ ਸ਼ੋਖ, ਹਰਚਰਨ ਸਿੰਘ ਬਧੌਛੀ ਕਲਾਂ, ਕਮਲ ਸੇਖੋਂ, ਅਨੂ ਭੱਟੀ, ਗੁਰਮੁਖ ਸਿੰਘ ਜਾਗੀ, ਕ੍ਰਿਸ਼ਨ ਗੋਪਾਲ ਕੜਵਲ ਸੰਗਰੂਰ, ਪ੍ਰੋ. ਜੇ.ਕੇ. ਮਿਗਲਾਨੀ, ਅਜਾਇਬ ਰਾਜ ਗੁਰਕੀਰਤ, ਰਾਜਿੰਦਰ, ਮੋਹਨਜੀਤ ਸਿੰਘ, ਬਜਿੰਦਰ ਠਾਕੁਰ, ਸਾਬਕਾ ਡੀ.ਐਸ.ਪੀ.ਨਾਹਰ ਸਿੰਘ, ਰਘਬੀਰ ਸਿੰਘ ਮਹਿਮੀ,ਵਿਜੇ ਕੁਮਾਰ, ਨਵਦੀਪ, ਹਰਪ੍ਰੀਤ ਸਿੰਘ ਉਪਲ, ਗੁਰਚਰਨ ਸਿੰਘ ਗੁਣੀਕੇ, ਕੁਲਦੀਪ ਪਟਿਆਲਵੀ, ਰਵਿੰਦਰ ਕੌਰ ਗੁਜਰਾਲ, ਸ਼ਾਮ ਸਿੰਘ ਪ੍ਰੇਮ ਆਦਿ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

ਇਸ ਸਮਾਗਮ ਵਿਚ ਵਰਨੂਪ ਸਿੰਘ ਵਾਸਨ,ਬਵਨੂਰ ਸਿੰਘ ਵਾਸਨ,ਸਵਿੰਦਰ ਸਿੰਘ ਗੁਜਰਾਲ, ਰਵਿੰਦਰ ਕੌਰ ਗੁਜਰਾਲ,ਅਮਰਜੀਤ ਸਿੰਘ ਵਾਲੀਆ,ਜਤਿੰਦਰ ਕੌਰ, ,ਅੰਮ੍ਰਿਤਪਾਲ ਸਿੰਘ ਸ਼ੈਦਾ,ਪ੍ਰਤੀਕ ਸਿੰਘ ਮਾਛੀਵਾੜਾ,ਵਿਪਨਦੀਪ ਕੌਰ,ਡਾ. ਨਰਿੰਦਰ ਸਿੰਘ ਤੇਜੇ,ਸੁਰਜੀਤ ਸਿੰਘ, ਮਨਪ੍ਰੀਤ ਕੌਰ,ਜਸਵੀਰ ਸਿੰਘ, ਮਨਜੀਤ ਕੌਰ, ਰਸਵਿੰਦਰ ਕੌਰ ਤੇਜੇ,ਪਵਨ ਕੁਮਾਰ ਗੋਇਲ,ਕ੍ਰਿਸ਼ਨ ਲਾਲ ਧੀਮਾਨ,ਸਤੀਸ਼ ਵਿਦਰੋਹੀ,ਦਲੀਪ ਸਿੰਘ ਉਬਰਾਏ, ਰਾਜੇਸ਼ ਕੋਟੀਆ,ਸੁਖਵਿੰਦਰ ਸਿੰਘ, ਹਰਵਿੰਦਰ ਸਿੰਘ ਆਦਿ ਸ਼ਾਮਿਲ ਸਨ।ਅੰਤ ਵਿੱਚ ਲੇਖਕਾਂ ਤੇ ਵਿਦਵਾਨਾਂ ਦਾ ਸਨਮਾਨ ਵੀ ਕੀਤਾ ਗਿਆ।ਅੰਤ ਵਿਚ ਸਭਾ ਦੇ ਸਰਪ੍ਰਸਤ ਬਾਬੂ ਸਿੰਘ ਰੈਹਲ ਵੱਲੋਂ ਪੁੱਜੇ ਲੇਖਕਾਂ ਦਾ ਧੰਨਵਾਦ ਕੀਤਾ।

# ਹਰਚੰਦ ਸਿੰਘ ਬਰਸਟ ਨੇ ਵਿਦਿਆਰਥੀਆਂ ਨੂੰ ਆਪਣੀ ਸਕਿੱਲ ਵਿੱਚ ਨਿਪੁੰਨਤਾ ਹਾਸਲ ਕਰਨ ਲਈ ਪ੍ਰੇਰਿਤ ਕੀਤਾ



**ਪਟਿਆਲਾ, 16 ਅਕਤੂਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਦੀਵਾਲੀ ਦੇ ਪਵਿੱਤਰ ਮੌਕੇ ਤੇ ਸਟੇਟ ਕਾਲਜ ਆਫ ਐਜੂਕੇਸ਼ਨ, ਪਟਿਆਲਾ ਵਿਖੇ ਵਿਸ਼ੇਸ਼ ਸਮਾਰੋਹ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਜਨਰਲ ਸਕੱਤਰ ਸ. ਹਰਚੰਦ ਸਿੰਘ ਬਰਸਟ ਨੇ ਬਤੌਰ ਮੁੱਖ ਮਹਿਮਾਨ ਵੱਜੋਂ ਸ਼ਿਰਕਤ ਕੀਤੀ। ਇਸ ਦੌਰਾਨ ਮੁੱਖ ਮਹਿਮਾਨ ਵੱਲੋਂ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਪਟਿਆਲਾ ਸੋਸ਼ਲ ਵੈਲਫੇਅਰ ਸੋਸਾਇਟੀ ਵੱਲੋਂ ਸਮਾਜ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਸ. ਬਰਸਟ ਨੇ ਸਾਰਿਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਵਧਾਈ ਦਿੰਦੀਆਂ ਕਿਹਾ ਕਿ ਦੀਵਾਲੀ ਸਿਰਫ਼ ਰੋਸ਼ਨੀ ਦਾ ਤਿਉਹਾਰ ਨਹੀਂ, ਸਗੋਂ ਅੰਧਕਾਰ ਤੇ ਪ੍ਰਕਾਸ਼ ਦੀ ਜਿੱਤ ਦਾ ਪ੍ਰਤੀਕ ਹੈ। ਸਿੱਖ ਧਰਮ ਵਿੱਚ ਇਸ ਦਿਨ ਨੂੰ ਬੰਦੀ ਛੋੜ ਦਿਵਸ ਵਜੋਂ ਮਨਾਇਆ ਜਾਂਦਾ ਹੈ, ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗਵਾਲੀਅਰ ਕਿਲ੍ਹੇ ਤੋਂ 52 ਰਾਜਿਆਂ ਨੂੰ ਮੁਕਤ ਕਰਵਾਇਆ ਸੀ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਆਪਣੇ ਵਿਦਿਆਰਥੀ ਜੀਵਨ ਦੀਆਂ ਯਾਦਾਂ ਨੂੰ ਸਾਂਝਾ ਕਰਦਿਆਂ ਹੋਇਆ ਵਿਦਿਆਰਥੀਆਂ ਨੂੰ ਆਪਣੇ ਜੀਵਨ ਵਿੱਚ ਅੱਗੇ ਵੱਧਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਵਿਗਿਆਨ ਅਤੇ ਤਕਨੀਕ ਦਾ ਯੁੱਗ ਹੈ। ਹਰ ਰੋਜ਼ ਨਵੇਂ-ਨਵੇਂ ਆਵਿਸਕਾਰ ਹੋ ਰਹੇ ਹਨ, ਜੋ ਇਨਸਾਨੀ ਜੀਵਨ ਨੂੰ ਆਸਾਨ ਅਤੇ ਸੁਵਿਧਾਜਨਕ ਬਣਾ ਰਹੇ ਹਨ। ਮਸ਼ੀਨਾਂ, ਆਰਟੀਫੀਸ਼ੀਅਲ ਇੰਟੈਲੀਜੈਂਸ ਨੇ ਮਨੁੱਖੀ ਜੀਵਨ ਬਹੁਤ ਆਸਾਨ ਕਰ ਦਿੱਤਾ ਹੈ। ਉਨ੍ਹਾਂ ਨੌਜਵਾਨਾਂ ਨੂੰ ਆਪਣੀ ਸਕਿੱਲ 'ਤੇ ਧਿਆਨ ਕੇਂਦਰਤ ਕਰਨ ਅਤੇ ਨਵੀਆਂ ਤਕਨੀਕਾਂ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ। ਭਵਿੱਖ 'ਚ ਕਾਮਯਾਬ ਹੋਣ ਲਈ ਜਿਨ੍ਹੀਂ ਪੜ੍ਹਾਈ ਦੀ ਜਰੂਰਤ ਹੈ, ਉਨ੍ਹੀਂ ਹੀ ਆਪਣੀ ਸਕਿੱਲ ਵਿੱਚ ਨਿਪੁੰਨਤਾ ਹਾਸਲ ਕਰਨੀ ਵੀ ਜਰੂਰੀ ਹੈ।

ਇਸ ਮੌਕੇ ਸੋਸਾਇਟੀ ਵੱਲੋਂ ਮੁੱਖ ਮਹਿਮਾਨ ਸ. ਹਰਚੰਦ ਸਿੰਘ ਬਰਸਟ ਨੂੰ ਯਾਦਗਾਰੀ ਚਿਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਰੋਹ ਵਿੱਚ ਵਿਜੈ ਗੋਇਲ ਪ੍ਰਧਾਨ, ਡਾ. ਪੁਰਸ਼ੋਤਮ ਗੋਇਲ ਜਨਰਲ ਸਕੱਤਰ, ਸ. ਮਨਜੀਤ ਸਿੰਘ ਨਾਰੰਗ ਪੈਟਰਨ, ਡਾ. ਸੰਜੇ ਕਾਮਰਾ, ਦੇਵੀ ਦਿਆਲ ਗੋਇਲ, ਹਰਬੰਸ ਬਾਂਸਲ, ਡਾ. ਵਿਕਾਸ ਗੋਇਲ, ਸੁਰਿੰਦਰ ਗੁਪਤਾ, ਰੁਸ਼ੀਲ ਕਪੂਰ, ਰਾਜੇਸ਼ ਵਰਮਾ, ਅਮਨਪ੍ਰੀਤ ਦੂਬੇ, ਡਾ. ਕਿਰਨਜੋਤ, ਡਾ. ਸੁਨੰਦਾ ਸਮੇਤ ਹੋਰ ਲੋਕ ਵੀ ਮੌਜੂਦ ਰਹੇ।

# ਬ੍ਰੌਂਕਾਇਟਿਸ : ਸਾਹ ਨਲੀ 'ਚ ਸੋਜ



ਸਾਹ ਲੈਣ ਅਤੇ ਛੱਡਣ 'ਚ ਕਿਸੇ ਵੀ ਕਿਸਮ ਦੀ ਪ੍ਰੇਸ਼ਾਨੀ ਹੋਣ 'ਤੇ ਹਰ ਕੰਮ ਮੁਸ਼ਕਿਲ ਹੋ ਜਾਂਦਾ ਹੈ। ਬ੍ਰੌਂਕਾਇਟਿਸ ਭਾਵ ਸਾਹ ਨਲੀਆਂ 'ਚ ਸੋਜ ਇਕ ਆਮ ਬੀਮਾਰੀ ਹੈ, ਜੋ ਬਾਹਰੀ ਕਿਰਨਾਂ ਤੋਂ ਹੁੰਦੀ ਹੈ, ਜਿਸ ਨਾਲ ਅਗਾਂਹ ਸਾਹ ਲੈਣਾ ਅਤੇ ਛੱਡਣਾ ਔਖਾ ਹੋ ਜਾਂਦਾ ਹੈ। ਇਸ ਦੀ ਲਪੇਟ 'ਚ ਆਉਣ 'ਤੇ ਛਾਤੀ 'ਚੋਂ ਖਰ-ਖਰ ਦੀ ਆਵਾਜ਼ ਆਉਂਦੀ ਹੈ। ਸਾਹ ਫੁੱਲਦਾ ਹੈ। ਖਾਂਸੀ ਆਉਂਦੀ ਹੈ। ਇਹ ਖਾਂਸੀ ਬਲਗਮ ਵਾਲੀ ਹੁੰਦੀ ਹੈ।

ਇਹ ਸਭ ਸਾਹ ਨਲੀਆਂ ਦੀ ਸ਼ਲੇਸ਼ਮਿਕ ਕਲਾ 'ਚ ਸੋਜ ਕਾਰਨ ਹੁੰਦੇ ਹਨ। ਜ਼ਹਿਰੀਲੀ ਹਵਾ, ਧੂੜ, ਦੁਰਗੰਧ, ਧੂੰਆਂ ਵਰਗੇ ਬਾਹਰੀ ਕਾਰਨਾਂ ਕਰਕੇ ਹੁੰਦਾ ਹੈ। ਵਾਯੂ ਮੰਡਲ 'ਚ ਅਜਿਹੇ ਤੱਤਾਂ ਦੀ ਮਾਤਰਾ ਸਰਦੀਆਂ 'ਚ ਵਧ ਜਾਂਦੀ ਹੈ, ਜਿਸ ਕਾਰਨ ਇਹ ਪ੍ਰਕੋਪ ਸ਼ੁਰੂ ਹੁੰਦਾ ਹੈ ਅਤੇ ਅਗਾਂਹ ਚੱਲ ਕੇ ਇਸ ਦੀ ਪ੍ਰੇਸ਼ਾਨੀ ਸਾਰਾ ਸਾਲ ਹੋਣ ਲੱਗਦੀ ਹੈ।ਆਮ ਤੌਰ 'ਤੇ ਇਹ ਬੀਮਾਰੀ ਮੱਧ ਵਰਗੀ ਹੈ, ਜਿਸਦੀ ਲਪੇਟ 'ਚ 20 ਫੀਸਦੀ ਮਰਦ ਅਤੇ 5 ਫੀਸਦੀ ਔਰਤਾਂ ਆਉਂਦੀਆਂ ਹਨ, ਜੋ 40 ਤੋਂ 50 ਸਾਲ ਦੀ ਉਮਰ ਨੂੰ ਪਾਰ ਕਰ ਚੁੱਕੇ ਹੁੰਦੇ ਹਨ। ਇਸ ਤੋਂ ਪੀੜਤ ਰੋਗੀਆਂ ਦੀ ਗਿਣਤੀ ਲਗਾਤਾਰ ਵਧਦੀ ਜਾਂਦੀ ਹੈ। ਸ਼ੁਰੂਆਤ 'ਚ ਇਹ ਰੋਗ ਆਪਣਾ ਰੂਪ ਸਿਰਫ ਸਰਦੀਆਂ 'ਚ ਦਿਖਾਉਂਦਾ ਹੈ ਪਰ ਹੌਲੀ-ਹੌਲੀ ਬਾਰ੍ਹਾਂ ਮਹੀਨੇ ਤਕਲੀਫ ਦੇਣ ਲੱਗਦਾ ਹੈ।

ਲੱਛਣ

ਵਾਰ-ਵਾਰ ਸਾਹ ਤੰਤਰ ਨਾਲ ਸੰਬੰਧਤ ਬੀਮਾਰੀ ਦਾ ਹੋਣਾ, ਸਵੇਰੇ-ਸਵੇਰੇ ਬਲਗਮ ਆਉਣੀ, ਗਲੇ 'ਚ ਖਾਰਸ਼ ਹੋਣੀ, ਥੋੜ੍ਹੀ ਜਿਹੀ ਛੇਤੀ ਕੰਮ ਕਰਨ 'ਤੇ ਸਾਹ ਫੁੱਲਣਾ, ਛਾਤੀ 'ਚ ਦਰਦ ਅਤੇ ਚਮੜੀ ਦਾ ਨੀਲਾ ਪੈ ਜਾਣਾ, ਇਸ 'ਚ ਵਾਰ-ਵਾਰ ਖਾਂਸੀ ਆਉਂਦੀ ਹੈ, ਸਾਹ ਛੱਡਣ ਅਤੇ ਲੈਣ 'ਚ ਔਖਿਆਈ ਹੁੰਦੀ ਹੈ। ਬਲਗਮ ਆਉਂਦੀ ਰਹਿੰਦੀ ਹੈ। ਦਮੇ ਵਾਂਗ ਛਾਤੀ ਘਰਘਰਾਉਣ ਲੱਗਦੀ ਹੈ। ਸੀਟੀ ਵਰਗੀ ਆਵਾਜ਼ ਆਉਂਦੀ ਹੈ। ਫੇਫੜੇ ਆਕਸੀਜਨ ਨੂੰ ਪੂਰੀ ਮਾਤਰਾ 'ਚ ਗ੍ਰਹਿਣ ਨਹੀਂ ਕਰ ਸਕਦੇ। ਸਰੀਰ 'ਚ ਆਕਸੀਜਨ ਦੀ ਘਾਟ ਹੋ ਜਾਂਦੀ ਹੈ। ਦੌੜ-ਭੱਜ ਜਾਂ ਕੰਮ ਕਰਨ ਦੀ ਤਾਕਤ ਨਹੀਂ ਰਹਿੰਦੀ।

ਕਾਰਨ

ਇਹ ਬੀਮਾਰੀ ਸਿਗਰਟ ਪੀਣ ਵਾਲਿਆਂ 'ਚ ਵਧੇਰੇ ਦੇਖਣ ਨੂੰ ਮਿਲਦੀ ਹੈ। ਇਹ ਬੇਹੱਦ ਪ੍ਰਦੂਸ਼ਿਤ ਜਾਂ ਗੰਦੀਆਂ ਥਾਵਾਂ 'ਤੇ ਰਹਿਣ ਨਾਲ ਹੁੰਦੀ ਹੈ। ਕੁਝ ਕਿੱਤੇ, ਸੂਤ ਮਿੱਲ, ਪਲਾਸਟਿਕ ਫੈਕਟਰੀ, ਖਾਨਾਂ, ਸੀਮੈਂਟ ਕਾਰਖਾਨਿਆਂ, ਰਸਾਇਣਿਕ ਕਾਰਖਾਨਿਆਂ ਆਦਿ ਨਾਲ ਜੁੜੇ ਲੋਕਾਂ ਨੂੰ ਇਹ ਹੋ ਸਕਦਾ ਹੈ। ਇਹ ਇਨਫੈਕਸ਼ਨ ਦੇ ਪ੍ਰਭਾਵ ਨਾਲ, ਵਾਇਰਲ ਦੇ ਪ੍ਰਭਾਵ ਨਾਲ, ਖਾਨਦਾਨੀ ਜਾਂ ਪਾਜ਼ੇਟਿਵ ਫੈਮਿਲੀ ਹਿਸਟਰੀ ਵਾਲਿਆਂ ਨੂੰ ਹੋ ਸਕਦਾ ਹੈ।

ਕਿਸਮਾਂ

ਇਹ ਤਿੰਨ ਕਿਸਮਾਂ ਦਾ ਹੁੰਦਾ ਹੈ। ਐਕਿਊਟ ਬ੍ਰੌਂਕਾਇਟਿਸ ਕੁਝ-ਕੁਝ ਸਮੇਂ 'ਚ ਹੋਣ ਵਾਲੀ ਖਾਂਸੀ ਹੁੰਦੀ ਹੈ, ਜਿਸ 'ਚ ਕੱਫ ਦੇ ਨਾਲ ਵਧੇਰੇ ਮਾਤਰਾ 'ਚ ਪਸ ਨਿਕਲਦੀ ਹੈ। ਕ੍ਰਾਨਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਲੰਬੇ ਸਮੇਂ ਭਾਵ ਤਿੰਨ ਮਹੀਨਿਆਂ ਤਕ ਰੁਕ-ਰੁਕ ਕੇ ਚੱਲਣ ਵਾਲੀ ਖਾਂਸੀ ਹੁੰਦੀ ਹੈ। ਇਸ ਨਾਲ ਵਧੇਰੇ ਮਾਤਰਾ 'ਚ ਕੱਫ ਨਿਕਲਦਾ ਹੈ। ਐਪਲਾਸਟਿਕ ਬ੍ਰੌਂਕਾਇਟਿਸ ਦੀ ਸਥਿਤੀ 'ਚ ਅਜਿਹੀ ਖਾਂਸੀ ਬਹੁਤ ਤੇਜ਼ ਧੱਕੇ ਨਾਲ ਹੁੰਦੀ ਹੈ। ਵਿਚ-ਵਿਚ ਸਾਹ ਫੁੱਲਦਾ ਹੈ।

ਡਾਕਟਰ ਇਹ ਸਭ ਮਰੀਜ਼ ਦੀ ਸਥਿਤੀ, ਉਸ ਦੀ ਖਾਂਸੀ ਦੇ ਲੱਛਣ ਨੂੰ ਦੇਖ ਕੇ ਜਾਂ ਪੁੱਛ ਕੇ ਕਰਦੇ ਹਨ। ਕਦੇ-ਕਦੇ ਖਾਂਸੀ ਨਾਲ ਨਿਕਲਣ ਵਾਲੇ ਪਦਾਰਥ ਦੀ ਵੀ ਜਾਂਚ ਕਰਵਾਉਣੀ ਪੈਂਦੀ ਹੈ। ਕਦੇ-ਕਦੇ ਛਾਤੀ ਦਾ ਐਕਸ-ਰੇਅ ਕਰਵਾਉਣ ਦੀ ਵੀ ਲੋੜ ਪੈ ਜਾਂਦੀ ਹੈ। ਫਿਰ ਵੀ ਕੁਝ ਛੋਟੀਆਂ-ਛੋਟੀਆਂ ਸਾਵਧਾਨੀਆਂ ਨੂੰ ਅਪਣਾ ਕੇ ਅਤੇ ਘਰੇਲੂ ਉਪਾਅ ਕਰਕੇ ਇਨ੍ਹਾਂ ਨੂੰ ਵੱਸ 'ਚ ਕੀਤਾ ਜਾ ਸਕਦਾ ਹੈ।

ਬਚਾਅ

ਅਜਿਹੀ ਬੀਮਾਰੀ ਦੀ ਸਥਿਤੀ 'ਚ ਖੁਦ ਮਰੀਜ਼ ਵੀ ਇਹ ਜਾਣ ਲੈਂਦਾ ਹੈ ਕਿ ਉਸ ਨੂੰ ਕਿਸ ਕਾਰਨ ਇਸ ਸਥਿਤੀ 'ਚੋਂ ਲੰਘਣਾ ਪੈਂਦਾ ਹੈ, ਇਸ ਲਈ ਉਸ ਨੂੰ ਅਜਿਹੇ ਮੌਕਿਆਂ ਜਾਂ ਸਥਾਨਾਂ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਬਚਾਅ ਦੇ ਹੋਰ ਤਰੀਕੇ ਇਸ ਤਰ੍ਹਾਂ ਹਨ –

ਉਨ੍ਹਾਂ ਸਾਰੇ ਪ੍ਰਦੂਸ਼ਣਕਾਰੀ ਤੱਤਾਂ ਤੋਂ ਬਚੋ, ਜੋ ਸਾਹ ਨਾਲੀਆਂ ਦੇ ਸੁੰਗੜਨ ਅਤੇ ਇਨ੍ਹਾਂ ਦੀ ਸੋਜ ਨੂੰ ਵਧਾਉਂਦੇ ਹਨ।

ਧੂੜ-ਧੂੰਏਂ ਤੋਂ ਬਚ ਕੇ ਰਹੋ।

ਸਿਗਰਟਨੋਸ਼ੀ ਦੀ ਆਦਤ ਹੋਵੇ ਤਾਂ ਉਸ ਨੂੰ ਛੱਡ ਦਿਓ ਅਤੇ ਅਜਿਹੇ ਲੋਕਾਂ ਤੋਂ ਦੂਰ ਰਹੋ।

ਪੀੜਤ ਜਿਥੇ ਰਹਿੰਦਾ ਹੋਵੇ, ਉਥੇ ਅੰਗੀਠੀ, ਚੁੱਲ੍ਹਾ, ਮਿੱਟੀ ਦੇ ਤੇਲ ਦਾ ਸਟੋਵ ਜਾਂ ਰਸੋਈ ਗੈਸ ਦੀ ਵਰਤੋਂ ਨਾ ਹੋਵੇ।

ਠੰਡ ਜਾਂ ਠੰਡੇ ਸਥਾਨਾਂ ਤੋਂ ਬਚੋ। ਗਰਮ ਕੱਪੜੇ ਪਹਿਨੋ। ਉਹ ਵੀ ਢਿੱਲੇ ਹੋਣ। ਤਾਪਮਾਨ 'ਚ ਤਬਦੀਲੀ ਦੀ ਸਥਿਤੀ ਤੋਂ ਬਚੋ।

ਕਿਸੇ ਜਾਣਕਾਰ ਤੋਂ ਸਾਹ ਲੈਣ ਅਤੇ ਛੱਡਣ ਦੀ ਕਸਰਤ ਸਿੱਖੋ ਅਤੇ ਇਸ ਨੂੰ ਨਿਤਨੇਮ ਨਾਲ ਕਰੋ। ਇਸ ਨਾਲ ਫੇਫੜਿਆਂ ਅਤੇ ਸਾਹ ਤੰਤਰ ਦੀ ਸਮਰੱਥਾ ਵਧਦੀ ਹੈ।

ਰਾਤ ਵੇਲੇ ਘੱਟ ਭੋਜਨ ਸੌਣ ਤੋਂ 2-3 ਘੰਟੇ ਪਹਿਲਾਂ ਖਾ ਲਓ।

ਖਾਣ-ਪੀਣ ਵਧੇਰੇ ਗਰਮ ਜਾਂ ਠੰਡਾ ਨਾ ਹੋਵੇ। ਇਹ ਐਸਿਡ ਜਾਂ ਗੈਸ ਬਣਾਉਣ ਵਾਲਾ ਨਾ ਹੋਵੇ।ਜੇਕਰ ਡਾਕਟਰ ਨੇ ਕੋਈ ਦਵਾਈ ਜਾਂ ਉਪਾਅ ਦੱਸਿਆ ਹੋਵੇ ਤਾਂ ਉਸ 'ਤੇ ਨਿਯਮ ਮੁਤਾਬਿਕ ਅਮਲ ਕਰੋ।

# ਐਂਟੀ-ਆਕਸੀਡੈਂਟਸ ਦਾ ਚੰਗਾ ਸੋਮਾ ਹੈ ਚਾਹ

ਚਾਹ ਦਾ ਨਾਂ ਸੁਣਦਿਆਂ ਹੀ ਸਾਨੂੰ ਆਪਣੇ ਅੰਦਰ ਇਕ ਅਜੀਬ ਜਿਹੀ ਚੁਸਤੀ-ਫੁਰਤੀ ਦਾ ਅਹਿਸਾਸ ਹੋਣ ਲੱਗਦਾ ਹੈ। ਅਸਲ ਵਿਚ ਲੋਕ ਚਾਹ ਸਵਾਦ ਤੋਂ ਇਲਾਵਾ ਇਸ ਲਈ ਵੀ ਪੀਂਦੇ ਹਨ ਕਿਉਂਕਿ ਇਸਨੂੰ ਪੀਣ ਨਾਲ ਸਰੀਰ ਚੁਸਤ ਹੋ ਜਾਂਦਾ ਹੈ। ਹਾਲਾਂਕਿ ਅਜੇ ਤਕ ਚਾਹ ਬਾਰੇ ਇਹੋ ਮੰਨਿਆ ਜਾਂਦਾ ਰਿਹਾ ਹੈ ਕਿ ਇਸਨੂੰ ਪੀਣਾ ਸਿਹਤ ਲਈ ਨੁਕਸਾਨਦੇਹ ਹੁੰਦਾ ਹੈ ਪਰ ਕੁਝ ਅਹਿਮ ਖੋਜਾਂ ਤੋਂ ਇਹ ਵੀ ਪਤਾ ਲੱਗ ਚੁੱਕਾ ਹੈ ਕਿ ਚਾਹ ਵਿਚ ਵੀ ਵੱਖ-ਵੱਖ ਵਨਸਪਤੀਆਂ ਵਾਂਗ ਕਈ ਅਜਿਹੇ ਤੱਤ ਹੁੰਦੇ ਹਨ ਜੋ ਸਰੀਰ ਵਿਚ ਬਿਮਾਰੀਆਂ ਪੈਦਾ ਨਹੀਂ ਕਰਦੇ, ਸਗੋਂ ਸਰੀਰ ਨੂੰ ਅਰੋਗ ਤੇ ਮਜ਼ਬੂਤ ਬਣਾਈ ਰੱਖਣ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ।



ਇਨ੍ਹਾਂ ਖੋਜਾਂ ਤੋਂ ਪਤਾ ਲੱਗਾ ਹੈ ਕਿ ਚਾਹ ਵਿਚ ਕਈ ਅਜਿਹੇ ਤੱਤ ਵੀ ਮੌਜੂਦ ਹੁੰਦੇ ਹਨ ਜੋ ਚਾਹ ਪੀਣ ਵਾਲੇ ਵਿਅਕਤੀ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਬਚਾਉਣ 'ਚ ਮਦਦ ਕਰਦੇ ਹਨ।

ਅਸਲ 'ਚ ਚਾਹ ਇਕੋ-ਇਕ ਅਜਿਹਾ ਪੀਣ ਵਾਲਾ ਪਦਾਰਥ ਹੈ, ਜਿਸ ਵਿਚ ਐਂਟੀ-ਆਕਸੀਡੈਂਟਸ ਦੀ ਮਾਤਰਾ ਸਭ ਤੋਂ ਜ਼ਿਆਦਾ ਹੁੰਦੀ ਹੈ। ਇਹ ਤਾਂ ਸਾਰੇ ਜਾਣਦੇ ਹੀ ਹਨ ਕਿ ਆਕਸੀਜਨ ਤੋਂ ਬਿਨਾਂ ਕਿਸੇ ਵੀ ਜੀਵ ਲਈ ਜੀਵਨ ਦੀ ਕਲਪਨਾ ਕਰਨੀ ਅਸੰਭਵ ਹੈ ਪਰ ਇਸੇ ਆਕਸੀਜਨ ਕਾਰਨ ਸਰੀਰ ਵਿਚ ਆਕਸੀਡੇਸ਼ਨ ਦੀ ਕਿਰਿਆ ਵੀ ਹੁੰਦੀ ਹੈ ਜੋ ਫ੍ਰੀ ਰੈਡੀਕਲਜ਼ ਨੂੰ ਜਨਮ ਦਿੰਦੀ ਹੈ। ਇਹੋ ਫ੍ਰੀ ਰੈਡੀਕਲਜ਼ ਜਮ੍ਹਾ ਹੋ ਕੇ ਕਈ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਨ੍ਹਾਂ ਫ੍ਰੀ ਰੈਡੀਕਲਜ਼ ਕਾਰਨ ਹੀ ਵਿਅਕਤੀ ਕੈਂਸਰ, ਅਲਜ਼ਮੀਰਜ਼, ਪਾਰਕਿੰਸਨਜ਼ ਆਦਿ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੁੰਦਾ ਹੈ। ਹਾਲਾਂਕਿ ਸਰੀਰ ਵਿਚ ਇਨ੍ਹਾਂ ਫ੍ਰੀ ਰੈਡੀਕਲਜ਼ ਨਾਲ ਲੜਨ ਵਾਲੇ ਐਂਟੀ-ਆਕਸੀਡੈਂਟਸ ਹੁੰਦੇ ਹਨ ਪਰ ਜਿਉਂ-ਜਿਉਂ ਵਿਅਕਤੀ ਦੀ ਉਮਰ ਵਧਦੀ ਜਾਂਦੀ ਹੈ, ਇਹ ਐਂਟੀ-ਆਕਸੀਡੈਂਟਸ ਵੀ ਘਟਦੇ ਜਾਂਦੇ ਹਨ ਅਤੇ ਨਾਲ ਹੀ ਸਰੀਰ ਦੀ ਭੋਜਨ 'ਚੋਂ ਐਂਟੀ-ਆਕਸੀਡੈਂਟਸ ਖਿੱਚਣ ਦੀ ਸ਼ਕਤੀ ਵੀ ਘੱਟ ਹੋ ਜਾਂਦੀ ਹੈ। ਇਹੋ ਕਾਰਨ ਹੈ ਕਿ ਭੋਜਨ ਵਿਚ ਐਂਟੀ-ਆਕਸੀਡੈਂਟਸ ਦੀ ਜ਼ਿਆਦਾ ਮਾਤਰਾ ਵਾਲੀਆਂ ਚੀਜ਼ਾਂ ਨੂੰ ਸ਼ਾਮਿਲ ਕਰਨਾ ਪੈਂਦਾ ਹੈ।

ਚਾਹ ਵਿਚ ਐਂਟੀ-ਆਕਸੀਡੈਂਟਸ ਦੀ ਸਭ ਤੋਂ ਜ਼ਿਆਦਾ ਮਾਤਰਾ ਹੋਣ ਕਾਰਨ ਇਸਨੂੰ ਪੀਣ ਨਾਲ ਅਜਿਹੀ ਹਾਲਤ 'ਚ ਫਾਇਦਾ ਮਿਲਦਾ ਹੈ ਪਰ ਲੋੜ ਇਸ ਗੱਲ ਦੀ ਵੀ ਹੈ ਕਿ ਚਾਹ ਇਕ ਨਿਰਧਾਰਤ ਮਾਤਰਾ 'ਚ ਹੀ ਪੀਤੀ ਜਾਵੇ, ਨਹੀਂ ਤਾਂ ਇਹ ਵੀ ਫਾਇਦੇ ਦੀ ਥਾਂ ਨੁਕਸਾਨ ਹੀ ਕਰਦੀ ਹੈ।

# ਮਾਤਾ-ਪਿਤਾ ਦੀਆਂ ਬੀਮਾਰੀਆਂ ਬੱਚਿਆਂ ਨੂੰ



ਨਿਊ ਆਰਲੀਅੰਸ ਸੈਂਟਰ ਫਾਰ ਕਾਰਡੀਓਵਾ ਸਕੁਲਰ ਹੈਲਥ ਦੇ ਮਾਹਿਰਾਂ ਵਲੋਂ ਕੀਤੀ ਗਈ ਇਕ ਖੋਜ ਮੁਤਾਬਿਕ ਜਿਹੜੇ ਬੱਚਿਆਂ ਦੇ ਮਾਤਾ-ਪਿਤਾ ਨੂੰ ਕੋਰੋਨਰੀ ਹਾਰਟ ਡਿਜ਼ੀਜ਼ ਹੋਇਆ ਹੋਵੇ ਅਤੇ ਬੱਚੇ ਮੋਟਾਪੇ ਦੇ ਸ਼ਿਕਾਰ ਹੋਣ ਤਾਂ ਉਨ੍ਹਾਂ ਨੂੰ ਵੀ ਇਹ ਸ਼ਿਕਾਇਤ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸ ਸੈਂਟਰ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਤਾ-ਪਿਤਾ 'ਤੇ ਇਹ ਖੋਜ ਕੀਤੀ ਅਤੇ ਦੇਖਿਆ ਕਿ ਬੱਚਿਆਂ ਨੂੰ ਕਾਰਡੀਓਵਸਕੁਲਰ ਡਿਜ਼ੀਜ਼ ਹੋਣ ਦੀ ਸੰਭਾਵਨਾ ਮਾਤਾ-ਪਿਤਾ 'ਤੇ ਹੀ ਨਿਰਭਰ ਕਰਦੀ ਹੈ।

# ਮੇਲ ਬ੍ਰੈਸਟ ਐਨਲਾਰਜਮੈਂਟ





ਆਮ ਤੌਰ 'ਤੇ ਮੇਲ ਬ੍ਰੈਸਟ ਐਨਲਾਰਜਮੈਂਟ ਅੱਲ੍ਹੜਾਂ, ਮੋਟਾਪੇ ਤੋਂ ਪੀੜਤ, ਸ਼ਰਾਬ ਪੀਣ ਵਾਲੇ ਲੋਕਾਂ 'ਚ ਵਧੇਰੇ ਹੁੰਦਾ ਹੈ। ਕੁਝ ਕਿਸਮ ਦੀਆਂ ਦਵਾਈਆਂ ਵੀ ਇਸ ਦਾ ਕਾਰਨ ਹੋ ਸਕਦੀਆਂ ਹਨ। ਇਹ ਹਾਰਮੋਨਲ ਅਸੰਤੁਲਨ ਦਾ ਲੱਛਣ ਵੀ ਹੋ ਸਕਦਾ ਹੈ। ਵਿਰਲੇ ਮਾਮਲਿਆਂ 'ਚ ਅੰਡੇਦਾਨੀ ਜਾਂ ਫੇਫੜਿਆਂ ਦੇ ਕੈਂਸਰ ਜਾਂ ਹੋਰ ਗੰਭੀਰ ਰੋਗ ਕਾਰਨ ਵੀ ਅਜਿਹਾ ਹੋ ਸਕਦਾ ਹੈ।

ਜੇਕਰ ਤੁਸੀਂ ਬਾਲਗ ਹੋ ਅਤੇ ਛਾਤੀ 'ਤੇ ਔਰਤ ਦੀਆਂ ਛਾਤੀਆਂ ਵਾਂਗ ਉਭਾਰ ਭਾਵ ਬ੍ਰੈਸਟ ਐਨਲਾਰਜਮੈਂਟ ਮਹਿਸੂਸ ਕਰ ਰਹੇ ਹੋ ਤਾਂ ਤੁਸੀਂ ਗਾਇਨੇਕੋਮਾਸਤਆ ਨਾਮੀ ਸਮੱਸਿਆ ਤੋਂ ਪੀੜਤ ਹੋ ਸਕਦੇ ਹੋ। ਬ੍ਰੈਸਟ ਟਿਸ਼ੂ ਸਖਤ ਅਤੇ ਗੰਢਨੁਮਾ ਹੁੰਦੇ ਹਨ, ਜੋ ਨਿੱਪਲਾਂ ਦੇ ਨੇੜੇ ਸਥਿਤ ਆਮ ਫੈਟ ਟਿਸ਼ੂ ਨਾਲੋਂ ਕਾਫੀ ਵੱਖਰੇ ਹੁੰਦੇ ਹਨ।

ਕੁਝ ਮਾਮਲਿਆਂ 'ਚ ਬ੍ਰੈਸਟ ਐਨਲਾਰਜਮੈਂਟ ਆਮ ਗੱਲ ਹੋ ਸਕਦੀ ਹੈ, ਜਿਸ ਦਾ ਕਾਰਨ ਅੱਲ੍ਹੜ ਉਮਰ 'ਚ ਐਸਟ੍ਰੋਜਨ ਹਾਰਮੋਨ ਦੇ ਪੱਧਰ 'ਚ ਵਾਧਾ ਹੋ ਸਕਦਾ ਹੈ। ਨੌਜਵਾਨਾਂ 'ਚ ਐਸਟ੍ਰੋਜਨ ਦੇ ਪ੍ਰਭਾਵਾਂ ਨੂੰ ਟੈਸਟੋਸਟੇਰਾਨ ਹਾਰਮੋਨ ਰੋਕਦਾ ਹੈ, ਇਸ ਲਈ ਆਮ ਤੌਰ 'ਚ ਬਾਲਗਾਂ 'ਚ ਨਿੱਪਲ ਦੇ ਆਲੇ-ਦੁਆਲੇ ਬਹੁਤ ਹੀ ਘੱਟ ਬ੍ਰੈਸਟ ਟਿਸ਼ੂ ਹੁੰਦੇ ਹਨ।ਅਸਾਧਾਰਨ ਬ੍ਰੈਸਟ ਐਨਲਾਰਜਮੈਂਟ ਦੇ ਸਭ ਤੋਂ ਆਮ ਕਾਰਨਾਂ 'ਚ ਦਵਾਈਆਂ ਨਾਲ ਹੋਣ ਵਾਲੇ ਸਾਈਡ ਇਫੈਕਟ ਸ਼ਾਮਲ ਹਨ। ਇਹ ਉਹ ਦਵਾਈਆਂ ਹਨ, ਜੋ ਟੈਸਟੋਸਟੇਰਾਨ ਅਤੇ ਐਸਟ੍ਰੋਜਨ ਦੇ ਸੰਤੁਲਨ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਤਰ੍ਹਾਂ ਦੇ ਲੱਛਣ ਦਿਸਣ 'ਤੇ ਤੁਸੀਂ ਆਪਣੇ ਡਾਕਟਰ ਨੂੰ ਦਵਾਈਆਂ ਬਦਲਣ ਲਈ ਕਹਿ ਸਕਦੇ ਹੋ। ਐਨਾਬਾਲਿਕ ਸਟੀਰਾਇਡਸ, ਸ਼ਰਾਬ ਅਤੇ ਗਾਂਜੇ ਦਾ ਨਸ਼ਾ ਵੀ ਬ੍ਰੈਸਟ ਐਨਲਾਰਜਮੈਂਟ ਦੀ ਸਮੱਸਿਆ ਪੈਦਾ ਕਰ ਸਕਦੇ ਹਨ। ਕੁਝ ਬਜ਼ੁਰਗਾਂ 'ਚ ਅੰਡੇਦਾਨੀਆਂ ਦੇ ਸੁੰਗੜਨ ਕਾਰਨ ਟੈਸਟੋਸਟੇਰਾਨ ਦੇ ਪੱਧਰ 'ਚ ਕਮੀ ਆਉਣ ਨਾਲ ਵੀ ਬ੍ਰੈਸਟ ਐਨਲਾਰਜਮੈਂਟ ਹੋ ਸਕਦਾ ਹੈ।

ਕੁਝ ਮਰਦ ਕਲਾਇਨਫੇਲਟਰ ਸਿੰਡ੍ਰੋਮ ਦੇ ਨਾਲ ਜਨਮ ਲੈਂਦੇ ਹਨ, ਜੋ ਐਨਲਾਰਜਡ ਬ੍ਰੈਸਟ ਟਿਸ਼ੂ ਅਤੇ ਛੋਟੀਆਂ ਅੰਡੇਦਾਨੀਆਂ ਕਾਰਨ ਬਣ ਸਕਦਾ ਹੈ। ਇਹ 500 'ਚੋਂ ਇਕ ਮਰਦ ਨੂੰ ਹੁੰਦਾ ਹੈ।

ਮਰਦਾਂ 'ਚ ਛਾਤੀਆਂ ਵਰਗਾ ਉਭਾਰ ਵਿਕਸਿਤ ਹੋਣ ਨਾਲ ਘੱਟ ਦੇਖੇ ਜਾਣ ਵਾਲੇ ਕਾਰਨਾਂ 'ਚ ਲਿਵਰ ਅਤੇ ਕਿਡਨੀ ਦੇ ਗੰਭੀਰ ਰੋਗ, ਬ੍ਰੈਸਟ ਕੈਂਸਰ, ਹਾਈਪੋਥਾਇਰਾਡਿਜ਼ਮ, ਪਿਟਿਊਟਰੀ ਗਲੈਂਡ ਟਿਊਮਰ ਅਤੇ ਹਾਰਮੋਨ ਰਿਸਾਉਣ ਵਾਲੇ ਅੰਗਾਂ ਵਰਗੇ ਫੇਫੜਿਆਂ ਅਤੇ ਅੰਡੇਦਾਨੀਆਂ 'ਚ ਟਿਊਮਰ ਸ਼ਾਮਲ ਹਨ।

ਬ੍ਰੈਸਟ ਐਨਲਾਰਜਮੈਂਟ ਦੇ ਲੱਛਣ ਨਜ਼ਰ ਆਉਂਦਿਆਂ ਹੀ ਪੂਰਾ ਚੈੱਕਅੱਪ ਕਰਵਾਓ ਤਾਂਕਿ ਸਮੇਂ ਸਿਰ ਇਸ ਦਾ ਇਲਾਜ ਹੋ ਸਕੇ ਅਤੇ ਕਿਸੇ ਹੋਰ ਗੰਭੀਰ ਰੋਗ ਦਾ ਵੀ ਸਮੇਂ ਸਿਰ ਪਤਾ ਲੱਗ ਸਕੇ।

# ਇੰਝ ਬਣ ਸਕਦੇ ਹੋ ਖੂਬਸੂਰਤ

ਖੂਬਸੂਰਤੀ ਨੂੰ ਬਣਾਈ ਰੱਖਣ ਲਈ ਪਹਿਲਾ ਨਿਯਮ ਹੈ ਜੀਵਨ ਸ਼ੈਲੀ ਨੂੰ ਵਿਵਸਥਿਤ ਕਰਨਾ ਕਿਉਂਕਿ ਬਿਨਾਂ ਇਸਦੇ ਅੰਦਰੂਨੀ ਸਿਹਤ ਨਹੀਂ ਮਿਲ ਸਕਦੀ। ਸਿਹਤ ਦਾ ਸਿੱਧਾ ਸੰਬੰਧ ਖੂਬਸੂਰਤੀ ਨਾਲ ਹੈ।ਕੰਮਕਾਜੀ ਔਰਤਾਂ ਨੂੰ ਇੰਨਾ ਸਮਾਂ ਨਹੀਂ ਮਿਲਦਾ ਕਿ ਉਹ ਆਪਣੀ ਚਮੜੀ ਦੀ ਦੇਖਭਾਲ ਕਰ ਸਕਣ। ਇਸ ਲਈ ਉਨ੍ਹਾਂ ਨੂੰ ਆਪਣੇ ਪਰਸ ਵਿਚ ਹਮੇਸ਼ਾ ਫੇਸ ਵਾਸ਼ ਤੇ ਕਲੀਂਜਰ ਰੱਖਣਾ ਚਾਹੀਦਾ ਹੈ। ਜਦੋਂ ਵੀ ਕੰਮ ਦੇ ਪਲਾਂ 'ਚੋਂ ਥੋੜ੍ਹੀ ਵਿਹਲ ਮਿਲੇ, ਉਹ ਆਪਣਾ ਚਿਹਰਾ ਸਾਫ ਕਰ ਲੈਣ।ਆਯੁਰਵੈਦਿਕ ਬਲੱਡ ਪਿਓਰੀਫਾਇਰ ਫਾਇਦੇਮੰਦ ਹੁੰਦੇ ਹਨ ਅਤੇ ਚਮੜੀ ਦੀਆਂ ਅੰਦਰੂਨੀ ਤੇ ਬਾਹਰਲੀਆਂ ਸਮੱਸਿਆਵਾਂ ਲਈ ਰਾਮਬਾਣ ਸਾਬਤ ਹੁੰਦੇ ਹਨ। ਕੋਈ ਵੀ ਉਤਪਾਦ ਅਪਨਾਉਣ ਤੋਂ ਪਹਿਲਾਂ ਮਾਹਿਰ ਦੀ ਸਲਾਹ ਜ਼ਰੂਰ ਲਵੋ। ਪਾਣੀ ਜ਼ਿਆਦਾ ਪੀਓ। ਆਪਣੀ ਖੁਰਾਕ ਵਿਚ ਫਲਾਂ-ਸਬਜ਼ੀਆਂ ਦਾ ਜੂਸ ਵੀ ਸ਼ਾਮਿਲ ਕਰੋ। ਆਲੂ, ਟਮਾਟਰ ਤੇ ਪਪੀਤਾ ਕੱਦੂਕਸ ਕਰਕੇ ਚਿਹਰੇ 'ਤੇ ਲਗਾਓ। ਇਸ ਨਾਲ ਦਾਗ-ਧੱਬੇ ਦੂਰ ਹੁੰਦੇ ਹਨ। ਕਰੇਲੇ ਦਾ ਜੂਸ ਪੀਣ ਨਾਲ ਕਿਲ-ਮੁਹਾਸਿਆਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਖੂਨ ਸਾਫ ਹੁੰਦਾ ਹੈ।



ਕੇਸਰ ਵਾਲਾ ਦੁੱਧ ਪੀਣ ਨਾਲ ਨਾ ਸਿਰਫ ਖੂਨ ਸਾਫ ਹੁੰਦਾ ਹੈ, ਸਗੋਂ ਚਿਹਰਾ ਵੀ ਖਿੜਿਆ-ਖਿੜਿਆ, ਨਿਖਰਿਆ ਤੇ ਗੋਰਾ ਹੋ ਜਾਂਦਾ ਹੈ। ਧੁੱਪ 'ਚ ਜਾਣ ਵੇਲੇ ਸੂਤੀ ਕੱਪੜਾ ਜਾਂ ਟੋਪੀ ਜ਼ਰੂਰ ਪਹਿਨੋ। ਸੂਤੀ ਕੱਪੜੇ 'ਚ ਹਵਾ ਵੀ ਆ-ਜਾ ਸਕਦੀ ਹੈ। ਧੁੱਪ ਤੋਂ ਬਚਣ ਲਈ ਛਤਰੀ ਵੀ ਲਈ ਜਾ ਸਕਦੀ ਹੈ। ਚਮੜੀ ਦੀ ਖਾਰਿਸ਼, ਐਲਰਜੀ ਆਦਿ ਤੋਂ ਬਚਣ ਲਈ ਛੋਲਿਆਂ ਦੇ ਆਟੇ ਦਾ ਘੋਲ ਚਮੜੀ 'ਤੇ ਲਗਾਓ। ਵੇਸਣ ਵਿਚ ਮਲਾਈ, ਇਕ ਚੁਟਕੀ ਹਲਦੀ ਤੇ ਦਹੀਂ ਮਿਲਾ ਕੇ ਸਾਰੇ ਸਰੀਰ 'ਤੇ ਉਬਟਨ ਲਗਾਉਣ ਨਾਲ ਚਮੜੀ ਮੁਲਾਇਮ ਤੇ ਚਮਕਦਾਰ ਹੁੰਦੀ ਹੈ। ਪੁਦੀਨੇ ਵਿਚ ਨਿੰਬੂ ਦੇ ਰਸ ਦੀਆਂ ਕੁਝ ਬੂੰਦਾਂ ਪਾ ਕੇ ਮੁਹਾਸਿਆਂ 'ਤੇ ਲਗਾਓ, ਜਲਦੀ ਫਾਇਦਾ ਮਿਲਦਾ ਹੈ। ਕੱਚੇ ਦੁੱਧ ਤੇ ਦਹੀਂ ਨੂੰ ਸਰੀਰ 'ਤੇ ਮਲਣ ਨਾਲ ਚਮੜੀ ਸਾਫ ਹੁੰਦੀ ਹੈ ਅਤੇ ਚਮਕ ਆਉਂਦੀ ਹੈ। ਹਫਤੇ 'ਚ ਇਕ ਵਾਰ ਵਾਲਾਂ ਵਿਚ ਅੰਡਾ ਲਗਾ ਕੇ ਅੱਧੇ ਘੰਟੇ ਬਾਅਦ ਸ਼ੈਂਪੂ ਨਾਲ ਸਿਰ ਧੋਵੋ। ਵਾਲ ਚਮਕਦਾਰ ਹੋ ਜਾਣਗੇ। ਚਿੱਟੇ ਸਿਰਕੇ ਨਾਲ ਵਾਲ ਧੋਣ ਨਾਲ ਵਾਲਾਂ ਦੀ ਚਿਕਨਾਈ ਘੱਟ ਹੁੰਦੀ ਹੈ।

# ਪੇਟ ਦੀਆਂ ਤਕਲੀਫਾਂ ਦੇ ਘਰੇਲੂ ਉਪਾਅ

ਆਪਣੀ ਹੀ ਗਲਤੀ ਕਾਰਨ ਖਾਣ-ਪੀਣ 'ਚ ਲਾਪ੍ਰਵਾਹੀ ਕਾਰਨ ਸਾਡੇ ਪੇਟ 'ਚ ਬਹੁਤ ਗੈਸ ਬਣਨ ਲੱਗਦੀ ਹੈ। ਇਹ ਬਣ ਕੇ ਨਿਕਲਦੀ ਰਹੇ, ਉਦੋਂ ਤਕ ਤਾਂ ਕੋਈ ਬਹੁਤੀ ਤਕਲੀਫ ਨਹੀਂ ਹੁੰਦੀ ਪਰ ਜਦੋਂ ਇਹ ਨਿਕਲਣ ਦਾ ਨਾਂ ਹੀ ਨਾ ਲਏ ਅਤੇ ਅਫਾਰਾ ਬਣਿਆ ਰਹੇ, ਤਾਂ ਬੜੀ ਔਖਿਆਈ ਹੁੰਦੀ ਹੈ। ਅਸਹਿਜ ਸਥਿਤੀ 'ਚੋਂ ਲੰਘਣਾ ਪੈਂਦਾ ਹੈ। ਆਓ, ਇਸ ਰੋਗ ਤੋਂ ਛੁਟਕਾਰੇ ਲਈ ਕੁਝ ਘਰੇਲੂ ਉਪਾਵਾਂ 'ਤੇ ਅਮਲ ਕਰੀਏ।

ਹਵਾ ਘੱਟ ਤੋਂ ਘੱਟ ਬਣੇ, ਇਸ ਲਈ ਆਲੂ, ਚੌਲ, ਤਲੇ ਪਦਾਰਥ, ਮਾਸ ਅਤੇ ਸ਼ਰਾਬ ਆਦਿ ਦੀ ਵਰਤੋਂ ਨਾ ਕਰੋ।

ਭੁੱਖ ਤੋਂ ਵਧੇਰੇ ਨਾ ਖਾਓ। ਪੇਟ ਦਾ ਕੁਝ ਹਿੱਸਾ ਖਾਲੀ ਵੀ ਰਹਿਣਾ ਚਾਹੀਦੈ।

ਖਾਲੀ ਪੇਟ ਰਹਿਣ ਨਾਲ ਵੀ ਗੈਸ ਬਣੇਗੀ, ਇਸ ਲਈ ਭੁੱਖੇ ਨਾ ਰਹੋ।

ਵਰਤ ਰੱਖਣਾ ਇਕ ਚੰਗਾ ਇਲਾਜ ਹੈ ਪਰ ਹਫਤੇ 'ਚ ਸਿਰਫ ਅੱਧਾ ਦਿਨ।

ਪੁਦੀਨਾ, ਅਨਾਰਦਾਣਾ, ਪਿਆਜ਼, ਧਨੀਏ ਆਦਿ ਦੀ ਚਟਣੀ ਜ਼ਰੂਰ ਲਿਆ ਕਰੋ।

ਲਸਣ, ਅਦਰਕ ਦੀ ਵੀ ਵਰਤੋਂ ਜ਼ਰੂਰੀ ਹੈ।

ਜਿਨ੍ਹਾਂ ਨੂੰ ਕਬਜ਼ ਵੀ ਰਹਿੰਦੀ ਹੋਵੇ ਅਤੇ ਹਵਾ ਵੀ ਕਾਫੀ ਬਣਦੀ ਹੋਵੇ, ਉਹ ਖਾਣਾ ਖਾਣ ਪਿੱਛੋਂ ਕਾਲਾ ਨਮਕ, ਜੀਰਾ, ਨਿੰਬੂ ਮਿਲਾ ਕੇ ਖਾਰਾ ਸੋਡਾ ਪੀ ਲੈਣ। ਇਸ ਨਾਲ ਕਾਫੀ ਆਰਾਮ ਮਿਲੇਗਾ। ਅੰਤੜੀਆਂ ਸਾਫ ਹੋ ਜਾਣਗੀਆਂ।ਤੁਸੀਂ ਜਿਥੇ ਵੀ ਜਾਓ, ਉਥੋਂ ਦੇ ਰਿਵਾਜ ਮੁਤਾਬਿਕ ਖਾਣਾ ਖਾਓ।



ਜਿਨ੍ਹਾਂ ਦੇ ਪੇਟ 'ਚ ਹਵਾ ਵਧੇਰੇ ਬਣਨ ਦੀ ਤਕਲੀਫ ਰਹਿੰਦੀ ਹੋਵੇ, ਉਹ ਗਰਮੀ ਦੇ ਮੌਸਮ 'ਚ ਹਦਵਾਣੇ ਅਤੇ ਅੰਬ ਆਦਿ ਦੀ ਵਧੇਰੇ ਮਾਤਰਾ ਨਾ ਖਾਣ। ਇਨ੍ਹਾਂ ਨਾਲ ਵੀ ਹਵਾ ਬਣਦੀ ਹੈ।

ਭੋਜਨ ਪਚੇਗਾ, ਪੇਟ ਸਾਫ ਰਹੇਗਾ ਤਾਂ ਗੈਸ ਘੱਟ ਬਣੇਗੀ। ਹਰੀਆਂ ਸਬਜ਼ੀਆਂ ਜਿਵੇਂ ਬਾਥੂ, ਪਾਲਕ, ਸਰ੍ਹੋਂ ਦਾ ਸਾਗ ਆਦਿ ਖਾਓ। ਖੀਰਾ, ਤਰ, ਗਾਜਰ ਅਤੇ ਚੁਕੰਦਰ ਵੀ ਇਸ ਰੋਗ ਨੂੰ ਸ਼ਾਂਤ ਰੱਖਦੇ ਹਨ।

ਪੱਕਿਆ ਪਪੀਤਾ ਮਿਲੇ ਤਾਂ ਜ਼ਰੂਰ ਖਾਓ। ਕੱਚੇ ਪਪੀਤੇ ਦੀ ਸਬਜ਼ੀ ਵੀ ਲਾਭਦਾਇਕ ਹੈ।

ਖਾਣਾ ਖਾਣ ਪਿੱਛੋਂ ਆਈਸਕ੍ਰੀਮ ਖਾਣਾ ਜਾਂ ਠੰਡੀਆਂ ਚੀਜ਼ਾਂ ਪੀਣ ਨਾਲ ਵੀ ਸਰੀਰਕ ਨੁਕਸਾਨ ਹੁੰਦਾ ਹੈ। ਅਜਿਹੇ 'ਚ ਠੰਡਾ ਜੂਸ ਪੀਣਾ ਵੀ ਠੀਕ ਨਹੀਂ ਰਹਿੰਦਾ।

ਜੇਕਰ ਕਿਸੇ ਨੂੰ ਚਾਹ ਜਾਂ ਕੌਫੀ ਦੀ ਆਦਤ ਹੋਵੇ ਤਾਂ ਇਹ ਵੀ ਨੁਕਸਾਨ ਕਰਦੀ ਹੈ। ਇਸ ਆਦਤ ਨੂੰ ਛੱਡ ਦਿਓ।

ਮੈਦੇ ਤੋਂ ਬਣੇ ਪਦਾਰਥ ਜਾਂ ਸੁਪਰ ਫਾਈਨ ਆਟੇ ਦੀ ਰੋਟੀ ਆਸਾਨੀ ਨਾਲ ਨਹੀਂ ਪਚਦੀ ਅਤੇ ਗੈਸ ਪੈਦਾ ਕਰਦੀ ਹੈ, ਇਸ ਲਈ ਮੋਟੇ ਚੋਕਰ ਵਾਲੇ ਆਟੇ ਜਾਂ ਛੋਲਿਆਂ ਅਤੇ ਸੋਇਆਬੀਨ ਮਿਲੇ ਆਟੇ ਤੋਂ ਬਣੀ ਰੋਟੀ ਖਾਓ, ਇਹ ਛੇਤੀ ਪਚੇਗੀ ਵੀ ਅਤੇ ਅਫਾਰੇ ਵਰਗੀ ਸਮੱਸਿਆ ਨਹੀਂ ਹੋਣ ਦੇਵੇਗੀ। ਇਸ ਤਰ੍ਹਾਂ ਜੇਕਰ ਅਸੀਂ ਆਪਣੇ ਖਾਣ-ਪੀਣ 'ਚ ਸੁਧਾਰ ਕਰ ਲਈਏ ਤਾਂ ਇਹ ਰੋਗ ਸ਼ਾਂਤ ਰਹੇਗਾ।

## ਤੁਹਾਡੀ ਸਿਹਤ ਤੁਹਾਡੇ ਹੱਥ

ਅੱਜ ਦੀ ਭਾਜੜ ਭਰੀ ਜ਼ਿੰਦਗੀ ਵਿਚ ਜੇ ਅਸੀਂ ਆਪਣੀ ਸਿਹਤ ਵਲ ਧਿਆਨ ਨਾ ਦੇਈਏ ਤਾਂ ਜ਼ਿੰਦਗੀ ਦੇ ਦਿਨ ਇੰਨੀ ਤੇਜ਼ੀ ਨਾਲ ਨਿਕਲ ਜਾਣਗੇ ਕਿ ਸਾਨੂੰ ਪਤਾ ਹੀ ਨਹੀਂ ਲੱਗੇਗਾ।ਸਮੇਂ ਦੀ ਘਾਟ ਤਾਂ ਹਮੇਸ਼ਾ ਹੀ ਰਹਿੰਦੀ ਹੈ ਅਤੇ ਰਹੇਗੀ। ਫਿਰ ਵੀ ਜਿਸ ਤਰ੍ਹਾਂ ਅਸੀਂ ਆਪਣੀਆਂ ਪਾਰਟੀਆਂ ਤੇ ਕੰਮਾਂ ਲਈ ਸਮਾਂ ਕੱਢ ਹੀ ਲੈਂਦੇ ਹਾਂ, ਠੀਕ ਉਸੇ ਤਰ੍ਹਾਂ ਥੋੜ੍ਹਾ ਜਿਹਾ ਸਮਾਂ ਕੱਢ ਕੇ ਹੇਠ ਲਿਖੀਆਂ ਗੱਲਾਂ ਆਪਣੀ ਰੁਟੀਨ ਵਿਚ ਸ਼ਾਮਿਲ ਕਰ ਲਈਏ ਤਾਂ 80 ਸਾਲ ਦੀ ਉਮਰ 'ਚ ਵੀ ਕੋਈ ਇਹ ਸਵਾਲ ਪੁੱਛਣ ਤੋਂ ਨਹੀਂ ਝਿਜਕੇਗਾ ਕਿ 'ਤੁਹਾਡੀ ਚੰਗੀ ਸਿਹਤ ਦਾ ਰਾਜ਼ ਕੀ ਹੈ ?' ਕੁਝ ਇਸ ਤਰ੍ਹਾਂ ਕਰੋ ਆਪਣੇ ਦਿਨ ਦੀ ਸ਼ੁਰੂਆਤ :ਰੋਜ਼ਾਨਾ ਸਵੇਰੇ 10-20 ਮਿੰਟਾਂ ਲਈ ਖੁੱਲ੍ਹੀ ਹਵਾ 'ਚ ਜਾ ਕੇ ਜਾਗਿੰਗ ਕਰੋ ਜਾਂ 4-5 ਕਿਲੋਮੀਟਰ ਦੀ ਦੂਰੀ ਤੁਰ ਕੇ ਹੀ ਤੈਅ ਕਰੋ। ਇੰਝ ਕਰਨ ਨਾਲ ਤੁਹਾਡੇ ਮਨ ਤੇ ਸਰੀਰ, ਦੋਵਾਂ ਨੂੰ ਫਾਇਦਾ ਮਿਲੇਗਾ।ਸਰੀਰ ਵਿਚ ਆਈ ਜਕੜਨ ਕੁਝ ਪਲਾਂ ਦੀ ਕਸਰਤ ਨਾਲ ਦੂਰ ਹੋ ਜਾਂਦੀ ਹੈ ਅਤੇ ਮਾਸਪੇਸ਼ੀਆਂ ਖੁੱਲ੍ਹ ਜਾਂਦੀਆਂ ਹਨ।ਪੂਰੇ ਦਿਨ ਵਿਚ ਘੱਟੋ-ਘੱਟ 4-5 ਲਿਟਰ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ ਤਾਂ ਕਿ ਸਰੀਰ ਵਿਚ ਤਰਲਤਾ ਬਣੀ ਰਹੇ।



# ਚੰਗੀ ਸਿਹਤ ਲਈ

ਅਰੋਗ ਸਰੀਰ ਹਰ ਕਿਸੇ ਦੀ ਚਾਹਤ ਹੁੰਦਾ ਹੈ। ਇਸਨੂੰ ਹਾਸਲ ਕਰਨ ਲਈ ਸਾਨੂੰ ਖੁਦ ਹੀ ਕੋਸ਼ਿਸ਼ ਕਰਨੀ ਪਵੇਗੀ। ਜੇ ਅਸੀਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੀਏ ਤਾਂ ਆਸ ਅਨੁਸਾਰ ਨਤੀਜੇ ਹਾਸਲ ਕਰ ਸਕਾਂਗੇ :

ਆਂਵਲੇ 'ਚ ਕੋਲੈਸਟ੍ਰੋਲ ਨੂੰ ਘਟਾਉਣ ਦਾ ਖਾਸ ਗੁਣ ਹੁੰਦਾ ਹੈ। ਇਸ ਲਈ ਰੋਜ਼ਾਨਾ ਤਾਜ਼ਾ ਆਂਵਲੇ ਖਾ ਕੇ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਸਰੀਰ ਦੀ ਕਮਜ਼ੋਰੀ ਦੂਰ ਕਰਨ ਅਤੇ ਨਵੀਂ ਚੁਸਤੀ-ਫੁਰਤੀ ਪੈਦਾ ਕਰਨ ਲਈ 2 ਮਹੀਨੇ ਤਕ ਖਾਲੀ ਪੇਟ 2-3 ਸੇਬ ਖਾ ਕੇ ਦੁੱਧ ਪੀਓ, ਫਿਰ ਫਰਕ ਦੇਖੋ।

ਬਲੱਡ ਪ੍ਰੈਸ਼ਰ ਵਧਣ ਦੀ ਸ਼ਿਕਾਇਤ ਹੋਵੇ ਤਾਂ ਰੋਜ਼ਾਨਾ ਸਵੇਰੇ ਖਾਲੀ ਪੇਟ ਪੱਕਿਆ ਪਪੀਤਾ ਖਾਓ।



ਰੋਜ਼ਾਨਾ ਸਵੇਰੇ ਇਕ ਗਲਾਸ ਪਾਣੀ ਵਿਚ ਸਿਰਕਾ ਪਾ ਕੇ ਪੀਣ ਨਾਲ ਮੋਟਾਪਾ ਦੂਰ ਹੁੰਦਾ ਹੈ। ਗਲੇ 'ਚ ਦਰਦ ਹੋਵੇ ਤਾਂ ਇਕ ਗਲਾਸ ਕੋਸੇ ਪਾਣੀ ਵਿਚ ਸਿਰਕਾ ਪਾ ਕੇ ਗਰਾਰੇ ਕਰਨ ਨਾਲ ਫਾਇਦਾ ਮਿਲਦਾ ਹੈ। ਵਾਲਾਂ ਨੂੰ ਸੁੰਦਰ, ਕਾਲੇ ਤੇ ਸੰਘਣੇ ਕਰਨ ਲਈ ਪਾਣੀ ਵਿਚ ਸਿਰਕਾ ਪਾ ਕੇ ਸਿਰ ਧੋਵੋ। ਇਸ ਨਾਲ ਸਿੱਕਰੀ ਵੀ ਦੂਰ ਹੋ ਜਾਵੇਗੀ।

✡ ਯਾਦ ਸ਼ਕਤੀ ਵਧਾਉਣ ਲਈ ਰੋਜ਼ਾਨਾ ਸਵੇਰੇ ਖਾਲੀ ਪੇਟ ਸੌਂਫ ਦਾ ਚੂਰਨ ਸ਼ਹਿਦ ਨਾਲ ਖਾਓ। ਇਸ ਤੋਂ ਇਲਾਵਾ ਸੋਇਆਬੀਨ ਨਾਲ ਬਣੀਆਂ ਚੀਜ਼ਾਂ ਖਾਣ ਨਾਲ ਵੀ ਯਾਦ ਸ਼ਕਤੀ ਵਧਦੀ ਹੈ।

ਪੀਸਿਆ ਹੋਇਆ ਜੀਰਾ ਮੱਖਣ 'ਚ ਮਿਲਾ ਕੇ ਖਾਣ ਨਾਲ ਅੱਖਾਂ ਦੀ ਕਮਜ਼ੋਰੀ ਦੂਰ ਹੁੰਦੀ ਹੈ।

ਛਾਈਆਂ, ਮੁਹਾਸਿਆਂ ਆਦਿ ਤੋਂ ਛੁਟਕਾਰੇ ਲਈ ਜੀਰੇ ਨੂੰ ਪਾਣੀ ਵਿਚ ਉਬਾਲ ਕੇ ਉਸ ਪਾਣੀ ਨਾਲ ਮੂੰਹ ਧੋਵੋ।

ਜ਼ਖਮਾਂ 'ਤੇ ਹਲਦੀ ਛਿੜਕਣ ਨਾਲ ਇਹ ਜਲਦੀ ਸੁੱਕ ਜਾਂਦੇ ਹਨ। ਇਸਨੂੰ ਖੰਡ ਨਾਲ ਖਾਣ ਨਾਲ ਸੱਟ ਤੇ ਮੋਚ ਦੀ ਦਰਦ ਠੀਕ ਹੁੰਦੀ ਹੈ।

ਕੋਸੇ ਪਾਣੀ ਵਿਚ ਹਲਦੀ ਤੇ ਫਟਕੜੀ ਮਿਲਾ ਕੇ ਗਰਾਰੇ ਕਰਨ ਨਾਲ ਗਲੇ ਦੀ ਖਰਾਸ਼ ਤੇ ਟਾਂਸਿਲ ਵੇਲੇ ਫਾਇਦਾ ਮਿਲਦਾ ਹੈ।

ਸਰੀਰ ਵਿਚ ਹਲਕਾਪਨ ਲਿਆਉਣ ਅਤੇ ਪਾਚਨ ਸ਼ਕਤੀ ਤੇ ਭੁੱਖ ਨੂੰ ਵਧਾਉਣ ਲਈ ਧਨੀਏ ਵਾਲੀ ਚਾਹ ਪੀਓ। 6 ਗ੍ਰਾਮ ਧਨੀਆ ਉਬਾਲ ਕੇ ਥੋੜ੍ਹੀ ਖੰਡ ਤੇ ਦੁੱਧ ਮਿਲਾ ਕੇ ਛਾਣ ਲਵੋ ਅਤੇ ਚਾਹ ਵਾਂਗ ਪੀਓ।

# ਬਵਾਨਾ ਵਿੱਚ ਅਧੂਰੇ ਸੀਵਰੇਜ ਅਤੇ ਸੜਕ ਦੇ ਕੰਮਾਂ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 16 ਅਕਤੂਬਰ। ਦਿੱਲੀ ਸਰਕਾਰ ਦੇ ਸਮਾਜ ਭਲਾਈ ਮੰਤਰੀ ਰਵਿੰਦਰ ਇੰਦਰਰਾਜ ਸਿੰਘ ਅਤੇ ਜਲ ਮੰਤਰੀ ਪ੍ਰਵੇਸ਼ ਸਾਹਿਬ ਸਿੰਘ ਨੇ ਵੀਰਵਾਰ ਨੂੰ ਬਵਾਨਾ ਵਿੱਚ ਚੱਲ ਰਹੇ ਸੀਵਰ ਪ੍ਰੋਜੈਕਟਾਂ ਸਬੰਧੀ ਦਿੱਲੀ ਜਲ ਬੋਰਡ ਦੇ ਅਧਿਕਾਰੀਆਂ ਨਾਲ ਇੱਕ ਸਮੀਖਿਆ ਮੀਟਿੰਗ ਕੀਤੀ। ਮੀਟਿੰਗ ਵਿੱਚ ਰਵਿੰਦਰ ਇੰਦਰਰਾਜ ਨੇ ਬਵਾਨਾ ਦੇ ਬੇਗਮਪੁਰ ਅਤੇ ਸ਼ਾਹਬਾਦ ਦੀਆਂ ਕਈ ਕਲੋਨੀਆਂ ਵਿੱਚ ਚੱਲ ਰਹੇ ਸੀਵਰ ਪ੍ਰੋਜੈਕਟਾਂ ਵਿੱਚ ਦੇਰੀ ਕਾਰਨ ਸਥਾਨਕ ਨਿਵਾਸੀਆਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਦਿੱਤੀ। ਜਲ ਮੰਤਰੀ ਪ੍ਰਵੇਸ਼ ਸਾਹਿਬ ਸਿੰਘ ਨੇ ਦਿੱਲੀ ਜਲ ਬੋਰਡ ਦੇ ਅਧਿਕਾਰੀਆਂ ਨੂੰ ਕੰਮ ਜਲਦੀ ਅਤੇ ਪੂਰੀ ਗੁਣਵੱਤਾ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ। ਸਮਾਜ ਭਲਾਈ ਮੰਤਰੀ ਨੇ ਕਿਹਾ ਕਿ ਸ਼ਾਹਾਬਾਦ ਜੀਓਸੀ ਅਤੇ ਬੇਗਮਪੁਰ ਜੀਓਸੀ ਅਧੀਨ ਸੀਵਰੇਜ ਪ੍ਰੋਜੈਕਟ ਅਜੇ ਤੱਕ ਪੂਰੇ ਨਹੀਂ ਹੋਏ ਹਨ। ਹੁਣ ਤੱਕ ਜੋ ਕੰਮ ਪੂਰਾ ਹੋਇਆ ਹੈ ਉਹ ਤਸੱਲੀਬਖਸ਼ ਨਹੀਂ ਹੈ। ਸਥਾਨਕ ਨਿਵਾਸੀਆਂ ਨੂੰ ਅਧੂਰੀਆਂ ਸੀਵਰ ਲਾਈਨਾਂ, ਓਵਰਫਲੋਅ ਅਤੇ ਗੰਦੀਆਂ ਸਥਿਤੀਆਂ ਕਾਰਨ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਪ੍ਰੋਜੈਕਟਾਂ ਦੇ ਪੂਰੇ ਨਾ ਹੋਣ ਨਾਲ ਸੜਕਾਂ, ਨਾਲੀਆਂ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਤ ਹੋਰ ਵਿਕਾਸ ਪ੍ਰੋਜੈਕਟ ਵੀ ਪ੍ਰਭਾਵਿਤ ਹੋ ਰਹੇ ਹਨ। ਜਲ ਮੰਤਰੀ ਨੇ ਦਿੱਲੀ ਜਲ ਬੋਰਡ ਨੂੰ ਬਾਕੀ ਰਹਿੰਦੇ ਕੰਮ ਨੂੰ ਤੇਜ਼ੀ ਨਾਲ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਅਤੇ ਜਲ ਬੋਰਡ ਦੇ ਅਧਿਕਾਰੀਆਂ ਨੂੰ ਸੀਵਰ ਲਾਈਨਾਂ ਤੋਂ ਪ੍ਰਭਾਵਿਤ ਸੜਕਾਂ ਦੀ ਸਮੇਂ ਸਿਰ ਮੁਰੰਮਤ ਨੂੰ ਯਕੀਨੀ ਬਣਾਉਣ ਲਈ ਡੀਐਸਆਈਡੀਸੀ ਨਾਲ ਤਾਲਮੇਲ ਵਿੱਚ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਬਵਾਨਾ ਵਿੱਚ ਪਾਣੀ ਦੀ ਸਪਲਾਈ ਦੇ



ਸੰਬੰਧ ਵਿੱਚ, ਸਮਾਜ ਭਲਾਈ ਮੰਤਰੀ ਨੇ ਪੱਲਾ ਐਮਬੀਆਰ ਤੋਂ ਬਵਾਨਾ ਯੂਜੀਆਰ ਨੂੰ ਪਾਣੀ ਦੀ ਵੰਡ ਦੀ ਮੌਜੂਦਾ ਸਥਿਤੀ, ਸੈਕਟਰ 23, 29 ਅਤੇ 36 ਦੇ ਯੂਜੀਆਰ ਨੂੰ ਵਾਧੂ ਪਾਣੀ ਦੀ ਸਪਲਾਈ, ਬਵਾਨਾ ਵਾਟਰ ਟ?ਰੀਟਮੈਂਟ ਪਲਾਂਟ ਰੀਸਾਈਕਲਰ ਪਲਾਂਟ ਤੋਂ ਪਾਣੀ ਦੀ ਵੰਡ ਦੀ ਯੋਜਨਾ, ਸੈਕਟਰ 36 ਰੋਹਿਣੀ ਯੂਜੀਆਰ ਨੂੰ ਚਾਲੂ ਕਰਨ ਦੀ ਯੋਜਨਾ, ਅਤੇ ਸੈਕਟਰ 23, 29 ਅਤੇ 36 ਯੂਜੀਆਰ ਵਿੱਚ ਪਾਣੀ ਦੀ ਘਾਟ ਨੂੰ ਦੂਰ ਕਰਨ ਬਾਰੇ ਵੀ ਵਿਸਥਾਰ ਵਿੱਚ ਚਰਚਾ ਕੀਤੀ। ਜਲ ਮੰਤਰੀ ਪਰਵੇਸ਼ ਸਾਹਿਬ ਸਿੰਘ ਨੇ ਬਵਾਨਾ ਵਿੱਚ ਪਾਣੀ ਦੀ ਸਪਲਾਈ ਲਈ ਅਨੁਮਾਨ ਅਤੇ ਯੋਜਨਾਵਾਂ ਬਣਾਉਣ ਸੰਬੰਧੀ ਸਬੰਧਤ ਅਧਿਕਾਰੀਆਂ ਨੂੰ ਜ਼ਰੂਰੀ ਨਿਰਦੇਸ਼ ਵੀ ਦਿੱਤੇ।

## ਰਾਵਣ ਦਾ ਪੁਤਲਾ ਸਾੜਨ ਵਾਲਾ ਨੌਜਵਾਨ ਚਾਕੂ ਸਮੇਤ ਗ੍ਰਿਫ਼ਤਾਰ

ਚੰਡੀਗੜ੍ਹ 16 ਅਕਤੂਬਰ। ਇੱਥੇ ਸੈਕਟਰ-30 ’ਚ ਦੁਸਹਿਰੇ ਦੀ ਪੂਰਬਲੀ ਸ਼ਾਮ ਨੂੰ ਰਾਵਣ ਦੇ ਪੁਤਲੇ ਨੂੰ ਸਾੜਨ ਦੇ ਮਾਮਲੇ ’ਚ ਇੰਡਸਟਰੀਅਲ ਏਰੀਆ ਪੁਲਸ ਨੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਦੀ ਪਛਾਣ ਸੈਕਟਰ-30 ਦੇ ਅਤੁਲ ਕੁਮਾਰ ਵਜੋਂ ਹੋਈ। ਪੁਲਸ ਨੇ ਮੁਲਜ਼ਮ ਕੋਲੋਂ ਚਾਕੂ ਵੀ ਬਰਾਮਦ ਕੀਤਾ। ਮੁਲਜ਼ਮ ਨੂੰ ਜ਼ਿਲ੍ਹਾ ਅਦਾਲਤ ’ਚ ਪੇਸ਼ ਕੀਤਾ ਗਿਆ, ਜਿੱਥੇ ਉਸ ਨੂੰ ਨਿਆਇਕ ਹਿਰਾਸਤ ’ਚ ਭੇਜ ਦਿੱਤਾ ਗਿਆ। ਅਸ਼ਵਨੀ ਚਿਲਡਰਨ ਡਰਾਮੈਟਿਕ ਕਲੱਬ ਪ੍ਰਧਾਨ ਸੈਕਟਰ-30 ਦੇ ਚੰਦਨ ਨੇ ਪੁਲਸ ਨੂੰ ਸੂਚਿਤ ਕੀਤਾ ਸੀ ਕਿ ਦੁਸਹਿਰੇ ਦੇ ਸਮਾਗਮ ਲਈ ਸੈਕਟਰ ਦੇ ਇਕ ਖੇਤ ’ਚ ਤਿੰਨ ਪੁਤਲੇ ਲਾਏ ਸਨ। ਦੁਸਹਿਰੇ ਦੀ ਸ਼ਾਮ ਨੂੰ ਦੋ ਅਣਪਛਾਤੇ ਵਿਅਕਤੀਆਂ ਨੇ ਪੁਤਲਿਆਂ ਨੂੰ ਅੱਗ ਲਾ ਦਿੱਤੀ ਤੇ ਭੱਜ ਗਏ। ਇੰਡਸਟਰੀਅਲ ਏਰੀਆ ਪੁਲਸ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕਰ ਮੁਲਜ਼ਮਾਂ ਦੀ ਭਾਲ ਕਰ ਰਹੀ ਸੀ। ਜਾਂਚ ’ਚ ਪਤਾ ਲੱਗਾ ਹੈ ਕਿ ਸੈਕਟਰ-30 ਦੇ ਅਤੁਲ ਕੁਮਾਰ ਨੇ ਪੁਤਲੇ ਨੂੰ ਅੱਗ ਲਾਈ ਸੀ।

## ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਭਜਾ ਲਿਜਾਣ ਵਾਲੇ ਨੌਜਵਾਨ ਖਿਲਾਫ ਕੇਸ ਦਰਜ

ਲੁਧਿਆਣਾ 16 ਅਕਤੂਬਰ। ਥਾਣਾ ਸਲੇਮ ਟਾਬਰੀ ਦੀ ਪੁਲਸ ਨੇ ਇਕ ਨਾਬਾਲਿਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਵਰਗਲਾ ਕੇ ਭਜਾ ਲਿਜਾਣ ਵਾਲੇ ਮੁਲਜ਼ਮ ਨੌਜਵਾਨ ਖਿਲਾਫ ਕੇਸ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੁਖੀ ਇੰਸ. ਹਰਸ਼ਵੀਰ ਸਿੰਘ ਸੰਧੂ ਨੇ ਦੱਸਿਆ ਕਿ ਪੁਲਸ ਨੂੰ ਨਵਨੀਤ ਨਗਰ ਦੇ ਰਹਿਣ ਵਾਲੇ ਪੀੜਤ ਵਿਅਕਤੀ ਨੇ ਸ਼ਿਕਾਇਤ ਦਰਜ ਕਰਵਾਈ ਹੈ ਕਿ 6 ਅਕਤੂਬਰ ਨੂੰ ਉਹ ਅਤੇ ਉਸ ਦੀ ਪਤਨੀ ਕੰਮ ’ਤੇ ਚਲੇ ਗਏ। ਜਦੋਂ ਸ਼ਾਮ ਨੂੰ ਘਰ ਵਾਪਸ ਆਏ ਤਾਂ ਉਸ ਦੀ 16 ਸਾਲਾਂ ਨਾਬਾਲਿਗ ਲੜਕੀ ਘਰ ਵਿਚ ਨਹੀਂ ਸੀ, ਜਿਸ ਤੋਂ ਬਾਅਦ ਉਸ ਨੇ ਆਪਣੀ ਨਾਬਾਲਿਗ ਲੜਕੀ ਦੀ ਕਾਫੀ ਭਾਲ ਕੀਤੀ ਪਰ ਉਸ ਦਾ ਕੁਝ ਪਤਾ ਨਾ ਲੱਗਾ, ਜਿਸ ਤੋਂ ਬਾਅਦ ਉਸ ਨੂੰ ਪਤਾ ਲੱਗਾ ਕਿ ਉਸ ਦੀ ਨਾਬਾਲਿਗ ਲੜਕੀ ਨੂੰ ਅਜੇ ਵਰਮਾ ਪੁੱਤਰ ਸੁਖਰਾਮ ਵਰਮਾ ਵਾਸੀ ਨਿਊ ਅਸ਼ੋਕ ਨਗਰ, ਖਜੂਰ ਚੌਕ ਵਿਆਹ ਕਰਨ ਦੀ ਨੀਅਤ ਨਾਲ ਵਰਗਲਾ ਕੇ ਭਜਾ ਲੈ ਗਿਆ ਹੈ। ਇਸ ਤੋਂ ਬਾਅਦ ਪੁਲਸ ਨੇ ਉਕਤ ਮਾਮਲੇ ’ਤੇ ਕਾਰਵਾਈ ਕਰਦੇ ਹੋਏ ਮੁਲਜ਼ਮ ਨੌਜਵਾਨ ਅਜੇ ਵਰਮਾ ਖਿਲਾਫ ਕੇਸ ਦਰਜ ਕਰ ਲਿਆ ਗਿਆ।

## ਬਾਬਾ ਗੁਨਿਆਣਾ ਜੀ ਦੇ ਸਲਾਨਾ ਸਮਾਗਮ ਸਬੰਧੀ ਸੰਗਤਾਂ ਨੂੰ ਦਿੱਤੇ ਸੱਦਾ ਪੱਤਰ

ਚੀਮਾ ਮੰਡੀ,16 ਅਕਤੂਬਰ: ਸਮੂਹ ਨਗਰ ਨਿਵਾਸੀਆਂ ਅਤੇ ਬਾਬਾ ਗੁਨਿਆਣਾ ਸੋਸ਼ਲ ਵੈਲਫੇਅਰ ਸੁਸਾਇਟੀ ਚੀਮਾਂ ਮੰਡੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਵਾਲੀ ਦੇ ਸ਼ੁੱਭ ਮੌਕੇ ਤੇ ਬਾਬਾ ਗੁਨਿਆਣਾ ਜੀ ਬਿਜਲੀ ਬੋਰਡ ਗਰਿਡ ਦੇ ਸਾਹਮਣੇ ਚੀਮਾਂ ਮੰਡੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਜਾ ਰਹੇ ਹਨ ਜਿਸ ਵਿਚ ਦੂਰੋਂ ਨੇੜੇ ਭਾਰੀ ਗਿਣਤੀ ਵਿੱਚ ਸੰਗਤਾਂ ਹਾਜ਼ਰੀਆਂ ਭਰਦੀਆਂ ਹਨ। ਅੱਜ ਕਸਬੇ ਵਿਖੇ ਸਲਾਨਾ ਸਮਾਗਮ ਦੇ ਵਿੱਚ ਸ਼ਿਰਕਤ ਲਈ ਮਿਸ਼ਨ ਫਤਿਹ ਵੈਲਫੇਅਰ ਸੁਸਾਇਟੀ ਪੰਜਾਬ ਪ੍ਰਧਾਨ ਡਾਕਟਰ ਭੀਮ ਸਿੰਘ ਭੁਕਲ ਦੀ ਅਗਵਾਈ ਹੇਠ ਸੰਗਤਾਂ ਨੂੰ ਸਮਾਗਮ ਲਈ ਸੱਦਾ ਪੱਤਰ ਦਿੱਤੇ ਗਏ ।ਇਸ ਮੌਕੇ ਜਗਸੀਰ ਸਿੰਘ ਖਜਾਨਚੀ, ਰਣਜੀਤ ਸਿੰਘ ਮੀਤ ਪ੍ਰਧਾਨ, ਜਗਸੀਰ ਜੱਗੀ, ਪੀਤਾ ਫਫੜਾ, ਗਾਜੂ, ਗੋਲੂ, ਗੋਲਡੀ, ਹਰਮਨ, ਹਰਜਿੰਦਰ ਆਦਿ ਹਾਜ਼ਰ ਸਨ।

## ਪਾਰਕ ’ਚ ਸੈਰ ਕਰਦੇ ਸਮੇਂ ਨੌਜਵਾਨ ’ਤੇ ਕੀਤਾ ਸੀ ਹਮਲਾ, ਮਾਮਲਾ ਦਰਜ

ਚੰਡੀਗੜ੍ਹ 16 ਅਕਤੂਬਰ। ਆਪਣੇ ਭਰਾ ਦੀ ਕੁੱਟਮਾਰ ਦਾ ਬਦਲਾ ਲੈਣ ਲਈ ਡੱਡੂਮਾਜਰਾ ਦੇ ਪਾਰਕ ’ਚ ਸੈਰ ਕਰਦੇ ਸਮੇਂ ਨੌਜਵਾਨ ’ਤੇ ਚਾਰ ਹਥਿਆਰਬੰਦ ਨੌਜਵਾਨ ਜਾਨਲੇਵਾ ਹਮਲਾ ਕਰ ਫ਼ਰਾਰ ਹੋ ਗਏ। ਪਰਿਵਾਰ ਨੇ ਜ਼ਖਮੀ ਨੂੰ ਸੈਕਟਰ- 16 ਜਨਰਲ ਹਸਪਤਾਲ ਵਿਚ ਦਾਖ਼ਲ ਕਰਵਾਇਆ। ਮਲੋਆ ਥਾਣਾ ਪੁਲਸ ਨੇ ਜ਼ਖਮੀ ਹਿਮਾਂਸ਼ੂ ਦਾ ਬਿਆਨ ਦਰਜ ਕਰ ਹਮਲਾਵਰਾਂ, ਸੁਮਿਤ, ਗੋਲੂ, ਰੋਮੀ, ਬੁੱਢਾ, ਆਰੀਆ ਅਤੇ ਹੋਰਾਂ ਖ਼?ਲਾਫ਼ ਮਾਮਲਾ ਦਰਜ ਕੀਤਾ। ਡੱਡੂਮਾਜਰਾ ਦੇ ਰਹਿਣ ਵਾਲੇ ਹਿਮਾਂਸ਼ੂ ਨੇ ਪੁਲਸ ਨੂੰ ਆਪਣੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਸ਼ਨੀਵਾਰ ਸ਼ਾਮ ਨੂੰ ਪਾਰਕ ਵਿਚ ਸੈਰ ਕਰ ਰਿਹਾ ਸੀ। ਇਸ ਦੌਰਾਨ ਸੁਮਿਤ ਅਤੇ ਗੋਲੂ ਉਸ ਕੋਲ ਆਏ ਅਤੇ ਉਸ ਨਾਲ ਬਦਸਲੂਕੀ ਕਰਨ ਲੱਗੇ। ਗੋਲੂ ਨੇ ਉਸਦੀ ਲੱਤ ’ਤੇ ਹਾਕੀ ਨਾਲ ਹਮਲਾ ਕਰ ਦਿੱਤਾ ਅਤੇ ਸੁਮਿਤ ਨੇ ਚਾਕੂ ਕੱਢ ਕੇ ਉਸਦੀ ਗਰਦਨ ’ਤੇ ਰੱਖ ਦਿੱਤਾ ਅਤੇ ਉਸਨੂੰ ਪਾਰਕ ਤੋਂ ਬਾਹਰ ਲੈ ਗਿਆ ਅਤੇ ਰੋਮੀ, ਬੁੱਢਾ ਅਤੇ ਆਰੀਅਨ ਨੇ ਮਿਲ ਕੇ ਉਸਨੂੰ ਡੰਡਿਆਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਸੁਮਿਤ ਨੇ ਕਿਹਾ ਕਿ ਤੂੰ ਮੇਰੇ ਭਰਾ ਨੂੰ ਮਾਰਿਆ ਸੀ, ਹੁਣ ਅਸੀਂ ਸਾਰੇ ਤੈਨੂੰ ਮਾਰ ਦੇਵਾਂਗੇ। ਸੁਮਿਤ ਨੇ ਕੰਨ ’ਤੇ ਚਾਕੂ ਨਾਲ ਹਮਲਾ ਕਰ ਦਿੱਤਾ ਅਤੇ ਬਾਕੀਆਂ ਨੇ ਹਾਕੀ ਨਾਲ ਹਮਲਾ ਕਰ ਲਹੂਲੁਹਾਨ ਕਰ ਦਿੱਤਾ ਅਤੇ ਫਰਾਰ ਹੋ ਗਏ। ਪਰਿਵਾਰ ਨੇ ਉਸਨੂੰ ਹਸਪਤਾਲ ਦਾਖ਼ਲ ਕਰਵਾਇਆ। ਮਲੋਆ ਥਾਣਾ ਪੁਲਸ ਨੇ ਉਕਤ ਹਮਲਾਵਰਾਂ ਖ਼?ਲਾਫ਼ ਮਾਮਲਾ ਦਰਜ ਕੀਤਾ।

## ਸਰਪੰਚ ਨਾਲ ਗਾਲੀ-ਗਲੋਚ ਤੇ ਕੁੱਟਮਾਰ ਕਰਨ ’ਤੇ ਦੋ ਲੋਕਾਂ ਖ਼?ਲਾਫ਼ ਕੇਸ ਦਰਜ

ਹਾਜੀਪੁਰ 16 ਅਕਤੂਬਰ। ਹਾਜੀਪੁਰ ਪੁਲਸ ਸਟੇਸ਼ਨ ਵਿਖੇ ਇਕ ਪਿੰਡ ਦੀ ਸਰਪੰਚ ਨਾਲ ਗਾਲੀ ਗਲੋਚ ਅਤੇ ਮਾਰ ਕੁਟਾਈ ਕਰਨ ਤੇ ਦੋ ਲੋਕਾਂ ਦੇ ਖ਼?ਲਾਫ਼ ਕੇਸ ਦਰਜ ਕੀਤਾ ਗਿਆ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਚ. ਓ. ਹਾਜੀਪੁਰ ਹਰਪ੍ਰੇਮ ਸਿੰਘ ਨੇ ਦੱਸਿਆ ਹੈ ਕਿ ਹਾਜੀਪੁਰ ਪੁਲਸ ਨੂੰ ਦਿੱਤੇ ਬਿਆਨ ’ਚ ਅਜੀਤ ਸਿੰਘ ਪੁੱਤਰ ਸ਼ਮੀਰ ਸਿੰਘ ਵਾਸੀ ਬੇਲਾ ਸਰਿਆਣਾਂ ਨੇ ਦੱਸਿਆ ਹੈ ਕਿ ਬੀਤੀ ਰਾਤ ਆਪਣੀ ਪਤਨੀ ਕੁਲਦੀਪ ਕੌਰ ਜੋ ਮੌਜੂਦਾ ਪਿੰਡ ਦੀ ਸਰਪੰਚ ਹੈ ਆਪਣੇ ਬੇਟੇ ਗੁਰਜੀਤ ਸਿੰਘ ਬੇਟੀ ਸਰਬਜੀਤ ਕੌਰ ਨਾਲ ਖਾਣਾ ਖਾ ਕੇ ਘਰ ਵਿੱਚ ਸੌਣ ਲੱਗੇ ਸੀ ਤਾਂ ਸ਼ਿਵ ਕੁਮਾਰ ਅਤੇ ਜਸਵੀਰ ਸਿੰਘ ਉਰਫ਼ ਕਾਕਾ ਵਾਸੀਆਨ ਬੇਲਾ ਸਰਿਆਣਾਂ ਆਪਣੇ ਬੁਲਟ ’ਤੇ ਸਵਾਰ ਹੋ ਕੇ ਉਸ ਦੇ ਘਰ ਅੱਗੇ ਆ ਕੇ ਬੁਲਟ ਮੋਟਰਸਾਈਲ ਦੇ ਨਾਲ ਪਟਾਕੇ ਮਾਰੇ ਅਤੇ ਕੁਝ ਦੇਰ ਰੁਕਣ ਤੋਂ ਬਾਅਦ ਇਹ ਦੋਵੇ ਬਿਆਨ ’ਚ ਅਜੀਤ ਸਿੰਘ ਪੁੱਤਰ ਸ਼ਮੀਰ ਸਿੰਘ ਵਾਸੀ ਬੇਲਾ ਸਰਿਆਣਾਂ ਨੇ ਦੱਸਿਆ ਹੈ ਕਿ ਬੀਤੀ ਰਾਤ ਆਪਣੀ ਪਤਨੀ ਕੁਲਦੀਪ ਕੌਰ ਜੋ ਮੌਜੂਦਾ ਪਿੰਡ ਦੀ ਸਰਪੰਚ ਹੈ ਆਪਣੇ ਬੇਟੇ ਗੁਰਜੀਤ ਸਿੰਘ ਬੇਟੀ ਸਰਬਜੀਤ ਉਸ ਦੇ ਗੇਟ ਅੱਗੇ ਹੋ ਕੇ ਗਾਲੀ-ਗਲੋਚ ਕਰਨ ਲੱਗ ਪਏ ਅਤੇ ਕਹਿੰਦੇ ਕਿ ਸਰਪੰਚਾ ਘਰ ਦੇ ਬਾਹਰ ਆ ਅਤੇ ਉਸ ਦੇ ਘਰ ਦੇ ਅੰਦਰ ਰੋੜੇ ਅਤੇ ਪੱਥਰ ਮਾਰੇ। ਜਦੋਂ ਉਸ ਦੀ ਪਤਨੀ ਕੁਲਦੀਪ ਕੌਰ ਇਨ੍ਹਾਂ ਨੂੰ ਰੋਕਣ ਲਈ ਗੇਟ ਖੋਲ੍ਹ ਕੇ ਬਾਹਰ ਆਈ ਤਾਂ ਸ਼ਿਵ ਕੁਮਾਰ ਨੇ ਮੇਰੀ ਪਤਨੀ ਨੂੰ ਧੱਕਾ ਮਾਰ ਕੇ ਥੱਲੇ ਸੁੱਟ ਦਿਤਾ ਅਤੇ ਘਰ ਅੰਦਰ ਆ ਗਏ, ਜਿੱਥੇ ਇਨ੍ਹਾਂ ਨੇ ਉਸ ਨਾਲ ਕੁੱਟਮਾਰ ਕੀਤੀ। ਰੌਲਾ ਪੈਣ ’ਤੇ ਇਹ ਦੋਵੇਂ ਆਪਣਾ ਮੋਟਰਸਾਈਕਲ ਛੱਡ ਕੇ ਦੌੜ ਗਏ, ਜਿਸ ’ਤੇ ਸ਼ਿਵ ਕੁਮਾਰ ਅਤੇ ਜਸਵੀਰ ਸਿੰਘ ਉਰਫ਼ ਖ਼?ਲਾਫ਼ ਹਾਜੀਪੁਰ ਪੁਲਸ ਸਟੇਸ਼ਨ ਵਿਖੇ ਮੁੱਕਦਮਾ ਦਰਜ ਕਰਕੇ ਅੱਗੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਜਲੰਧਰ ਪੁਲਸ ਵੱਲੋਂ ਹੈਰੋਇਨ ਸਮੇਤ 3 ਵਿਅਕਤੀ ਗ੍ਰਿਫ਼ਤਾਰ

ਜਲੰਧਰ 16 ਅਕਤੂਬਰ। ਨਸ਼ਿਆਂ ’ਤੇ ਨਕੇਲ ਪਾਉਣ ਲਈ ਚੱਲ ਰਹੀਆਂ ਲਗਾਤਾਰ ਕਾਰਵਾਈਆਂ ਦੌਰਾਨ ਜਲੰਧਰ ਕਮਿਸ਼ਨਰੇਟ ਪੁਲਸ ਦੇ ਥਾਣਾ ਭਾਰਗੋ ਕੈਂਪ ਦੀ ਟੀਮ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਕੋਲੋਂ ਪੁਲਸ ਵੱਲੋਂ 16.8 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦੇ ਪੁਲਸ ਕਮਿਸ਼ਨਰ ਜਲੰਧਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਥਾਣਾ ਭਾਰਗੋ ਕੈਂਪ ਦੀ ਪੁਲਸ ਟੀਮ ਨੇ ਸ਼ਹਿਰ ਵਿੱਚ ਸ਼ੱਕੀ ਵਿਅਕਤੀਆਂ ਅਤੇ ਨਸ਼ਾ ਤਸਕਰਾਂ ਖ਼?ਲਾਫ਼ ਚੱਲ ਰਹੀ ਮੁਹਿੰਮ ਦੌਰਾਨ ਤਿੰਨ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ। ਪੁਲਸ ਨੇ ਦੋਸ਼ੀ ਨੀਰਜ ਪਾਸੋਂ 5.20 ਗ੍ਰਾਮ, ਮਾਨਵ ਪਾਸੋਂ 5.6 ਗ੍ਰਾਮ ਅਤੇ ਕੁਨਾਲ ਪਾਸੋਂ 6 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਸਬੰਧੀ ਐੱਨ. ਡੀ. ਪੀ. ਐੱਸ. ਐਕਟ ਅਧੀਨ ਥਾਣਾ ਭਾਰਗੋ ਕੈਂਪ ਵਿੱਚ ਦਰਜ ਕੀਤਾ ਗਿਆ ਹੈ। ਦੋਸ਼ੀਆਂ ਦਾ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਪੁੱਛਗਿੱਛ ਜਾਰੀ ਹੈ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਹ ਨਸ਼ਾ ਕਿੱਥੋਂ ਲਿਆ ਗਿਆ ਸੀ ਅਤੇ ਇਨ੍ਹਾਂ ਦੇ ਨਾਲ ਹੋਰ ਕੌਣ ਇਸ ਨੈੱਟਵਰਕ ਵਿਚ ਸ਼ਾਮਲ ਹੈ।

## ਪੰਜਾਬ ਪੁਲਸ ਨੇ ਘੇਰ ਲਿਆ ਪੂਰਾ ਸ਼ਹਿਰ, 150 ਤੋਂ ਵੱਧ ਜਵਾਨਾਂ ਨੇ ਸਾਂਭਿਆ ਮੋਰਚਾ

ਮੋਗਾ 16 ਅਕਤੂਬਰ। ਪੰਜਾਬ ਸਰਕਾਰ ਅਤੇ ਪੰਜਾਬ ਪੁਲਸ ਵੱਲੋਂ ਚਲਾਈ ਜਾ ਰਹੀ ਨਸ਼ੇ ਵਿਰੁੱਧ ਮੁਹਿੰਮ ਤਹਿਤ ਅੱਜ ਮੋਗਾ ਪੁਲਸ ਵੱਲੋਂ ਵੱਡੀ ਕਾਰਵਾਈ ਕੀਤੀ ਗਈ। ਏ. ਡੀ.ਜੀ.ਪੀ. ਸ਼ਿਵ ਕੁਮਾਰ ਵਰਮਾ ਦੀ ਅਗਵਾਈ ਹੇਠ ਮੋਗਾ ਬਿਆਨ ’ਚ ਅਜੀਤ ਸਿੰਘ ਪੁੱਤਰ ਸ਼ਮੀਰ ਸਿੰਘ ਵਾਸੀ ਬੇਲਾ ਸਰਿਆਣਾਂ ਨੇ ਦੱਸਿਆ ਹੈ ਕਿ ਬੀਤੀ ਰਾਤ ਆਪਣੀ ਪਤਨੀ ਕੁਲਦੀਪ ਕੌਰ ਜੋ ਮੌਜੂਦਾ ਪਿੰਡ ਦੀ ਸਰਪੰਚ ਹੈ ਆਪਣੇ ਬੇਟੇ ਗੁਰਜੀਤ ਸਿੰਘ ਬੇਟੀ ਸਰਬਜੀਤ ਅਤੇ ਧਰਮਕੋਟ ਦੇ ਇਲਾਕਿਆਂ ਵਿਚ ਕਾਸੋ ਆਪਰੇਸ਼ਨ ਚਲਾਇਆ ਗਿਆ। ਇਸ ਦੌਰਾਨ ਐੱਸ.ਐੱਸ.ਪੀ. ਅਜੈ ਗਾਂਧੀ, ਐੱਸ.ਪੀ.ਡੀ. ਬਾਲਕ੍ਰਿਸ਼ਨ ਸਿੰਗਲਾ ਅਤੇ ਚਾਰਾਂ ਵਿਧਾਨ ਸਭਾ ਹਲਕਿਆਂ ਦੇ ਡੀ.ਐੱਸ.ਪੀਜ਼ ਸਮੇਤ ਲਗਭਗ 150 ਪੁਲਸ ਮੁਲਾਜ਼ਮਾਂ ਅਤੇ ਜਵਾਨਾਂ ਨੇ ਵੱਡੇ ਪੱਧਰ ’ਤੇ ਕਾਰਵਾਈ। ਇਸ ਦੌਰਾਨ ਪੁਲਸ ਟੀਮਾਂ ਨੇ ਨਸ਼ਾ ਤਸਕਰਾਂ ਦੇ ਘਰਾਂ ਦੀ ਕੋਨੇ-ਕੋਨੇ ਤੱਕ ਡੂੰਘਾਈ ਨਾਲ ਤਲਾਸ਼ੀ ਲਈ। ਏ.ਡੀ.ਜੀ.ਪੀ. ਸ਼ਿਵ ਕੁਮਾਰ ਨੇ ਮੀਡੀਆ ਨਾਲ ਗੱਲਬਾਤ ਦੌਰਾਨ ਦੱਸਿਆ ਕਿ ਮੋਗਾ ਜ਼ਿਲ੍ਹੇ ਦੀ ਪੁਲਸ ਨੇ ਹਾਲ ਹੀ ਵਿਚ ਵੱਡੀ ਮਾਤਰਾ ਵਿਚ ਹੈਰੋਇਨ ਬਰਾਮਦ ਕੀਤੀ ਸੀ। ਉਨ੍ਹਾਂ ਕਿਹਾ ਕਿ ਅੱਜ ਦਾ ਆਪਰੇਸ਼ਨ ਉਸੇ ਕੜੀ ਦਾ ਹਿੱਸਾ ਹੈ ਅਤੇ ਮੋਗਾ ਤੋਂ ਧਰਮਕੋਟ ਤੱਕ ਪੁਲਸ ਨੇ ਵਿਸ਼ੇਸ਼ ਨਾਕੇ ਲਗਾ ਕੇ ਤਲਾਸ਼ੀ ਮੁਹਿੰਮ ਚਲਾਈ ਹੈ। ਉਨ੍ਹਾਂ ਦੱਸਿਆ ਕਿ ਇਕ ਵੱਡੇ ਨਸ਼ਾ ਤਸਕਰ ਦੇ ਘਰ ਦੀ ਵੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ, ਹਾਲਾਂਕਿ ਉਨ੍ਹਾਂ ਨੇ ਨਾਮ ਸਾਂਝਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਆਪਰੇਸ਼ਨ ਬਾਰੇ ਹੋਰ ਜਾਣਕਾਰੀ ਅਤੇ ਅਪਡੇਟ ਬਾਅਦ ਵਿਚ ਸਾਂਝੀ ਕੀਤੀ ਜਾਵੇਗੀ।

# ਗੋਨਿਆਣਾ ਮੰਡੀ ’ਚ 300 ਝੋਨੇ ਦੇ ਸ਼ੱਕੀ ਗੱਟੇ ਸੀਲ, ਮਾਰਕੀਟ ਕਮੇਟੀ ਵੱਲੋਂ ਵੱਡੀ ਕਾਰਵਾਈ

**ਕੌਮੀ ਪਤ੍ਰਿਕਾ**

ਗੋਨਿਆਣਾ ਮੰਡੀ 16 ਅਕਤੂਬਰ। ਗੋਨਿਆਣਾ ਮੰਡੀ ਦੀ ਵੱਡੀ ਨਵੀਂ ਅਨਾਜ ਮੰਡੀ ਅੱਜ ਉਸ ਸਮੇਂ ਚਰਚਾ ਦਾ ਕੇਂਦਰ ਬਣ ਗਈ ਜਦੋਂ ਮਾਰਕੀਟ ਕਮੇਟੀ ਦੇ ਕਰਮਚਾਰੀਆਂ ਨੇ ਤਕਰੀਬਨ 300 ਝੋਨੇ ਦੇ ਸ਼ੱਕੀ ਗੱਟਿਆਂ ਨੂੰ ਸੀਲ ਕਰ ਦਿੱਤਾ। ਇਹ ਸਾਰਾ ਮਾਮਲਾ ਉਸ ਵੇਲੇ ਸਾਹਮਣੇ ਆਇਆ ਜਦੋਂ ਮੰਡੀ ਵਿੱਚ ਪਏ ਇਹ ਗੱਟੇ ਕਿਸੇ ਵੀ ਆੜਤੀ ਜਾਂ ਖ਼ਰੀਦਦਾਰ ਵੱਲੋਂ ਆਪਣੇ ਨਾ ਦੱਸੇ ਗਏ। ਮਾਰਕੀਟ ਕਮੇਟੀ ਦੇ ਸੈਕਟਰੀ ਬਲਕੌਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਇਹ ਗੱਟੇ ਪੰਜਾਬ ਤੋਂ ਇਲਾਵਾ ਕਿਸੇ ਹੋਰ ਸੂਬੇ ਦੇ ਝੋਨੇ ਦੇ ਹੋ ਸਕਦੇ ਹਨ, ਜਿਸ ਨਾਲ ਸੂਬੇ ਦੀ ਸਰਕਾਰ ਅਤੇ ਸਥਾਨਕ ਸੈਲਰ ਮਾਲਕਾਂ ਨੂੰ ਆਰਥਿਕ ਨੁਕਸਾਨ ਪਹੁੰਚਣ ਦਾ ਖਤਰਾ ਸੀ। ਸੂਤਰਾਂ ਮੁਤਾਬਕ ਮੰਡੀ ਵਿੱਚ ਇਹ ਝੋਨੇ ਦੇ ਗੱਟੇ ਪਏ ਸਨ ਅਤੇ ਕਿਸੇ ਵੱਲੋਂ ਵੀ ਉਨ੍ਹਾਂ ਉੱਤੇ ਆਪਣਾ ਹੱਕ ਨਹੀਂ ਜਤਾਇਆ ਗਿਆ ਸੀ। ਮਾਰਕੀਟ ਕਮੇਟੀ ਦੇ ਕਰਮਚਾਰੀਆਂ ਨੇ ਜਦੋਂ ਇਸ ਸਬੰਧੀ ਪੁੱਛਗਿੱਛ ਕੀਤੀ ਤਾਂ ਕਿਸੇ ਆੜਤੀ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਇਹ ਗੱਟੇ ਉਸਦੇ ਹਨ। ਇਸ ਤੋਂ ਬਾਅਦ ਕਮੇਟੀ ਨੇ ਸਾਵਧਾਨੀ ਵਜੋਂ ਸਾਰੇ ਸ਼ੱਕੀ ਗੱਟੇ ਸੀਲ ਕਰ ਦਿੱਤੇ ਅਤੇ ਮੰਡੀ ਦੇ ਚੌਕੀਦਾਰ ਨੂੰ ਵਿਸ਼ੇਸ਼ ਡਿਊਟੀ ’ਤੇ ਤਾਇਨਾਤ ਕੀਤਾ ਗਿਆ ਤਾਂ ਜੋ ਕੋਈ ਵੀ ਵਿਅਕਤੀ ਰਾਤ ਦੌਰਾਨ ਇਨ੍ਹਾਂ ਨਾਲ ਛੇੜਛਾੜ ਨਾ ਕਰ ਸਕੇ। ਸੈਕਟਰੀ ਬਲਕੌਰ ਸਿੰਘ ਨੇ ਹੋਰ ਦੱਸਿਆ ਕਿ ਕੱਲ੍ਹ ਸਵੇਰੇ ਫੂਡ ਡਿਪਾਰਟਮੈਂਟ ਦੀ ਟੀਮ ਨੂੰ ਬੁਲਾਇਆ ਜਾਵੇਗਾ, ਜੋ ਇਨ੍ਹਾਂ ਗੱਟਿਆਂ ਦੀ ਤਫ਼ਤੀਸ਼ ਕਰੇਗੀ ਅਤੇ ਸੈਂਪਲ ਲੈ ਕੇ ਜਾਂਚ ਕਰੇਗੀ ਕਿ ਕੀ ਇਹ ਗੱਟੇ ਸੱਚਮੁੱਚ ਪੰਜਾਬ ਦੇ ਕਿਸਾਨਾਂ ਦੇ ਹਨ ਜਾਂ ਕਿਸੇ ਹੋਰ ਸੂਬੇ ਤੋਂ



DEmo Pic

ਤਸਕਰੀ ਕਰਕੇ ਲਿਆਂਦੇ ਗਏ ਹਨ। ਜੇ ਜਾਂਚ ਦੌਰਾਨ ਇਹ ਸਾਬਤ ਹੋ ਗਿਆ ਕਿ ਇਹ ਗੱਟੇ ਕਿਸੇ ਹੋਰ ਸੂਬੇ ਦੇ ਹਨ ਤਾਂ ਦੋਸ਼ੀਆਂ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਬਲਕੌਰ ਸਿੰਘ ਨੇ ਇਹ ਵੀ ਕਿਹਾ ਕਿ ਕੁਝ ਵਿਅਕਤੀ ਆਪਣੇ ਲਾਭ ਅਤੇ ਲਾਲਚ ਦੇ ਚਲਦੇ ਹੋਏ ਬਾਹਰਲੀਆਂ ਸਟੇਟਾਂ ਜਿਵੇਂ ਹਰਿਆਣਾ, ਰਾਜਸਥਾਨ ,ਯੂਪੀ ਜਾਂ ਬਿਹਾਰ ਤੋਂ ਮਾਲ ਲਿਆ ਕੇ ਗੋਨਿਆਣਾ ਮੰਡੀ ਦੇ ਸੈਂਟਰਾਂ ’ਚ ਵੇਚਣ ਦੀ ਕੋਸ਼ਿਸ਼ ਕਰਦੇ ਹਨ। ਇਸ ਨਾਲ ਨਾ ਸਿਰਫ਼ ਪੰਜਾਬ ਸਰਕਾਰ ਨੂੰ ਵੱਡਾ ਨੁਕਸਾਨ ਹੁੰਦਾ ਹੈ, ਸਗੋਂ ਸਥਾਨਕ ਆੜਤੀਆਂ ਅਤੇ ਸ਼ੈਲਰ ਮਾਲਕਾਂ ਦੀ ਮਿਹਨਤ ਵੀ ਬੇਕਾਰ ਜਾਂਦੀ ਹੈ। ਇਹ ਪ੍ਰਕਿਰਿਆ ਨਾਂ ਕਾਨੂੰਨੀ ਤੌਰ ‘ਤੇ ਠੀਕ ਹੈ ਤੇ ਨਾਂ ਹੀ ਨੈਤਿਕ ਰੂਪ ਵਿੱਚ ਜਾਇਜ਼। ਉਨ੍ਹਾਂ ਕਿਹਾ ਕਿ ਮਾਰਕੀਟ ਕਮੇਟੀ ਕਿਸੇ ਵੀ ਹਾਲਤ ਵਿੱਚ ਗੈਰ-ਕਾਨੂੰਨੀ ਤੌਰ ’ਤੇ ਆਉਣ ਵਾਲੇ ਮਾਲ ਦੀ ਵਿਕਰੀ ਬਰਦਾਸ਼ਤ ਨਹੀਂ ਕਰੇਗੀ। ਹਰ ਗੱਟੇ ਦੀ ਪੜਤਾਲ ਕਰਵਾਈ ਜਾਵੇਗੀ ਅਤੇ ਜੇਕਰ ਕੋਈ ਵਿਅਕਤੀ ਜਾਂ ਆੜਤੀਆ ਇਸ ਘਪਲੇ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਖ਼?ਲਾਫ਼ ਨਾਂ ਸਿਰਫ਼ ਕਾਨੂੰਨੀ ਕਾਰਵਾਈ ਹੋਵੇਗੀ ਬਲਕਿ ਮੰਡੀ ਦੇ ਅੰਦਰ ਉਸ ਦੀ ਐਂਟਰੀ ਵੀ ਰੋਕੀ ਜਾ ਸਕਦੀ ਹੈ। ਇਸ ਘਟਨਾ ਤੋਂ ਬਾਅਦ ਮੰਡੀ ਵਿੱਚ ਤਣਾਅ ਅਤੇ ਚਰਚਾ ਦਾ ਮਾਹੌਲ ਹੈ। ਕੁਝ ਆੜਤੀਆਂ ਨੇ ਆਪਣੀ ਪਛਾਣ ਨਾ ਦਿੰਦਿਆਂ ਕਿਹਾ ਕਿ “ਅਜਿਹੇ ਗੱਟਿਆਂ ਕਾਰਨ ਸਾਡੇ ਵਰਗੇ ਇਮਾਨਦਾਰ ਵਪਾਰੀਆਂ ਦੀ ਸ਼ੋਹਰਤ ‘ਤੇ ਸਵਾਲ ਖੜੇ ਹੁੰਦੇ ਹਨ। ਜੇਕਰ ਕੋਈ ਬਾਹਰਲੇ ਸੂਬੇ ਤੋਂ ਸਸਤਾ ਮਾਲ ਲਿਆ ਕੇ ਇੱਥੇ ਵੇਚੇਗਾ ਤਾਂ ਸਾਨੂੰ ਨੁਕਸਾਨ ਹੋਵੇਗਾ, ਜੋ ਕਿਸੇ ਵੀ ਹਾਲਤ ਵਿੱਚ ਠੀਕ ਨਹੀਂ।”ਸਥਾਨਕ ਲੋਕਾਂ ਦਾ ਵੀ ਕਹਿਣਾ ਹੈ ਕਿ ਸਰਕਾਰ ਨੂੰ ਅਜਿਹੇ ਮਾਮਲਿਆਂ ਵਿੱਚ ਹੋਰ ਸਖ਼ਤੀ ਨਾਲ ਨਿਗਰਾਨੀ ਰੱਖਣੀ ਚਾਹੀਦੀ ਹੈ, ਕਿਉਂਕਿ ਅਕਸਰ ਅਨਾਜ ਮੰਡੀਆਂ ਵਿੱਚ ਹੋਰ ਸੂਬਿਆਂ ਦਾ ਮਾਲ ਪਹੁੰਚ ਜਾਂਦਾ ਹੈ ਜੋ ਪੰਜਾਬੀ ਕਿਸਾਨਾਂ ਦੇ ਹਿੱਤਾਂ ਲਈ ਨੁਕਸਾਨਦਾਇਕ ਸਾਬਤ ਹੁੰਦਾ ਹੈ। ਗੋਨਿਆਣਾ ਮੰਡੀ ਵਿੱਚ ਹੋਈ ਇਹ ਕਾਰਵਾਈ ਇੱਕ ਸਖ਼ਤ ਸੰਦੇਸ਼ ਦੇ ਤੌਰ ‘ਤੇ ਦੇਖੀ ਜਾ ਰਹੀ ਹੈ ਕਿ ਕਿਸੇ ਵੀ ਤਰ੍ਹਾਂ ਦੇ ਗੈਰ-ਕਾਨੂੰਨੀ ਵਪਾਰ ਜਾਂ ਮਾਲ ਦੀ ਤਸਕਰੀ ਨੂੰ ਹੁਣ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਸਵੇਰੇ ਫੂਡ ਡਿਪਾਰਟਮੈਂਟ ਦੀ ਜਾਂਚ ਤੋਂ ਬਾਅਦ ਹੀ ਇਹ ਸਾਫ਼ ਹੋਵੇਗਾ ਕਿ ਇਹ 300 ਗੱਟੇ ਸੱਚਮੁੱਚ ਕਿਸਾਨਾਂ ਦੀ ਮਿਹਨਤ ਦਾ ਹਿੱਸਾ ਹਨ ਜਾਂ ਕਿਸੇ ਵੱਡੇ ਘਪਲੇ ਦਾ ਹਿੱਸਾ ਹਨ।

# ਤਿਉਹਾਰਾਂ ਵਿਚਾਲੇ ਫੂਡ ਸੇਫਟੀ ਟੀਮ ਦੀ ਚੈਕਿੰਗ, ਜਾਂਚ ਲਈ ਭੇਜੇ 19 ਸੈਂਪਲ

**ਕੌਮੀ ਪਤ੍ਰਿਕਾ**

ਲੁਧਿਆਣਾ 16 ਅਕਤੂਬਰ। ਸਿਵਲ ਸਰਜਨ ਡਾ. ਰਮਨਦੀਪ ਕੌਰ ਦੇ ਨਿਰਦੇਸ਼ਾਂ ਹੇਠ, ਫੂਡ ਸੇਫਟੀ ਟੀਮ, ਲੁਧਿਆਣਾ ਨੇ ਜ਼ਿਲ੍ਹੇ ਦੇ ਵੱਖ-ਵੱਖ ਖੇਤਰਾਂ, ਜਿਨ੍ਹਾਂ ’ਚ ਦੋਰਾਹਾ, ਪਾਇਲ, ਖੰਨਾ, ਸਮਰਾਲਾ, ਮਾਛੀਵਾੜਾ ਅਤੇ ਸੁਭਾਸ਼ ਨਗਰ, ਲੁਧਿਆਣਾ ਸ਼ਾਮਲ ਹਨ, ’ਚ ਇੱਕ ਵਿਆਪਕ ਨਿਰੀਖਣ ਮੁਹਿੰਮ ਚਲਾਈ। ਸੈਂਪਲ ਲੈਣ ਦੌਰਾਨ, ਆਲੇ ਦੁਆਲੇ ਦੇ ਖੇਤਰਾਂ ’ਚ ਫੂਡ ਬਿਜ਼ਨਸ ਕਰਨ ਵਾਲੇ ਘਬਰਾਹਟ ’ਚ ਸਨ। ਨਿਰੀਖਣ ਦੌਰਾਨ, ਟੀਮ ਨੇ ਸਫਾਈ ਅਤੇ ਗੁਣਵੱਤਾ ਦੇ ਮਿਆਰਾਂ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਮਿਠਾਈਆਂ ਦੀਆਂ ਦੁਕਾਨਾਂ, ਡੇਅਰੀ ਉਤਪਾਦ ਵਿਕਰੇਤਾਵਾਂ ਅਤੇ ਹੋਰ ਭੋਜਨ ਕਾਰੋਬਾਰੀ ਅਦਾਰਿਆਂ ਦੀ ਚੰਗੀ ਤਰ੍ਹਾਂ ਜਾਂਚ ਕੀਤੀ। ਕੁੱਲ 19 ਫੂਡ ਸੈਂਪਲ ਇਕੱਠੇ ਕੀਤੇ ਗਏ, ਜਿਨ੍ਹਾਂ ’ਚ ਕਾਜੂ ਕਤਲੀ, ਪਨੀਰ, ਖੋਆ, ਦਹੀਂ, ਘਿਓ, ਚਮਚਮ, ਵਰਤਿਆ ਹੋਇਆ ਖਾਣਾ ਪਕਾਉਣ ਵਾਲਾ ਤੇਲ, ਜੈਮ ਰੋਲ, ਬਰਫੀ, ਬੇਸਨ ਦੇ ਲੱਡੂ, ਖੋਆ ਬਰਫੀ ਅਤੇ ਮਿਲਕ ਕੇਕ ਸ਼ਾਮਲ ਹਨ। ਸਿਵਲ ਸਰਜਨ ਡਾ.



ਰਮਨਦੀਪ ਕੌਰ ਨੇ ਦੱਸਿਆ ਕਿ ਨਿਰੀਖਣ ਦੌਰਾਨ ਇਕ ਜਗ?ਹਾ ’ਤੇ ਸਫਾਈ ਦੀ ਘਾਟ ਪਾਏ ਜਾਣ ਤੋਂ ਬਾਅਦ ਮੌਕੇ ’ਤੇ ਚਲਾਨ ਜਾਰੀ ਕੀਤਾ ਗਿਆ। ਸਾਰੇ ਨਮੂਨੇ ਵਿਸਤ੍ਰਿਤ ਜਾਂਚ ਲਈ ਸਟੇਟ ਫੂਡ ਲੈਬਾਰਟਰੀ ਨੂੰ ਭੇਜ ਦਿੱਤੇ ਗਏ ਹਨ, ਅਤੇ ਰਿਪੋਰਟ ਆਉਣ ਤੋਂ ਬਾਅਦ ਨਤੀਜਿਆਂ ਦੇ ਆਧਾਰ ’ਤੇ ਢੁਕਵੀਂ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਲੁਧਿਆਣਾ ਦੇ ਨਾਗਰਿਕਾਂ ਨੂੰ ਸੁਰੱਖਿਅਤ, ਸਾਫ਼-ਸੁਥਰਾ ਅਤੇ ਉੱਚ-ਗੁਣਵੱਤਾ ਵਾਲਾ ਭੋਜਨ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਭੋਜਨ ਦੀ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਅਤੇ ਵਿਭਾਗ ਤਿਉਹਾਰਾਂ ਦੇ ਸੀਜ਼ਨ ਦੌਰਾਨ ਮਿਲਾਵਟ ਨੂੰ ਰੋਕਣ ਅਤੇ ਖਪਤਕਾਰਾਂ ਲਈ ਸੁਰੱਖਿਅਤ ਭੋਜਨ ਯਕੀਨੀ ਬਣਾਉਣ ਲਈ ਨਿਰੰਤਰ ਨਿਗਰਾਨੀ ਕਰਦਾ ਰਹੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਨਾ ਸਿਰਫ਼ ਮਿਲਾਵਟਖੋਰੀ ’ਤੇ ਰੋਕ ਲੱਗੇਗੀ ਬਲਕਿ ਸੁਰੱਖਿਅਤ ਅਤੇ ਸਿਹਤਮੰਦ ਭੋਜਨ ਬਾਰੇ ਜਨਤਕ ਜਾਗਰੂਕਤਾ ਵੀ ਵਧੇਗੀ।

## ਝੋਨੇ ਦੀ ਵਾਢੀ ਦਾ ਸਮਾਂ ਨਿਧਾਰਿਤ, ਨਿਯਮ ਤੋੜਨ ਵਾਲਿਆਂ ਖਿਲਾਫ਼ ਹੋਵੇਗੀ ਕਾਰਵਾਈ

ਗੁਰਦਾਸਪੁਰ 16 ਅਕਤੂਬਰ। ਮੰਡੀਆਂ ’ਚ ਆ ਰਹੇ ਗਿੱਲੇ ਝੋਨੇ ਕਾਰਨ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਲਾਂ ਨੂੰ ਦੇਖਦਿਆਂ ਅੱਜ ਜ਼ਿਲਾ ਮੈਜਿਸਟ?ਰੇਟ-ਕਮ-ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਝੋਨੇ ਦੀ ਕਟਾਈ ਕੰਬਾਈਨ ਮਸ਼ੀਨ ਨਾਲ ਸਿਰਫ਼ ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਹੀ ਕੀਤੀ ਜਾਵੇ। ਪ੍ਰਸ਼ਾਸਨ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਜੇਕਰ ਕੋਈ ਕਿਸਾਨ ਨਿਰਧਾਰਿਤ ਸਮੇਂ ਤੋਂ ਇਲਾਵਾ ਰਾਤ ਦੇ ਸਮੇਂ ਕੰਬਾਈਨ ਨਾਲ ਝੋਨੇ ਦੀ ਕਟਾਈ ਕਰਦਾ ਪਾਇਆ ਗਿਆ ਤਾਂ ਉਸਦੇ ਖ਼?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਜ਼ਿਲੇ ਦੇ ਕਿਸਾਨਾਂ ਅਤੇ ਕੰਬਾਈਨ ਆਪ੍ਰੇਟਰਾਂ ਨੂੰ ਸਖ਼ਤ ਨਿਰਦੇਸ਼ ਜਾਰੀ ਕਰਦਿਆਂ ਕਿਹਾ ਕਿ ਝੋਨੇ ਦੀ ਕਟਾਈ ਸਿਰਫ਼ ਤਹਿ ਸਮੇਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਦੋਂ ਧਾਨ ਦੀ ਫ਼ਸਲ ਪੂਰੀ ਤਰ੍ਹਾਂ ਪੱਕੀ ਹੋਵੇ ਅਤੇ ਉਸ ਸਮੇਂ ਕਟਾਈ ਕੀਤੀ ਜਾਵੇ, ਤਾਂ ਧਾਨ ਵਿੱਚ ਨਮੀ ਦੀ ਮਾਤਰਾ ਸੰਤੁਲਿਤ ਰਹਿੰਦੀ ਹੈ, ਜਿਸ ਨਾਲ ਕਿਸਾਨਾਂ ਨੂੰ ਮੰਡੀਆਂ ਵਿੱਚ ਆਪਣੀ ਫ਼ਸਲ ਦਾ ਪੂਰਾ ਮੁੱਲ ਮਿਲ ਸਕਦਾ ਹੈ। ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਨੇ ਇਸ ਸਾਲ ਝੋਨੇ ਦੀ ਫ਼ਸਲ ਦਾ ਨਿਊਨਤਮ ਸਮਰਥਨ ਮੁੱਲ 2389 ਪ੍ਰਤੀ ਕੁਇੰਟਲ ਨਿਰਧਾਰਤ ਕੀਤਾ ਹੈ। ਇਸ ਲਈ ਜੇਕਰ ਕਿਸਾਨ ਸੁੱਕਾ ਧਾਨ ਮੰਡੀ ’ਚ ਲਿਆਉਂਦੇ ਹਨ, ਤਾਂ ਉਨ੍ਹਾਂ ਨੂੰ ਆਪਣੀ ਫ਼ਸਲ ਦਾ ਪੂਰਾ ਮੁੱਲ ਪ੍ਰਾਪਤ ਹੋਵੇਗਾ। ਡਿਪਟੀ ਕਮਿਸ਼ਨਰ ਨੇ ਜ਼ਿਲਾ ਖੇਤੀਬਾੜੀ ਅਧਿਕਾਰੀ ਨੂੰ ਹੁਕਮ ਦਿੱਤਾ ਕਿ ਪਿੰਡਾਂ ’ਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾ ਕੇ ਕਿਸਾਨਾਂ ਨੂੰ ਸੁੱਕੀ ਫ਼ਸਲ ਹੀ ਮੰਡੀ ’ਚ ਲਿਆਉਣ ਲਈ ਪ੍ਰੇਰਿਤ ਕੀਤਾ ਜਾਵੇ। ਉਨ੍ਹਾਂ ਕੰਬਾਈਨ ਆਪ੍ਰੇਟਰਾਂ ਨੂੰ ਵੀ ਕਿਹਾ ਕਿ ਝੋਨੇ ਦੀ ਕਟਾਈ ਸਿਰਫ਼ ਨਿਰਧਾਰਤ ਸਮੇਂ ਸਵੇਰੇ 10 ਵਜੇ ਤੋਂ ਸ਼ਾਮ 6 ਵਜੇ ਤੱਕ ਹੀ ਕਰਨ, ਨਾਲ ਹੀ ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਪੱਕੀ ਹੋਈ ਫ਼ਸਲ ਦੀ ਕਟਾਈ ਸਿਰਫ਼ ਦਿਨ ਦੇ ਸਮੇਂ ਹੀ ਕਰਵਾਉਣ, ਤਾਂ ਜੋ ਫ਼ਸਲ ਦੀ ਗੁਣਵੱਤਾ ਬਣੀ ਰਹੇ ਅਤੇ ਵਾਤਾਵਰਣ ਉੱਤੇ ਵੀ ਕੋਈ ਨਕਾਰਾਤਮਕ ਅਸਰ ਨਾ ਪਵੇ।

# 9 ਵਾਰਡਾਂ ਦੀ ਮੇਨਟੀਨੈਂਸ ਦਾ ਕੰਮ ਲੈਣ ਵਾਲੇ ਠੇਕੇਦਾਰ ਚਮਨ ਲਾਲ ਰਤਨ ਨੂੰ ਨਗਰ ਨਿਗਮ ਨੇ ਕੀਤਾ ਬਲੈਕਲਿਸਟ

**ਕੌਮੀ ਪਤ੍ਰਿਕਾ**

ਜਲੰਧਰ 16 ਅਕਤੂਬਰ। ਨਗਰ ਨਿਗਮ ਪ੍ਰਸ਼ਾਸਨ ਨੇ ਬੀਤੇ ਦਿਨ ਓ. ਐਂਡ ਐੱਮ. (ਆਪ੍ਰੇਸ਼ਨ ਐਂਡ ਮੇਨਟੀਨੈਂਸ) ਸੈੱਲ ਤਹਿਤ ਮੇਨਟੀਨੈਂਸ ਦਾ ਕੰਮ ਲੈਣ ਵਾਲੇ ਠੇਕੇਦਾਰ ਚਮਨ ਲਾਲ ਰਤਨ ਨੂੰ ਬਲੈਕਲਿਸਟ ਐਲਾਨਿਆ ਹੈ। ਨਗਰ ਨਿਗਮ ਕਮਿਸ਼ਨਰ ਵੱਲੋਂ ਜਾਰੀ ਹੁਕਮਾਂ ਵਿਚ ਸਪੱਸ਼ਟ ਕੀਤਾ ਗਿਆ ਹੈ ਕਿ ਇਹ ਠੇਕੇਦਾਰ ਹੁਣ ਅਗਲੇ 5 ਸਾਲਾਂ ਤਕ ਨਿਗਮ ਨਾਲ ਸਬੰਧਤ ਕਿਸੇ ਵੀ ਟੈਂਡਰ ਪ੍ਰਕਿਰਿਆ ਜਾਂ ਬੋਲੀ ਵਿਚ ਹਿੱਸਾ ਨਹੀਂ ਲੈ ਸਕੇਗਾ। ਜ਼ਿਕਰਯੋਗ ਹੈ ਕਿ ਉਕਤ ਠੇਕੇਦਾਰ ਨੇ ਅਪ੍ਰੈਲ ਮਹੀਨੇ ਵਿਚ 9 ਵਾਰਡਾਂ ਦੀ ਮੇਨਟੀਨੈਂਸ ਦਾ ਕੰਮ ਲਿਆ ਸੀ ਪਰ ਨਿਗਮ ਅਧਿਕਾਰੀਆਂ ਅਤੇ ਕੌਂਸਲਰਾਂ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਏਜੰਸੀ ਵੱਲੋਂ ਮੌਕੇ ’ਤੇ ਕੰਮ ਨਹੀਂ ਕਰਵਾਇਆ ਜਾ ਰਿਹਾ ਸੀ। ਠੇਕੇਦਾਰ ਦੀ ਲਾਪ੍ਰਵਾਹੀ ਅਤੇ ਘਟੀਆ ਕਾਰਜਸ਼ੈਲੀ ਨੂੰ ਦੇਖਦੇ ਹੋਏ ਨਿਗਮ ਪ੍ਰਸ਼ਾਸਨ ਨੇ ਕਈ ਵਾਰ ਉਸ ਨੂੰ ਨੋਟਿਸ ਵੀ ਜਾਰੀ ਕੀਤੇ ਪਰ ਉਸ ਨੇ ਕੋਈ ਸੁਧਾਰ ਨਹੀਂ ਕੀਤਾ। ਇਸ ਦੇ ਬਾਅਦ ਅੱਜ ਨਿਗਮ ਪ੍ਰਸ਼ਾਸਨ ਨੇ ਸਖ਼ਤੀ ਦਿਖਾਉਂਦੇ ਹੋਏ ਉਸ ਨੂੰ ਬਲੈਕਲਿਸਟ ਕਰ ਦਿੱਤਾ ਅਤੇ ਜਾਰੀ ਵਰਕ ਆਰਡਰ ਨੂੰ ਵੀ ਤੁਰੰਤ ਪ੍ਰਭਾਵ ਨਾਲ ਰੱਦ ਕਰ ਦਿੱਤਾ ਹੈ। ਕਰੋੜਾਂ ਦੇ ਟੈਂਡਰਾਂ ’ਚ ਫਿਕਸਿੰਗ ਕਰਨ ਵਾਲੇ ਠੇਕੇਦਾਰਾਂ ’ਤੇ ਕੋਈ ਐਕਸ਼ਨ ਨਹੀਂ ਨਗਰ ਨਿਗਮ ਪ੍ਰਸ਼ਾਸਨ ਨੇ ਜਿਥੇ ਇਕ ਪਾਸੇ ਕੰਮ ਵਿਚ ਲਾਪ੍ਰਵਾਹੀ ਵਰਤਣ ਦੇ ਦੋਸ਼ ਵਿਚ ਠੇਕੇਦਾਰ ਚਮਨ ਲਾਲ ਰਤਨ ਨੂੰ ਬਲੈਕਲਿਸਟ ਕਰ ਦਿੱਤਾ ਹੈ, ਉਥੇ ਹੀ ਉਨ੍ਹਾਂ ਠੇਕੇਦਾਰਾਂ ’ਤੇ ਹੁਣ ਤਕ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਨ੍ਹਾਂ ਨੇ ਬੀਤੇ ਦਿਨੀਂ ਵੈਸਟ ਵਿਧਾਨ ਸਭਾ ਹਲਕੇ ਵਿਚ ਕਰੋੜਾਂ ਦੇ ਟੈਂਡਰਾਂ ਵਿਚ ਫਿਕਸਿੰਗ ਅਤੇ ਪੂਲਿੰਗ ਕੀਤੀ ਸੀ। ਜਾਣਕਾਰੀ ਅਨੁਸਾਰ ਇਨ੍ਹਾਂ ਟੈਂਡਰਾਂ ਵਿਚ ਗੜਬੜੀ ਕਰਕੇ ਠੇਕੇਦਾਰਾਂ ਨੇ ਨਿਗਮ ਦੇ ਮਾਲੀਏ ਨੂੰ ਲੱਖਾਂ ਰੁਪਏ ਦਾ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕੀਤੀ ਸੀ। ਦੱ?ਸਆ ਜਾਂਦਾ ਹੈ ਕਿ ਕੁਝ ਨਿਗਮ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਠੇਕੇਦਾਰਾਂ ਨੇ





ਇਹ ਟੈਂਡਰ ਸਿਰਫ 1-2 ਫੀਸਦੀ ਲੈੱਸ ’ਤੇ ਭਰੇ ਸਨ, ਜਦੋਂ ਕਿ ਸਾਧਾਰਨ ਹਾਲਾਤ ਵਿਚ ਅਜਿਹੇ ਕੰਮਾਂ ਦੇ ਟੈਂਡਰ 40 ਫੀਸਦੀ ਤਕ ਲੈੱਸ ’ਤੇ ਭਰੇ ਜਾਂਦੇ ਹਨ। ਮੇਅਰ ਅਤੇ ਸੀਨੀਅਰ ਡਿਪਟੀ ਮੇਅਰ ਵੱਲੋਂ ਕੀਤੀ ਗਈ ਜਾਂਚ ਵਿਚ ਇਹ ਖੁਲਾਸਾ ਹੋਇਆ ਸੀ ਕਿ ਸੀ. ਸੀ. ਫਲੋਰਿੰਗ ਅਤੇ ਇੰਟਰਲਾਕਿੰਗ ਟਾਈਲਾਂ ਨਾਲ ਸਬੰਧਤ ਜਿਹੜੇ ਕੰਮਾਂ ਵਿਚ ਭਾਰੀ ਕੰਪੀਟੀਸ਼ਨ ਦੀ ਉਮੀਦ ਸੀ, ਉਹ ਟੈਂਡਰ ਠੇਕੇਦਾਰਾਂ ਦੀ ਆਪਸੀ ਗੰਢ-ਸੰਢ ਕਾਰਨ ਸਿਰਫ 1-2 ਫੀਸਦੀ ਲੈੱਸ ’ਤੇ ਭਰੇ ਗਏ। ’ਪੰਜਾਬ ਕੇਸਰੀ’ ਵੱਲੋਂ ਇਸ ਮਾਮਲੇ ਦਾ ਖ਼ੁਲਾਸਾ ਕੀਤੇ ਜਾਣ ਤੋਂ ਬਾਅਦ ਨਿਗਮ ਪ੍ਰਸ਼ਾਸਨ ਨੇ ਤੁਰੰਤ ਪ੍ਰਭਾਵ ਨਾਲ ਪੂਲਿੰਗ ਅਤੇ ਫਿਕਸਿੰਗ ਵਾਲੇ ਸਾਰੇ 44 ਟੈਂਡਰ ਰੱਦ ਕਰ ਦਿੱਤੇ ਸਨ ਅਤੇ ਉਨ੍ਹਾਂ ਨੂੰ ਦੋਬਾਰਾ ਲਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ, ਜਿਸ ਦੀ ਓਪਨਿੰਗ ਇਨ੍ਹੀਂ ਦਿਨੀਂ ਕੀਤੀ ਜਾ ਰਹੀ ਹੈ। ਨਿਗਮ ਵਿਚ ਇਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ ਕਿ ਜਦੋਂ ਪ੍ਰਸ਼ਾਸਨ ਇਕ ਠੇਕੇਦਾਰ ’ਤੇ ਬਲੈਕਲਿਸਟ ਵਰਗੀ ਸਖ਼ਤ ਕਾਰਵਾਈ ਕਰ ਸਕਦਾ ਹੈ ਤਾਂ ਫਿਰ ਕਰੋੜਾਂ ਦੇ ਟੈਂਡਰਾਂ ਵਿਚ ਫਿਕਸਿੰਗ ਕਰਨ ਵਾਲੇ ਠੇਕੇਦਾਰਾਂ ਖ਼?ਲਾਫ਼ ਹੁਣ ਤਕ ਕੋਈ ਠੋਸ ਕਦਮ ਕਿਉਂ ਨਹੀਂ ਚੁੱਕਿਆ ਗਿਆ, ਹਾਲਾਂਕਿ ਸੂਤਰਾਂ ਦਾ ਕਹਿਣਾ ਹੈ ਕਿ ਫਿਲਹਾਲ ਇਨ੍ਹਾਂ ਠੇਕੇਦਾਰਾਂ ਦੀ ਅਰਨੈਸਟ ਮਨੀ ਰੋਕ ਲਈ ਗਈ ਹੈ ਤਾਂ ਕਿ ਆਗਾਮੀ ਜਾਂਚ ਦੌਰਾਨ ਨਿਗਮ ਅਧਿਕਾਰੀ ਆਪਣੀ ਸਥਿਤੀ ਸਪੱਸ਼ਟ ਕਰ ਸਕਣ। ਸ਼ਹਿਰ ਦੇ ਜਾਗਰੂਕ ਨਾਗਰਿਕਾਂ ਅਤੇ ਜਨ-ਪ੍ਰਤੀਨਿਧੀਆਂ ਦੀ ਮੰਗ ਹੈ ਕਿ ਨਗਰ ਨਿਗਮ ਪ੍ਰਸ਼ਾਸਨ ਫਿਕਸਿੰਗ ਅਤੇ ਪੂਲਿੰਗ ਵਿਚ ਸ਼ਾਮਲ ਠੇਕੇਦਾਰਾਂ ’ਤੇ ਵੀ ਜਲਦ ਸਖ਼ਤ ਕਾਰਵਾਈ ਕਰੇ, ਨਹੀਂ ਤਾਂ ਆਉਣ ਵਾਲੇ ਸਮੇਂ ਵਿਚ ਨਿਗਮ ਦੇ ਮਾਲੀਏ ਨੂੰ ਨੁਕਸਾਨ ਪਹੁੰਚਾਉਣ ਦਾ ਇਹ ਸਿਲਸਿਲਾ ਇੰਝ ਹੀ ਚੱਲਦਾ ਰਹੇਗਾ।